


These Books are printed and distributed free of cost by the :

WILLIAM BRANHAM GOOD NEWS SOCIETY
Glady's Dauch Memorial Building
PB. No. 5304
No. 13, Subbarayan Nagar I Street,
Kodambakkam, Chennai - 600 024. S.INDIA.
Phone : 2473 0634
Visit us at www.wbgns.org

**PUNJABI**

# The Spoken Word

By

**WILLIAM MARRION BRANHAM**

# ਪਹਿਲੀ ਮੋਹਰ

## THE FIRST SEAL

18 ਮਾਰਚ 1963

ਜੈਫਰਸਨਵਿਲੇ, ਇੰਡਿਆਨਾ, ਯੂ. ਐਸ. ਏ

ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ

# ਪਹਿਲੀ ਮੋਹਰ
# THE FIRST SEAL

**WILLIAM MARRION BRANHAM**

These books are printed & distributed free of cost by the :


**WILLIAM BRANHAM GOOD NEWS SOCIETY**
Glady's Dauch Memorial Building,
Post Box No. 5304
No. 13, Dr. Subbarayan Nagar I Street,
Kodambakkam, Chennai - 600 024, South India.
Phone : 044-2473 0634
Web : www.wbgns.org

402 ਅਤੇ ਜਿਸ ਵੇਲੇ ਸ਼ੈਤਾਨ ਨੂੰ ਸਵਰਗ ਤੋਂ ਥੱਲੇ ਸੁੱਟ ਦਿੱਤਾ ਜਾਂਦਾ ਹੈ ਉਹ ਇੱਕ ਆਦਮੀ ਵਿੱਚ ਦੇਹਧਾਰੀ ਹੋ ਜਾਂਦਾ ਹੈ, ਅਤੇ ਤਦ ਪਵਿੱਤਰ ਆਤਮਾ ਉੱਪਰ ਜਾਂਦਾ ਹੈ ਅਤੇ ਵਾਪਿਸ ਆ ਕੇ ਥੱਲੇ ਮਨੁੱਖਾਂ ਵਿੱਚ ਦੇਹ ਧਾਰਦਾ ਹੈ । ਆਮੀਨ।ਹੇ ਮੇਰੇ ਖੁਦਾ ! ਕਿਹੜਾ ਸਮਾਂ ਹੈ !

ਜੇ ਪ੍ਰਮੇਸ਼ੁਰ ਦੀ ਮਰਜ਼ੀ ਹੋਈ ਤਾਂ ਕੱਲ੍ਹ ਰਾਤ ਦੂਸਰੀ ਮੋਹਰ ।

403 ਕੀ ਤੁਸੀਂ ਉਸਦੇ ਨਾਲ ਪਿਆਰ ਕਰਦੇ ਹੋ? [ਸੰਗਤ ਆਖਦੀ ਹੈ, "ਆਮੀਨ।" ਭਾਈ ਬ੍ਰਾਨਹਾਮ ਰੁਕਦੇ ਹਨ-ਸੰਪਾ] ਹੁਣ, ਤੁਸੀਂ ਇਸਦਾ ਵਿਸ਼ਵਾਸ਼ ਕਰਦੇ ਹੋ? ["ਆਮੀਨ।"]

404 ਹੁਣ ਮੈਂ ਬਸ ਟੇਪ ਨੂੰ ਬੰਦ ਕਰ ਦਿੱਤਾ ਹੈ।ਹੁਣ ਮੈਂ ਉਸ ਤੋਂ ਸੁਣਨ ਜਾ ਰਿਹਾ ਹਾਂ।ਤੁਸੀਂ ਉਸਨੂੰ ਜਾਣਦੇ ਹੋ, ਵੇਖੋ।ਪਰ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀਂ ਉਹ ਨੂੰ ਜਾਣਦੇ ਹੋ।

405 ਭਾਈਓ ਮੈਂ ਤੁਹਾਨੂੰ ਦੱਸਦਾ ਹਾਂ। ਮੈਂ ਆਪਣੇ ਜੀਵਨ ਵਿੱਚ ਪਹਿਲੀ ਵਾਰ ਜਾਣਿਆ ਹੈ ਕਿ ਕਿਉਂ ਉਸ ਆਤਮਾ ਨੇ ਮੈਨੂੰ ਸਦਾ ਹੀ ਉਨ੍ਹਾਂ ਮਿਸ਼ਨਾਂ ਦੇ ਵਿਰੁੱਧ ਚੇਤਾਵਨੀ ਦਿੱਤੀ ਹੈ। ਮੈਂ ਪ੍ਰਭੂ ਪ੍ਰਮੇਸ਼ੁਰ ਦਾ ਇਨ੍ਹਾਂ ਚੀਜ਼ਾਂ ਨੂੰ ਵਿਖਾਉਣ ਲਈ ਧੰਨਵਾਦ ਕਰਦਾ ਹਾਂ। ਮੈਂ ਜਾਣਦਾ ਹਾਂ ਇਹ ਸੱਚਾਈ ਹੈ। ਇਹ ਮੋਹਰ ਠੀਕ ਹੁਣੇ ਹੀ ਉੱਥੇ ਪ੍ਰਗਟ ਹੋਈ ਹੈ। ਉੱਥੇ ਉਹ ਸਵਾਰ ਉਸ ਯੁੱਗ ਦੇ ਦੌਰਾਨ ਦੌੜਦਾ ਹੋਇਆ ਆਇਆ ਹੈ ਅਤੇ ਉਹ ਠੀਕ ਇੱਥੇ ਆ ਕੇ ਆਪਣੇ ਆਪ ਨੂੰ ਜਿੰਨੀ ਸਿੱਧਤਾ ਵਿੱਚ ਪ੍ਰਗਟ ਕਰ ਸੱਕਦਾ ਸੀ ਓਨੀ ਹੀ ਸਿੱਧਤਾ ਨਾਲ ਪ੍ਰਗਟ ਕਰਦਾ ਹੈ। ਵੇਖੋ, ਇਹ ਓਹ ਹੀ ਘੋੜਸਵਾਰ ਹੈ। ਹੁਣ ਅਸੀਂ ਉਹਦੇ ਬਾਰੇ ਵਿੱਚ ਧੋਖਾ ਨਹੀਂ ਖਾਧਾ ਹੈ।ਹੁਣ ਅਸੀਂ ਆਪਣੀਆਂ ਅੱਖਾਂ ਨੂੰ ਖੋਲ੍ਹ ਕੇ ਰੱਖੀਏ। ਉਸ ਤਰ੍ਹਾਂ ਦੀ ਮੂਰਖਤਾ ਤੋਂ ਦੂਰ ਰਹੀਏ। ਅਤੇ ਆਪਣੇ ਪੂਰੇ ਦਿਲ ਨਾਲ ਪ੍ਰਭੂ ਨੂੰ ਪਿਆਰ ਕਰੋ ਅਤੇ ਉਸਦੇ ਨਾਲ ਟਿਕੇ ਰਹੋ। ਹਾਂ ਜੀ, ਸ਼੍ਰੀਮਾਨ। ਬਾਬੁਲ ਵਿੱਚੋਂ ਬਾਹਰ ਨਿੱਕਲ ਆਓ !

# ਪਹਿਲੀ ਮੋਹਰ
# THE FIRST SEAL

ਆਓ ਹੁਣ ਅਸੀਂ ਅਪਣੇ ਸਿਰਾਂ ਨੂੰ ਪ੍ਰਾਰਥਨਾ ਵਿੱਚ ਝੁਕਾਈਏ। ਸਾਡੇ ਸਵਰਗੀ ਪਿਤਾ, ਅੱਜ ਰਾਤ ਅਸੀਂ ਇੱਕ ਹੋਰ ਮੌਕੇ ਲਈ ਤੇਰਾ ਧੰਨਵਾਦ ਕਰਦੇ ਹਾਂ ਜੋ ਤੂੰ ਸਾਨੂੰ ਆਪਣੀ ਅਰਾਧਨਾ ਲਈ ਬਖਸ਼ਿਆ ਹੈ। ਅਸੀਂ ਤੇਰੇ ਧੰਨਵਾਦੀ ਹਾਂ ਕਿ ਅਸੀਂ ਜੀਉਂਦੇ ਹਾਂ ਅਤੇ ਇਸ ਸਦੀਪਕ ਜੀਉਣ ਦੇ ਪ੍ਰਕਾਸ਼ ਦੇ ਲਈ ਵੀ ਜੋ ਸਾਡੇ ਅੰਦਰ ਵਾਸ ਕਰਦਾ ਹੈ। ਅਤੇ ਪਿਤਾ ਅੱਜ ਰਾਤ ਅਸੀਂ ਸਾਰੇ ਇੱਕਠੇ ਹੋ ਕੇ ਤੇਰੇ ਵਚਨ ਦਾ ਅਧਿਐਨ ਕਰਨ ਲਈ ਆਏ ਹਾਂ, ਇਹਨਾਂ ਮਹਾਨ ਗੁਪਤ ਭੇਤਾਂ ਦਾ ਜਿਹੜੇ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਲੁਕੇ ਹੋਏ ਸਨ। ਅਤੇ ਲੇਲਾ ਹੀ ਸਿਰਫ ਇੱਕ ਹੈ ਜੋ ਇਹਨਾਂ ਭੇਤਾਂ ਨੂੰ ਸਾਡੇ ਉੱਤੇ ਪ੍ਰਗਟ ਕਰ ਸੱਕਦਾ ਹੈ। ਮੈਂ ਦੁਆ ਕਰਦਾ ਹਾਂ ਕਿ ਉਹ ਅੱਜ ਰਾਤ ਸਾਡੇ ਵਿੱਚ ਆਏ, ਅਤੇ ਆਪਣਾ ਵਚਨ ਲੈ ਕੇ ਉਸਨੂੰ ਸਾਡੇ ਉੱਤੇ ਪ੍ਰਗਟ ਕਰੇ, ਤਾਂ ਕਿ ਅਸੀਂ ਇਹ ਜਾਣ ਜਾਈਏ ਕਿ ਇਸ ਅੰਤ ਸਮੇਂ ਉਸਦੇ ਵਧੀਆ ਸੇਵਕ ਕਿਸ ਤਰ੍ਹਾਂ ਬਣਨਾ ਹੈ। ਹੇ ਪ੍ਰਮੇਸ਼ੁਰ ਜਿਵੇਂ ਕਿ ਅਸੀਂ ਵੇਖਦੇ ਹਾਂ ਕਿ ਅਸੀਂ ਹੁਣ ਅੰਤ ਸਮੇਂ ਵਿੱਚ ਹਾਂ, ਸਾਡਾ ਸਥਾਨ ਸਾਨੂੰ ਜਾਣ ਲੈਣ ਵਿੱਚ ਮੱਦਦ ਕਰ, ਅਤੇ ਸਾਡੀ ਕਮਜ਼ੋਰੀ ਵਿੱਚ ਸਾਡੀ ਸਹਾਇਤਾ ਕਰ, ਕਿਉਂਕਿ ਇਹ ਯਕੀਨਨ ਹੈ ਕਿ ਪ੍ਰਭੂ ਦੀ ਆਮਦ ਜਲਦੀ ਹੈ। ਅਸੀਂ ਇਸਨੂੰ ਪ੍ਰਭੂ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ। ਆਮੀਨ।

2 ਮੇਰਾ ਯਕੀਨ ਹੈ ਕਿ ਇਹ ਦਾਊਦ ਸੀ ਜਿਸਨੇ ਆਖਿਆ, " ਮੈਂ ਖੁਸ਼ ਹੋਇਆ ਜਦੋਂ ਮੈਨੂੰ ਆਖਣ ਲੱਗੇ ਕਿ ਆਓ ਯਹੋਵਾਹ ਦੇ ਘਰ ਚੱਲੀਏ। " ਇੱਥੇ ਆਉਣਾ ਹਮੇਸ਼ਾਂ ਹੀ ਭਾਗਾਂ ਵਾਲੀ ਗੱਲ ਹੈ। ਅਤੇ ਖੁਦਾ ਦੇ ਵਚਨ ਦਾ ਇੱਕਠੇ ਹੋ ਕੇ ਅਧਿਐਨ ਕਰਨਾ ਸਾਨੂੰ ਇਹ ਮਹਾਨ ਆਸ ਦਿੰਦਾ ਹੈ।

3 ਹੁਣ ਇੱਥੇ ਬਹੁਤ ਜਣੇ ਖੜੇ ਹਨ, ਅਤੇ ਮੈਂ ਜਿੰਨਾ ਵੀ ਸੰਭਵ ਹੋ ਸਕੇ ਜਲਦੀ ਕਰਾਂਗਾ। ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਪਿਛਲੀਆਂ ਸੰਗਤੀਆਂ ਵਿੱਚ ਤੁਸੀਂ ਵੀ ਪਵਿੱਤਰ ਆਤਮਾ ਦਾ ਅਨੰਦ ਉਸੇ ਤਰ੍ਹਾਂ ਮਾਣਿਆ ਹੋਵੇਗਾ ਜਿਸ ਤਰ੍ਹਾਂ ਮੈਂ ਮਾਣਿਆ ਹੈ। [ ਸੰਗਤ "ਆਮੀਨ" ਆਖਦੀ ਹੈ - ਸੰਪਾ]

4 ਅੱਜ ਮੇਰੇ ਨਾਲ ਕੁਝ ਅਜਿਹਾ ਵਾਪਰਿਆ ਜੋ ਬਹੁਤ ਲੰਬੇ ਸਮੇਂ ਤੋਂ ਮੇਰੇ ਨਾਲ ਨਹੀਂ ਵਾਪਰਿਆ ਸੀ। ਮੈਂ ਇੱਥੇ ਇਸ ਪ੍ਰਕਾਸ਼ ਦੇ ਉੱਤੇ, ਮੋਹਰ ਖੋਲ੍ਹਣ ਦੇ ਉੱਤੇ ਅਧਿਐਨ ਕਰ ਰਿਹਾ ਸੀ।

5 ਕਈ ਸਾਲ ਪਹਿਲਾਂ ਮੈਂ ਇਸਦਾ ਅਧਐਨ ਕੀਤਾ ਸੀ, ਕੋਈ ਵੀਹ ਕੁ ਸਾਲ ਪਹਿਲਾਂ, ਮੈਂ ਇਸਦਾ ਅੰਦਾਜ਼ਾ ਲਗਾ ਰਿਹਾ ਸੀ ਜਾਂ ਫਿਰ ਇਸੇ ਤਰ੍ਹਾਂ ਦਾ ਹੀ ਕੁਝ, ਪਰ ਜਿਵੇਂ ਕਿਵੇਂ ਵੀ ਹੈ ਮੈਂ ਕਦੇ ਵੀ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਸੀ। ਅਤੇ ਅਜਿਹਾ ਮਹਿਸੂਸ ਹੁੰਦਾ ਸੀ ਕਿ ਕਿੱਧਰੇ ਕੋਈ ਗੱਲ ਹੈ, ਖਾਸ ਕਰਕੇ ਇਹਨਾਂ ਮੋਹਰਾਂ ਵਿੱਚ, ਕਿਉਂਕਿ ਇਹ ਮੋਹਰਾਂ ਇੱਕ ਪੁਸਤਕ ਹਨ। ਸਮਝੇ ? ਇਹ ਇੱਕ ਪੋਥੀ ਹੈ। ਇਹ ਪੂਰੀ ਪੋਥੀ ਇੱਕ ਪੁਸਤਕ ਹੈ ਜੋ ਕਿ ਮੋਹਰਾਂ ਲਗਾ ਕੇ ਬੰਦ ਕੀਤੀ ਹੋਈ ਹੈ। ਇਹ ਸ਼ੁਰੂ ਹੁੰਦੀ ਹੈ .......

6 ਉਦਾਹਰਨ ਦੇ ਲਈ, ਜੇ ਮੇਰੇ ਕੋਲ ਇੱਥੇ ਕੁਝ ਹੁੰਦਾ, ਤਾਂ ਮੈਂ ਤੁਹਾਨੂੰ ਵਿਖਾਉਂਦਾ ਕਿ ਮੇਰਾ ਕੀ ਮਤਲਬ ਹੈ। [ਭਾਈ ਬ੍ਰਾਨਹਾਮ ਇੱਕ ਪੋਥੀ ਦਾ ਮੋੜਨਾ ਜਾਂ ਗੋਲ ਕਰਨਾ ਅਤੇ ਮੋਹਰ ਲਾਉਣਾ

ਇੱਕ ਕਾਗਜ਼ ਦਾ ਟੁਕੜਾ ਲੈ ਕੇ ਸਮਝਾਉਂਦੇ ਹਨ - ਸੰਪਾ ] ਵੇਖੋ, *ਇੱਥੇ* ਇੱਕ ਮੋਹਰ ਹੈ। ਇਹ ਉਹ ਹੈ ਜਿਸਨੂੰ ਤੁਸੀਂ *ਇਸ* ਤਰ੍ਹਾਂ ਮੋੜਿਆ ਸੀ, ਜੋ ਇਸ ਤਰ੍ਹਾਂ ਮੋੜੀ ਗਈ ਸੀ। ਅਤੇ ਤੁਸੀਂ ਇਸਨੂੰ ਇਸ ਤਰ੍ਹਾਂ ਮੋੜਦੇ ਜਾਂਦੇ ਹੋ। ਅਤੇ ਅੰਤ ਵਿੱਚ *ਇਸ* ਤਰ੍ਹਾਂ ਇੱਕ ਛੋਟਾ ਜਿਹਾ ਟੁਕੜਾ ਜਿਸਨੂੰ ਤੁਸੀਂ ਮੋੜ ਰਹੇ ਸੀ ਜੋੜ ( ਚਿਪਕਾ )ਦਿੱਤਾ ਜਾਂਦਾ ਸੀ। ਅਤੇ ਇਹ ਹੀ ਪਹਿਲੀ ਮੋਹਰ ਹੈ। ਠੀਕ ਹੈ, ਤਦ ਇਹ ਤਾਂ ਪੋਥੀ ਦਾ ਪਹਿਲਾ ਭਾਗ ਹੈ। ਅਤੇ ਤਦ ਅਗਲੀ ਮੋਹਰ ਇਸ ਢੰਗ ਦੇ ਨਾਲ ਪਹਿਲੀ ਮੋਹਰ ਦੇ ਉੱਤੇ ਇਸ ਤਰ੍ਹਾਂ ਲਪੇਟ ਦਿੱਤੀ ਜਾਂਦੀ ਸੀ। ਅਤੇ ਫਿਰ ਅੰਤ ਵਿੱਚ ਇਸਨੂੰ ਵੀ ਚਿਪਕਾ ਦਿੱਤਾ ਜਾਂਦਾ ਸੀ। ਜਿਸਦਾ ਅਰਥ ਹੈ ਕਿ ਇਹ ਦੋ ਮੋਹਰਾਂ ਹਨ।

7 ਅਤੇ ਇਸੇ ਤਰ੍ਹਾਂ ਸਾਰੀ ਬਾਈਬਲ ਪੋਥੀਆਂ ਵਿੱਚ ਲਿਖੀ ਸੀ। [ਭਾਈ ਬ੍ਰਾਨਹਾਮ ਉਹਨਾਂ ਕਾਗਜਾਂ ਨੂੰ ਖੋਲ੍ਹਦੇ ਹਨ ਜਿਹੜੇ ਉਹਨਾਂ ਨੇ ਮੋਹਰਾਂ ਸਮਝਾਉਣ ਲਈ ਉਦਾਹਰਣ ਲਈ ਵਰਤੇ ਸਨ -ਸੰਪਾ] ਅਤੇ ਇਸ ਲਈ ਇਹਨਾਂ ਮੋਹਰਾਂ ਦਾ ਤੋੜਨਾ, ਇਸ ਪੋਥੀ ਦੇ ਭੇਤਾਂ ਨੂੰ ਖੋਲ੍ਹਣਾ ਹੈ।

8 ਕੀ ਤੁਸੀਂ ਯਿਰਮਿਯਾਹ ਦੀ ਕਿਤਾਬ ਵਿੱਚ ਇਹਨਾਂ ਦਾ ਅਧਿਐਨ ਕੀਤਾ ਹੈ ਕਿ ਉਸਨੇ ਇਹਨਾਂ ਨੂੰ ਕਿਸ ਤਰ੍ਹਾਂ ਲਿਖਿਆ ਹੈ, ਕੱਲ ਰਾਤ ਤੁਹਾਡੇ ਵਿੱਚੋਂ ਬਹੁਤ ਸਾਰੇ ਲਿਖ ਰਹੇ ਸਨ ? ਕੀ ਤੁਸੀਂ ਵੇਖਿਆ ਕਿ ਕਿਸ ਤਰ੍ਹਾਂ ਉਹਨਾਂ ਮੋਹਰਾਂ ਨੂੰ ਲਿਖਿਆ ਗਿਆ ਸੀ, ਅਤੇ ਉਹਨਾਂ ਨੂੰ ਰੱਖਿਆ ਗਿਆ ਸੀ, ਜਦ ਤੱਕ ਕਿ ਉਹ ਸੱਤਰ ਸਾਲ ਦੀ ਗੁਲਾਮੀ ਵਿੱਚੋਂ ਵਾਪਿਸ ਨਹੀਂ ਆ ਗਿਆ ਸੀ। ਉਹ ਵਾਪਿਸ ਆ ਗਿਆ ਸੀ ਅਤੇ ਉਸਨੇ ਆਪਣੀ ਮਲਕੀਅਤ ਦਾ ਦਾਅਵਾ ਕੀਤਾ ਸੀ।

9 ਅਸਲ ਵਿੱਚ ਹੀ ਮੈਨੂੰ ਇਸਦਾ ਅਧਿਐਨ ਕਰਨਾ ਚੰਗਾ ਲੱਗਦਾ ਹੈ। ਤੁਸੀਂ ਨਹੀਂ ਕਰ ਸੱਕਦੇ ....... ਕੋਈ ਅਜਿਹਾ ਤਰੀਕਾ ਹੈ ਹੀ ਨਹੀਂ ਕਿ ਇਸਨੂੰ ਪੂਰੀ ਤਰ੍ਹਾਂ ਪ੍ਰਗਟ ਕੀਤਾ ਜਾ ਸਕੇ, ਕਿਉਂਕਿ ਇਹ ਸਦੀਪਕ ਵਚਨ ਹੈ। ਕਿਉਂਕਿ ਇਹ ਇੱਕ ਅਨੰਤ ਪੋਥੀ ਹੈ, ਇਸ ਲਈ ਅਸੀਂ ਤਾਂ ਇੱਕ ਕਿਸਮ ਦੀਆਂ ਮੁੱਖ ਥਾਵਾਂ ਤੇ ਹੀ ਸੱਟ ਮਾਰਨੀ ਹੈ। ਅਤੇ ਅੱਜ ਦੇ ਅਧਿਐਨ ਵਿੱਚ ਮੈਂ ਕਈ ਆਇਤਾਂ ਨੂੰ ਲਿਖਿਆ ਹੋਇਆ ਹੈ ਤਾਂ ਕਿ ਤੁਸੀਂ ਇਸਦਾ ਅਧਿਐਨ ਕਰ ਸਕੋ। ਅਤੇ ਇਹ ਵੀ ....... ਕਿ ਜਦ ਤੁਸੀਂ ਇਸਦਾ ਅਧਿਐਨ ਕਰੋਗੇ ਤਾਂ ਟੇਪਾਂ ਬਹੁਤ ਕੁਝ ਪ੍ਰਗਟ ਕਰਨਗੀਆਂ। ਅਤੇ ਇਸ ਵਿੱਚ ਬਹੁਤ ਸਾਰੀਆਂ ਗੱਲਾਂ ਹਨ !

10 ਜੇ ਮੈਂ ਇੱਥੇ ਪੁਲਪਿਟ ਤੇ ਖੜਾ ਹੋ ਕੇ ਇਸਨੂੰ ਬਿਲਕੁੱਲ ਉਸੇ ਤਰ੍ਹਾਂ ਹੀ ਤੁਹਾਡੇ ਉੱਤੇ ਪ੍ਰਗਟ ਕਰ ਸਕਾਂ ਜਿਸ ਤਰ੍ਹਾਂ ਕਿ ਇਹ ਮੇਰੇ ਉੱਤੇ ਮੇਰੇ ਕਮਰੇ ਵਿੱਚ ਪ੍ਰਗਟ ਹੋਈਆਂ ਸਨ, ਤਾਂ ਇਹ ਇੱਕ ਬਹੁਤ ਹੀ ਸ਼ਾਨਦਾਰ ਗੱਲ ਹੋਵੇਗੀ। ਪ੍ਰੰਤੂ ਜਦ ਤੁਸੀਂ ਇੱਥੇ ਪੁਲਪਿਟ ਤੇ ਆਉਂਦੇ ਹੋ ਤਾਂ ਤੁਸੀਂ ਦਬਾਅ ਵਿੱਚ ਹੁੰਦੇ ਹੋ ਅਤੇ ਤੁਸੀਂ ਬਹੁਤ ਸਾਰੀਆਂ ਗੱਲਾਂ ਨੂੰ ਛੱਡਦੇ ਚਲੇ ਜਾਂਦੇ ਹੋ, ਅਤੇ ਸਿਰਫ ਇਹ ਹੀ ਕੋਸ਼ਿਸ਼ ਕਰਦੇ ਹੋ ਕਿ ਲੋਕਾਂ ਨੂੰ ਖਾਸ-ਖਾਸ ਗੱਲਾਂ ਦੱਸੀਆਂ ਜਾਣ ਤਾਂ ਕਿ ਉਹ ਇਸਨੂੰ ਵੇਖ ਸਕਣ।

11 ਮੈਂ ਯਕੀਨਨ ਉਸ ਗੀਤ ਦੀ ਸ਼ਲਾਘਾ ਕਰਦਾ ਹਾਂ ਜੋ ਭਾਈ ਅਨਗ੍ਰੇਨ ਨੇ ਹੁਣੇ ਜਿਹੇ ਗਾਇਆ; *ਉਹ ਆਪਣੀ ਮਹਿਮਾਂ ਤੋਂ ਥੱਲੇ ਆਇਆ।* ਜੇ ਉਹ ਆਪਣੀ ਮਹਿਮਾਂ ਤੋਂ ਥੱਲੇ ਉੱਤਰ ਕੇ ਨਾ ਆਇਆ ਹੁੰਦਾ, ਤਾਂ ਅਸੀਂ ਸਾਰੇ ਇਸ ਰਾਤ ਹੁਣ ਕਿੱਥੇ ਹੁੰਦੇ ? ਅਰ ਅਸੀਂ ਸ਼ੁਕਰਗੁਜਾਰ ਹਾਂ ਕਿ ਉਹ ਸਾਡੀ ਮੱਦਦ ਲਈ ਆਇਆ।

12 ਹੁਣ, ਬਹੁਤ ਸਾਰੇ ਲੋਕ ਖੜੇ ਹਨ, ਅਸੀਂ ਜਿੰਨਾ ਜਲਦੀ ਹੋ ਸਕੇ ਜਲਦੀ ਕਰਾਂਗੇ ਤਾਂ ਕਿ ਜਲਦੀ ਜਲਦੀ ਇਸਦਾ ਅਧਿਐਨ ਕਰੀਏ। ਮੈਂ ਇਹ ਨਹੀਂ ਕਹਿ ਰਿਹਾ ਕਿ ਮੈਂ ਇਸਦਾ ਅਧਿਐਨ



ਵਚਨ ਨੂੰ ਅਤੇ "ਪਿਤਾਵਾਂ ਦੇ ਵਿਸ਼ਵਾਸ਼ ਨੂੰ" ਅਤੇ ਪਵਿੱਤਰ ਆਤਮਾ ਦੀ ਸ਼ਕਤੀ ਨੂੰ ਲੋਕਾਂ ਦੇ ਵਿੱਚਕਾਰ ਵਾਪਿਸ ਲਿਆਵੇ, ਜਿਹੜੀ ਕਿ ਲਾੜੀ ਨੂੰ ਇਹਨਾਂ ਚੀਜ਼ਾਂ ਤੋਂ ਉਤਾਂਹ ਖੜਾ ਕਰ ਦੇਵੇਗੀ ਅਤੇ ਉਸਨੂੰ ਵਚਨ ਵਿੱਚ ਲੈ ਕੇ ਆਵੇਗਾ।ਹਾਂ ਜੀ।ਯਿਸੂ ਮਸੀਹ ਦਾ ਵਚਨ ਪ੍ਰਮਾਣਿਤ ਹੋ ਰਿਹਾ ਹੈ, ਕਿ ਉਹ ਕੱਲ ਅੱਜ ਅਤੇ ਯੁੱਗੋ ਯੁੱਗ ਇੱਕੋ ਜਿਹਾ ਹੈ ! "ਵੇਖੋ ਮੈਂ ਹਮੇਸ਼ਾਂ ਤੁਹਾਡੇ ਨਾਲ ਹਾਂ ਇੱਥੋਂ ਤੱਕ ਕਿ ਜਗਤ ਦੇ ਅੰਤ ਤੱਕ ਤੁਹਾਡੇ ਨਾਲ ਹਾਂ।ਅਤੇ ਜਿਹੜੇ ਕੰਮ ਮੈਂ ਕਰਦਾ ਹਾਂ ਤੁਸੀਂ ਵੀ ਕਰੋਗੇ।ਮੈਂ ਬਿਲਕੁੱਲ ਤੁਹਾਡੇ ਨਾਲ ਹੋਵਾਂਗਾ।ਥੋੜੀ ਦੇਰ ਤੋਂ ਬਾਦ ਉਹ ਮੈਨੂੰ ਫਿਰ ਨਹੀਂ ਵੇਖਣਗੇ, " ਕਿਉਂਕਿ ਉਹ ਆਪਣੇ ਆਪ ਨੂੰ ਜੱਥੇਬੰਦੀ ਬਣਾ ਲੈਣਗੇ ਅਤੇ ਖਿੱਲਰ ਜਾਣਗੇ। "ਪ੍ਰੰਤੂ ਤੁਸੀਂ ਮੈਨੂੰ ਵੇਖੋਗੇ, ਕਿਉਂਕਿ ਮੈਂ ਤੁਹਾਡੇ ਨਾਲ ਹੋਵਾਂਗਾ। ਇੱਥੋਂ ਤੱਕ ਕਿ ਸੰਸਾਰ ਦੇ ਅੰਤ ਤੱਕ ਮੈਂ ਤੁਹਾਡੇ ਵਿੱਚ ਹੋਵਾਂਗਾ।" ਉਸਨੇ ਕਿਹਾ ਸੀ, ਕਿ ਉਸਦਾ ਕਰੋਧ ਜਗਤ ਦੇ ਅੰਤ ਦੇ ਬਾਦ ਉਡੇਲਿਆ ਜਾਵੇਗਾ।ਇਹ ਹੈ ਸਾਰੀ ਗੱਲ।ਹੇ, ਪ੍ਰਮੇਸ਼ੁਰ !

399 ਉਸ ਚਿੱਟੇ ਘੋੜੇ ਦਾ ਸਵਾਰ ਕੌਣ ਹੈ? ਤੁਸੀਂ ਅੰਨ੍ਹੇ ਨਹੀਂ ਹੋ।ਤੁਸੀਂ ਵੇਖੋ ਕਿ ਉਹ ਕੌਣ ਹੈ।ਇਹ ਮਸੀਹ ਵਿਰੋਧੀ ਹੈ, ਧੋਖੇਬਾਜ ਆਤਮਾ ਹੈ ਜੋ ਕਿ ਹੁਣ ਨਿੱਕਲ ਚੁੱਕਿਆ ਹੈ ਅਤੇ ਅੰਦਰ ਆ ਵੜਿਆ ਹੈ। ਅਤੇ ਹੁਣ ......ਪ੍ਰਮੇਸ਼ੁਰ ਤਾਂ ਇਸਨੂੰ ਦੁਹਰਾਉਂਦਾ ਰਹਿੰਦਾ ਹੈ।ਉਹ ਤਾਂ ਇਸ ਨੂੰ ਇੰਝ ਵਿਖਾਉਂਦਾ ਹੈ ਜਿਵੇਂ ਕਿ ਕੋਈ ਆਦਮੀ ਚਿੱਟੇ ਘੋੜੇ ਤੇ ਆਪਣੇ ਕਮਾਨ ਨਾਲ ਜਾ ਰਿਹਾ ਹੈ ਅਤੇ ਉਸਦੇ ਕੋਲ ਤੀਰ ਨਹੀਂ ਹਨ।ਉਹ ਤਾਂ ਧੋਖਾ ਹੈ।ਉਸਦੇ ਕੋਲ ਸ਼ਕਤੀ ਨਹੀਂ ਹੈ।ਉਹ ਕਹਿੰਦੇ ਹਨ, " ਸਾਡੇ ਕੋਲ ਕਲੀਸਿਯਾ ਦੀ ਸ਼ਕਤੀ ਹੈ !"ਕਲੀਸਿਯਾ ਦੀ ਸ਼ਕਤੀ ਕਿੱਥੇ ਹੈ? ਉਹ ਕੀ ਕਰਦੇ ਹਨ? ਉਹ ਕਹਿੰਦੇ ਹਨ, " ਅਸੀਂ ਹੀ ਮੂਲ ਜਾਂ ਅਸਲੀ ਕਲੀਸਿਯਾ ਹਾਂ। " ਪ੍ਰੰਤੂ ਮੂਲ ਕਲੀਸਿਯਾ ਤਾਂ ਭੂਤਾਂ ਨੂੰ ਕੱਢਦੀ ਸੀ, ਬੀਮਾਰਾਂ ਨੂੰ ਚੰਗਾ ਕਰਦੀ ਸੀ ਅਤੇ ਮੁਰਦਿਆਂ ਨੂੰ ਜੀਉਂਦਾ ਕਰਦੀ ਸੀ, ਦਰਸ਼ਨ ਦੇਖਦੇ ਸਨ ਅਤੇ ਬਥੇਰਾ ਕੁਝ ਹੋਰ ਹੁੰਦਾ ਸੀ।ਪ੍ਰੰਤੂ ਹੁਣ ਇਹ ਕਿੱਥੇ ਹਨ? ਸਮਝੇ ? ਇਹ ਇੱਕ ਧੋਖੇਬਾਜ ਹੈ, ਜੋ ਬਿਨਾ ਤੀਰਾਂ ਦੇ ਕਮਾਣ ਨਾਲ ਹੈ। ਹਾਂ !ਇਹ ਠੀਕ ਹੈ।

400 ਪਰ ਤੁਸੀਂ ਵੇਖੋ, ਜਦ ਮਸੀਹ ਆਉਂਦਾ ਹੈ ਤਾਂ ਉਸਦੇ ਮੂੰਹ ਵਿੱਚੋਂ ਲਿਸ਼ਕਦੀ ਤਲਵਾਰ ਨਿੱਕਲਦੀ ਹੈ।ਇਹ ਤਲਵਾਰ ਅੱਗੇ ਵੱਧਦੀ ਹੈ ਅਤੇ ਉਸਦੇ ਦੁਸ਼ਮਣਾਂ ਨੂੰ ਨਾਸ਼ ਕਰਦੀ ਹੈ, ਅਤੇ ਸ਼ੈਤਾਨ ਨੂੰ ਕੱਢਦੀ ਹੈ।ਅਤੇ ਬਾਕੀ ਸਭਨਾਂ ਨੂੰ ਮਾਰਦੀ ਹੈ।ਉਹ ਇੱਕ ਬਸਤਰ ਲਹੂ ਨਾਲ ਛਿੜਕਿਆ ਪਹਿਨੇ ਹੋਏ ਹੈ ਅਤੇ ਉਸਦੇ ਪੱਟ ਦੇ ਉੱਤੇ ਲਿਖਿਆ ਹੋਇਆ ਸੀ, " ਪ੍ਰਮੇਸ਼ੁਰ ਦਾ ਸ਼ਬਦ। " ਆਮੀਨ।ਇੱਥੇ ਉਹ ਆਪਣੀ ਸੈਨਾ ਦੇ ਨਾਲ ਸਵਰਗ ਤੋਂ ਆਉਂਦਾ ਹੈ।

401 ਉਸ ਚਿੱਟੇ ਘੋੜੇ ਦਾ ਸਵਾਰ ਹਮੇਸ਼ਾਂ ਧਰਤੀ ਤੇ ਰਿਹਾ ਹੈ। ਉਹ ਮਸੀਹ ਵਿਰੋਧੀ ਤੋਂ ਝੂਠੇ ਨਬੀ ਵਿੱਚ ਬਦਲ ਜਾਵੇਗਾ।ਉਹ ਇਸੇ ਤਰ੍ਹਾਂ ਕਰਦਾ ਹੈ ਅਤੇ ਮਸੀਹ ਵਿਰੋਧੀ ਤੋਂ ਝੂਠਾ ਨਬੀ ਬਣ ਜਾਂਦਾ ਹੈ।ਵੇਖੋ, ਉਹ ਆਤਮਾ ਜਦ ਪਹਿਲਾਂ ਆਇਆ ਤਾਂ ਉਹ ਮਸੀਹ ਵਿਰੋਧੀ ਸੀ, ਅਤੇ ਫਿਰ ਉਹ ਝੂਠਾ ਨਬੀ ਬਣ ਗਿਆ। ਅਤੇ ਤਦ ਇਸ ਤੋਂ ਬਾਦ ਸ਼ੈਤਾਨ ਨੂੰ ਸੁੱਟ ਦਿੱਤਾ ਜਾਂਦਾ ਹੈ ਤਾਂ ਉਹ ਦੇਹਧਾਰੀ ਸ਼ੈਤਾਨ ਹੋ ਜਾਂਦਾ ਹੈ।ਇਸ ਦੀਆਂ ਤਿੰਨ ਸਟੇਜਾਂ ਹਨ !ਪਹਿਲਾਂ ਉਹ ਸ਼ੈਤਾਨ ਹੈ, ਅਰੰਭ ਵਿੱਚ ਉਹ ਸ਼ੈਤਾਨ ਦਾ ਆਤਮਾ ਹੈ ; ਇਸ ਤੋਂ ਬਾਦ ਉਹ ਇੱਕ ਝੂਠਾ ਨਬੀ ਬਣ ਜਾਂਦਾ ਹੈ ਜੋ ਕਿ ਉਹ ਇੱਕ ਝੂਠੀ ਸਿੱਖਿਆ ਦਾ ਸਿਖਾਉਣ ਵਾਲਾ ਹੈ ; ਅਗਲੀ ਚੀਜ਼ ,ਉਹ ਖੁਦ ਆਪਣੇ ਆਪ ਵਿੱਚ ਸ਼ੈਤਾਨ ਬਣ ਕੇ ਦੇਹਧਾਰ ਕੇ ਆਉਂਦਾ ਹੈ।ਸਮਝੇ ?ਇਸੇ ਤਰ੍ਹਾਂ ਹੀ ਹੈ।

393 ਤਦ ਮੈਂ ਉੱਥੇ ਖੜੇ ਹੋ ਕੇ ਵੇਖਿਆ, ਤਾਂ ਮੈਂ ਉੱਥੇ ਇੱਕ ਨੂੰ ਆਉਂਦੇ ਹੋਏ ਵੇਖਿਆ ........ਉਹਨਾਂ ਦੀ ਆਰਥਿਕ ਸਮਾਨਤਾ ਬਹੁਤ ਹੀ ਮਾੜੀ ਹੈ !ਚਰਚ ਉਹਨਾਂ ਦਾ ਸੱਭ ਕੁਝ ਲੈ ਲੈਂਦਾ ਹੈ। ਇੱਥੇ ਇੱਕ ਬੇਚਾਰਾ ਪੈਂਚੋ ਹੈ, ਸ਼ਾਇਦ- ਹੋ ਸੱਕਦਾ ਹੈ ਜਿਸਦਾ ਅਰਥ ਫਰੇਂਕ ਹੋਵੇ।ਉਹ ਆਉਂਦਾ ਹੈ, ਅਤੇ ਉਹ ਇੱਟਾਂ ਦਾ ਮਿਸਤਰੀ ਹੈ, ਅਤੇ ਉਹ ਇੱਕ ਹਫਤੇ ਦੇ ਵੀਹ ਪੈਸੋਸ ਕਮਾਉਂਦਾ ਹੈ। ਪ੍ਰੰਤੂ ਇਹਨਾਂ ਸਾਰੇ ਵੀਹ ਪੈਸੋਸ ਵਿੱਚ ਉਹ ਆਪਣੇ ਲਈ ਜੁੱਤੀਆਂ ਦਾ ਇੱਕ ਜੋੜਾ ਹੀ ਖਰੀਦਦਾ ਹੈ।ਇਹ ਹੀ ਉਸਦੀ ਆਰਥਿਕ ਅਵਸਥਾ ਹੈ।ਪ੍ਰੰਤੂ ਹੁਣ, ਕੀ ਹੋਵੇ ਜੇ ਉਹ- ਜੇ ਉਹ ਇੱਕ ਰਾਜ ਮਿਸਤਰੀ ਹੋਣ ਦੇ ਨਾਤੇ ਇੱਟਾਂ ਦੀ ਇੱਕ ਤਹਿ ਤਿਆਰ ਕਰਦਾ ਹੈ ਅਤੇ ਇੱਕ ਹਫਤੇ ਵਿੱਚ ਵੀਹ ਪੈਸੋਸ ਕਮਾਉਂਦਾ ਹੈ।ਮੈਂ ਨਹੀਂ ਜਾਣਦਾ ਹਾਂ ਕਿ ਉਹ ਕੀ ਬਣਾਉਂਦਾ ਹੈ, ਪ੍ਰੰਤੂ ਮੰਨ ਲਓ ਇਸੇ ਤਰ੍ਹਾਂ ਉਸਦੀ ਆਰਥਿਕ ਹਾਲਤ ਸਤੁੰਲਨ ਹੁੰਦੀ ਹੈ।ਇਸ ਨੂੰ ਧਿਆਨ ਵਿੱਚ ਰੱਖੋ ਜਦਕਿ ਉਹ ਵੀਹ ਪੈਸੋਸ ਹਫਤੇ ਦੇ ਕਮਾਉਂਦਾ ਹੈ।

394 ਹੁਣ, ਇੱਥੇ ਇੱਕ ਚੀਕੋ ਆਉਂਦਾ ਹੈ ਜਿਸਦਾ ਮਤਲਬ ਹੈ "ਛੋਟਾ ਜਿਹਾ", ਅਤੇ ਉਹ ਕੰਮ ਕਰਕੇ ਹਫਤੇ ਦੇ ਪੰਜ ਪੈਸੋਸ ਕਮਾਉਂਦਾ ਹੈ।ਅਤੇ ਉਸਦੇ ਕੋਲ ਦਸ ਬੱਚੇ ਹਨ ਜਿਹਨਾਂ ਨੂੰ ਉਸਨੇ ਭੋਜਨ ਖੁਆਉਣਾ ਹੈ,ਪ੍ਰੰਤੂ ਕੋਈ ਉਸਦਾ ਦਰਵਾਜਾ ਖੜਕਾ ਰਿਹਾ ਹੈ, [ਭਾਈ ਬ੍ਰਾਨਹਾਮ ਕਈ ਵਾਰ ਪੁਲਪਿਟ ਨੂੰ ਖੜਕਾਉਂਦੇ ਹਨ-ਸੰਪਾ] ਕਿ ਉਹ ਕਿਸੇ ਤਰ੍ਹਾਂ ਨਾਲ ਉਸ ਤੋਂ ਲੱਗ-ਭੱਗ ਪੰਜ ਜਾਂ ਉਹਨਾਂ ਕਮਾਏ ਹੋਏ ਪੈਸੋਸ ਵਿੱਚੋਂ ਚਾਰ ਲੈ ਲਵੇ, ਕਿ ਉਹ ਆਦਮੀ ਆਪਣੇ ਪਾਪਾਂ ਲਈ ਲੱਖਾਂ ਡਾਲਰਾਂ ਦੀ ਬਣੀ ਸੋਨੇ ਦੀ ਜਗਵੇਦੀ ਤੇ ਗਰੀਸ ਦੀਆਂ ਕੁਝ ਮੋਮਬੱਤੀਆਂ ਜਲਾਉਣ ਲਈ ਭੁਗਤਾਨ ਕਰੇ।ਇਹ ਹੀ ਗੱਲ ਹੈ।ਇਹ ਉਹਨਾਂ ਦੀ ਅਰਥਿਕ ਅਵਸਥਾ ਦੀ ਸਮਾਨਤਾ ਹੈ।ਇਹੋ ਹੀ ਢੰਗ ਦੇਸ਼ਾਂ ਦਾ ਹੈ।

395 ਉਹ ਉਹਨਾਂ ਦਾ ਸੱਭ ਕੁਝ ਲੈ ਲੈਂਦੇ ਹਨ।ਕਲੀਸਿਯਾ ਸਾਰੇ ਦਾ ਸਾਰਾ ਹੜੱਪ ਲੈਂਦੀ ਹੈ।ਆਰਥਿਕ ਨਿਯੋਜਨ ਉਸਦੇ ਹੱਥਾਂ ਵਿੱਚ ਹੈ।ਅਤੇ ਜਿਵੇਂ ਕਿ ਵਚਨ ਦੱਸਦਾ ਹੈ ਕਿ ਉਹ ਯਹੂਦੀਆਂ ਦੇ ਨਾਲ ਉਹਨਾਂ ਦੇ ਪੈਸੈ ਲਈ ਇੱਕ ਨੇਮ ਬੰਨ੍ਹੇਗਾ, ਅਤੇ ਉਹ ਉਹਨਾਂ ਦਾ ਸੱਭ ਕੁਝ ਹੜੱਪ ਲਵੇਗਾ।

396 ਅਤੇ ਫਿਰ ਉਹ ਦਰਿੰਦਾ ਬਣ ਜਾਂਦਾ ਹੈ।ਉਹ ਆਪਣਾ ਨੇਮ ਤੋੜ ਦਿੰਦਾ ਹੈ, ਅਤੇ ਉਹ ਜ਼ਬਰਦਸਤੀ ਕਰੇਗਾ।ਅਤੇ ਉਹ ਔਰਤ ਦੇ ਬਕੀਏ ਨੂੰ ਇਸੇ ਤਰ੍ਹਾਂ ਸਤਾਏਗਾ। ਅਤੇ ਆਪਣੇ ਮੂੰਹ ਵਿੱਚੋਂ ਉਹਨਾਂ ਤੇ ਪਾਣੀ ਸੁੱਟੇਗਾ ; ਤੇ ਯੁੱਧ ਕਰੇਗਾ।ਅਤੇ ਉੱਥੇ ਰੋਣਾ, ਪਿੱਟਣਾ,ਤੇ ਕਚੀਚੀਆਂ ਵੱਟਣਾ ਹੋਵੇਗਾ।

397 ਅਤੇ ਵੇਖੋ, ਇਸੇ ਸਮੇਂ ਲਾੜੀ ਦਾ ਮਹਿਮਾ ਵਿੱਚ ਵਿਆਹ ਹੋ ਰਿਹਾ ਹੋਵੇਗਾ।ਦੋਸਤੋ ਇਸ ਤੋਂ ਰਹਿ ਨਾ ਜਾਣਾ।ਖੁਦਾ ਮੇਰੀ ਮੱਦਦ ਕਰੇ !ਮੈਂ-ਮੈਂ ਉੱਥੇ ਹੋਣਾ ਚਾਹੁੰਦਾ ਹਾਂ।ਮੈਂ ਇਸਦੀ ਪ੍ਰਵਾਹ ਨਹੀਂ ਕਰਦਾ ਕਿ ਇਸਦੇ ਲਈ ਕੀ ਕੀਮਤ ਚੁਕਾਉਣੀ ਪਵੇ।ਮੈਂ-ਮੈਂ ਉੱਥੇ ਹੋਣਾ ਚਾਹੁੰਦਾ ਹਾਂ।

398 ਹੁਣ ਧਿਆਨ ਦਿਓ, ਉਸੇ ਸਮੇਂ ਜਦ ਇਹ ਹੋ ਰਿਹਾ ਹੋਵੇਗਾ, ਧਰਤੀ ਦੇ ਉੱਤੇ ਇਹ ਹੋਣ ਤੋਂ ਪਹਿਲਾਂ, ਪ੍ਰਮੇਸ਼ੁਰ ਨੇ ਵਾਇਦਾ ਕੀਤਾ ਹੈ ........ਜਦ ਕਿ ਮਿਸ਼ਨਾਂ ਜੱਥੇਬੰਦੀਆਂ ਦੇ ਪਾਦਰੀ ਆਪਣੇ ਸੱਭ ਅਕੀਦਿਆਂ ਦੇ ਮੱਤ ਭੇਦਾਂ ਤੇ ਬਹਿਸ ਕਰ ਰਹੇ ਹਨ, ਪ੍ਰਮੇਸ਼ੁਰ ਨੇ ਵਾਇਦਾ ਕੀਤਾ ਹੈ ਕਿ ਉਹ ਸਾਡੇ ਕੋਲ ਸੱਚੇ ਵਚਨ ਦੇ ਸੱਚੇ ਨਬੀ ਨੂੰ ਸੰਦੇਸ਼ ਦੇ ਕੇ ਘੱਲੇਗਾ ; ਤਾਂ ਕਿ ਉਹ ਖੁਦਾ ਦੇ ਅਸਲੀ



ਬਹੁਤ ਜਲਦੀ ਨਾਲ ਕਰਾਵਾਂਗਾ, ਪਰ ਮੇਰਾ ਮਤਲਬ ਹੈ ਕਿ ਜਿੰਨੀ ਛੇਤੀ ਹੋ ਸਕੇ ਅਸੀਂ ਇਸਨੂੰ ਸ਼ੁਰੂ ਕਰਾਂਗੇ। ਅਤੇ ਆਓ ਅਸੀਂ ਮੁੜੀਏ, ਪਿੱਛੇ ........

13 ਅਸੀਂ ਪ੍ਰਕਾਸ਼ ਦੀ ਪੋਥੀ ਦੇ ਪਹਿਲੇ, ਦੂਸਰੇ, ਤੀਸਰੇ ਅਤੇ ਚੌਥੇ ਅਧਿਆਏ ਦਾ ਅਧਿਐਨ ਕਰ ਚੁੱਕੇ ਹਾਂ। ਕੱਲ ਰਾਤ ਅਸੀਂ ਪੰਜਵੇਂ ਅਧਿਆਏ ਨੂੰ ਲਿਆ ਸੀ। ਅਤੇ ਅੱਜ ਰਾਤ ਅਸੀਂ ਪ੍ਰਕਾਸ਼ ਪੋਥੀ ਦੇ ਛੇਵੇਂ ਅਧਿਆਏ ਤੋਂ ਸ਼ੁਰੂ ਕਰ ਰਹੇ ਹਾਂ।

14 ਹੁਣ ਜਦਕਿ ਅਸੀਂ ਇਸ ਅਧਿਆਏ ਦਾ ਅਧਿਐਨ ਕਰਨਾ ਹੈ, ਤਾਂ ਅਸੀਂ ਪੁਰਾਣੇ ਅਤੇ ਨਵੇਂ ਨੇਮ ਵਿੱਚੋਂ ਕਈ ਜਗ੍ਹਾ ਤੋਂ ਹਵਾਲੇ ਦਿਆਂਗੇ, ਕਿਉਂਕਿ ਸੰਪੂਰਣ ਪੋਥੀ ਯਿਸੂ ਮਸੀਹ ਦਾ ਪ੍ਰਕਾਸ਼ ਹੈ। ਸਮਝੇ ? ਇਹ ਦੋਨੋਂ ਮਿਲ ਕੇ ਯਿਸੂ ਮਸੀਹ ਦਾ ਪ੍ਰਕਾਸ਼ ਹੈ। ਇਹ ਖੁਦਾ ਹੈ ਜੋ ਆਪਣੇ ਆਪਨੂੰ ਇਸ ਪੁਸਤਕ ਵਿੱਚ ; ਇਹ ਖੁਦਾ ਹੈ ਜੋ ਇਸ ਪੋਥੀ ਵਿੱਚ ਆਪਣੇ ਆਪ ਨੂੰ ਮਸੀਹ ਦੇ ਦੁਆਰਾ ਪ੍ਰਗਟ ਕਰ ਰਿਹਾ ਹੈ। ਅਤੇ ਮਸੀਹ ਪ੍ਰਮੇਸ਼ੁਰ ਦਾ ਪ੍ਰਕਾਸ਼ ਹੈ। ਉਹ ਪ੍ਰਮੇਸ਼ੁਰ ਨੂੰ ਪ੍ਰਗਟ ਕਰਨ ਆਇਆ, ਕਿਉਂਕਿ ਉਹ ਅਤੇ ਪ੍ਰਮੇਸ਼ੁਰ ਇੱਕ ਹੈ। " ਪ੍ਰਮੇਸ਼ੁਰ ਮਸੀਹ ਦੇ ਵਿੱਚ ਸੀ, ਅਤੇ ਮਸੀਹ ਵਿੱਚ ਹੋ ਕੇ ਜਗਤ ਦਾ ਮੇਲ ਆਪਣੇ ਨਾਲ ਕਰਾ ਰਿਹਾ ਸੀ। " ਦੂਸਰੇ ਸ਼ਬਦਾਂ ਵਿੱਚ, ਤੁਸੀਂ ਇਹ ਕਦੇ ਵੀ ਨਾ ਜਾਣ ਸੱਕਦੇ ਕਿ ਪ੍ਰਮੇਸ਼ੁਰ ਕੌਣ ਹੈ ਜਦ ਤੱਕ ਕਿ ਉਹ ਖੁਦ ਨੂੰ ਮਸੀਹ ਦੇ ਜਰੀਏ ਪ੍ਰਗਟ ਨਾ ਕਰਦਾ, ਤਾਂ ਫਿਰ ਤੁਸੀਂ ਉਸਨੂੰ ਵੇਖ ਸੱਕਦੇ ਹੋ।

15 ਬਹੁਤ ਸਾਲ ਪਹਿਲਾਂ ਮੈਂ ਸੋਚਦਾ ਹੁੰਦਾ ਸਾਂ, ਕਿ ਹੋ ਸੱਕਦਾ ਹੈ ਕਿ ਪ੍ਰਮੇਸ਼ੁਰ ਮੇਰੇ ਨਾਲ ਨਰਾਜ਼ ਹੈ, ਪ੍ਰੰਤੂ ਮਸੀਹ ਮੇਰੇ ਨਾਲ ਪਿਆਰ ਕਰਦਾ ਹੈ। ਪ੍ਰੰਤੂ ਬਾਦ ਵਿੱਚ ਮੈਨੂੰ ਪਤਾ ਲੱਗਾ ਕਿ ਉਹ ਇੱਕੋ ਹੀ ਵਿਅਕਤੀ ਹੈ, ਵੇਖਿਆ। ਅਤੇ ਮਸੀਹ ਉਸੇ ਖੁਦਾ ਦਾ ਦਿਲ ਹੈ।

16 ਅਤੇ ਹੁਣ ਜਦ ਅਸੀਂ ਇਸਦਾ ਅਧਿਐਨ ਕਰਦੇ ਹਾਂ, ਅਸੀਂ ਇਸਦੀ ਤੁਲਨਾ ਕਰਦੇ ਹਾਂ। ਅਤੇ ਬਾਈਬਲ ਦੇ ਪ੍ਰਕਾਸ਼ ਪੋਥੀ ਦੇ ਪਹਿਲੇ ਤਿੰਨ ਬਾਬ ਕਲੀਸਿਯਾਈ ਯੁੱਗ ਹਨ - ਸੱਤ ਕਲੀਸਿਯਾ ਦੇ ਯੁੱਗ ਹਨ, ਜਿਹਨਾਂ ਦਾ ਅਸੀਂ ਬਹੁਤ ਚੰਗੀ ਤਰ੍ਹਾਂ ਅਧਿਐਨ ਕਰ ਚੁੱਕੇ ਹਾਂ। ਹੁਣ ਵੇਖੋ ਕਿ ਪ੍ਰਕਾਸ਼ ਪੋਥੀ ਵਿੱਚ ਸੱਤ ਕਲੀਸਿਯਾਈ ਯੁੱਗ, ਸੱਤ ਮੋਹਰਾਂ, ਸੱਤ ਤੁਰ੍ਹੀਆਂ ਅਤੇ ਸੱਤ ਕਟੋਰੇ ਅਤੇ ਡੱਡੂਆਂ ਵਰਗੇ ਅਸ਼ੁੱਧ ਆਤਮੇ ਅਤੇ ਇਹ ਸੱਭ ਇੱਕਠੇ ਹੀ ਚੱਲਦੇ ਹਨ।

17 ਮੇਰੇ, ਮੈਂ ਕਿੰਜ ਚਾਹੁੰਦਾ ਹਾਂ ਕਿ ਮੇਰੇ ਕੋਲ ਇੱਕ ਬਹੁਤ ਵੱਡਾ ਨਕਸ਼ਾ ਹੁੰਦਾ, ਅਤੇ ਮੈਂ ਇਹਨਾਂ ਸਭਨਾਂ ਨੂੰ ਬਿਲਕੁੱਲ ਉਸੇ ਤਰ੍ਹਾਂ ਬਣਾਵਾਂ ਜਿਵੇਂ ਇਹ ਮੈਨੂੰ ਦਿਖਾਇਆ ਗਿਆ ਹੈ, ਤਦ ਤੁਸੀਂ ਜਾਣ ਜਾਂਦੇ ਕਿ ਇਹਨਾਂ ਵਿੱਚ ਹਰੇਕ ਯੁੱਗ ਕਿਵੇਂ ਆਪਣਾ ਸਥਾਨ ਲੈਂਦਾ ਹੈ। ਮੈਂ ਇਸਨੂੰ ਕਾਗਜ਼ ਦੇ ਇੱਕ ਛੋਟੇ ਜਿਹੇ ਟੁਕੜੇ ਤੇ ਬਣਾਇਆ ਹੈ, ਪ੍ਰੰਤੂ ਮੈਂ ....... ਤੁਸੀਂ ਇਸ ਨੂੰ ਜਾਣਦੇ ਹੋ। ਅਤੇ ਇੱਥੋਂ ਤੱਕ ਇਸ ਕਾਗਜ਼ ਦੇ ਟੁਕੜੇ ਉੱਤੇ ਬਣਿਆ ਹਰ ਇੱਕ ਚਿੱਤਰ ਬਿਲਕੁੱਲ ਠੀਕ ਠੀਕ ਉਹਨਾਂ ਗੱਲਾਂ ਨੂੰ ਬਿਆਨ ਕਰਦਾ ਹੈ। ਹੋ ਸੱਕਦਾ ਹੈ ਕਿ ਕੁੱਲ ਮਿਲਾ ਕੇ ਇਹ ਠੀਕ ਨਾ ਹੋਵੇ ਪ੍ਰੰਤੂ ਜਿਵੇਂ ਵੀ ਹੋਵੇ ਜਿੱਥੋਂ ਤੱਕ ਇਸਦੇ ਬਾਰੇ ਵਿੱਚ ਮੈਂ ਜਾਣਦਾ ਹਾਂ ਇਹ ਇੰਨਾ ਹੀ ਹੈ। ਜੇ ਮੈਂ ਕਿਸੇ ਕੰਮ ਨੂੰ ਕਰਨ ਦਾ ਯਤਨ ਕਰਦਾ ਹਾਂ ਅਤੇ ਆਪਣੇ ਵੱਲੋਂ ਜਿੰਨਾ ਹੋ ਸਕੇ ਓਨਾ ਹੀ ਠੀਕ ਢੰਗ ਨਾਲ ਕਰਨ ਦਾ ਯਤਨ ਕਰਦਾ ਹਾਂ, ਅਤੇ ਇਸਦੇ ਬਾਵਜੂਦ ਵੀ ਮੇਰੇ ਕੋਲੋਂ ਉਹ ਕੰਮ ਕਰਨ ਵਿੱਚ ਗਲਤੀ ਹੋ ਜਾਂਦੀ ਹੈ, ਅਤੇ ਜਿੱਥੇ ਤੱਕ ਮੈਂ ਜਾਣਦਾ ਹਾਂ, ਪ੍ਰਮੇਸ਼ੁਰ ਮੈਨੂੰ ਉਸ ਗਲਤੀ ਲਈ ਜੋ ਮੈਂ ਕੀਤੀ ਹੈ, ਜਰੂਰ ਮਾਫ ਕਰ ਦੇਵੇਗਾ।

18 ਪਰ ਹੁਣ ਉਹ ਪਹਿਲੀਆਂ ਤਿੰਨ ਪੁਸਤਕਾਂ ਤਾਂ ਸੱਤ ਕਲੀਸਿਯਾਈ ਯੁੱਗ ਹਨ। ਅਤੇ ਇਸ ਤੋਂ ਬਾਦ ਪ੍ਰਕਾਸ਼ ਪੋਥੀ ਦੇ ਚੋਥੇ ਬਾਬ ਵਿੱਚ ਅਸੀਂ ਵੇਖਦੇ ਹਾਂ ਕਿ ਯੂਹੰਨਾ ਉੱਪਰ ਉਠਾ ਲਿਆ ਜਾਂਦਾ ਹੈ। ਵੇਖਿਆ ? ਪ੍ਰਕਾਸ਼ ਦੀ ਪੋਥੀ ਦੇ ਪਹਿਲੇ ਤਿੰਨ ਬਾਬ ਵਿੱਚ ਅਸੀਂ ਕਲੀਸਿਆਂ ਵੇਖਦੇ ਹਾਂ। ਇਹਨਾਂ ਬਾਬਾਂ ਵਿੱਚ ਕਲੀਸਿਯਾਵਾਂ ਦੇ ਬਾਰੇ ਵਿੱਚ ਬਹੁਤਾ ਕੁਝ ਨਹੀਂ ਦੱਸਿਆ ਗਿਆ ਹੈ। ਮੈਂ ਸੋਚਦਾ ਹਾਂ ਕਿ ਇਹ ਹੀ ਕਾਰਨ ਹੈ ਕਿ ਲੋਕ ਏਨੀ ਹੈਰਾਨੀ ਵਿੱਚ ਹਨ। ਉਹ ਕਲੀਸਿਯਾ ਨੂੰ ਕਸ਼ਟ ਕਾਲ ਦੇ ਸਮੇਂ ਵਿੱਚ ਵਿਖਾਉਣ ਦਾ ਯਤਨ ਕਰਦੇ ਹਨ, ਉਹ ਉਹਨਾਂ ਗੱਲਾਂ ਨੂੰ ਜੋ ਕਿ ਵਾਪਰਨ ਵਾਲੀਆਂ ਹਨ ਕਲੀਸਿਯਾ ਤੇ ਲਾਗੂ ਕਰਦੇ ਹਨ। ਅਤੇ ਜਿਵੇਂ ਕਿ ਮੈਂ ਕੱਲ ਐਤਵਾਰ ਦੱਸਿਆ ਸੀ : ਪਹਿਲੀ ਗੱਲ ਤੁਸੀਂ ਜਾਣਦੇ ਹੋ ਕਿ ਉਹ ਕਲੇਸ਼ ਆਉਣਗੇ, ਅਤੇ ਤੁਸੀਂ ਹੈਰਾਨ ਹੋਵੋਗੇ ਕਿਉਂ ਨਹੀਂ ......... ਪ੍ਰੰਤੂ ਪਹਿਲਾਂ ਕਲੀਸਿਯਾ ਦਾ ਉਠਾਇਆ ਜਾਣਾ ਹੈ। ਅਤੇ ਇਹ ਇਸ ਤਰ੍ਹਾਂ ਹੋਵੇਗਾ ਜਿਵੇਂ ਪਹਿਲਾਂ ਹੋ ਚੁੱਕਾ ਹੈ, ਇਹ ਹੋ ਵੀ ਜਾਵੇਗਾ ਅਤੇ ਤੁਹਾਨੂੰ ਇਸਦਾ ਪਤਾ ਵੀ ਨਾ ਲੱਗੇਗਾ। ਸਮਝੇ ?

19 ਹੁਣ, ਉਸ ਕਲੀਸਿਯਾ ਲਈ, ਪਰਾਈਆਂ ਜਾਤੀਆਂ ਦੀ ਕਲੀਸਿਯਾ ਲਈ, ਦੁਲਹਨ ਲਈ ਬਹੁਤ ਸਾਰੇ ਦਾ ਵਾਇਦਾ ਨਹੀਂ ਕੀਤਾ ਗਿਆ ਹੈ। ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਆਪਣੇ ਜ਼ਿਹਨ ਵਿੱਚ ਬਿਠਾ ਲਓ, ਇੱਕ ਕਲੀਸਿਯਾ ( ਨਾਮਧਾਰੀ ) ਹੈ ਅਤੇ ਇੱਕ ਦੁਲਹਨ ਹੈ। ਸਮਝੇ?

20 ਤੁਹਾਨੂੰ ਹਮੇਸ਼ਾਂ ਹੀ ਇਸਨੂੰ ਤਿੰਨਾਂ ਵਿੱਚ ਚਲਾਉਣਾ ਹੈ ; ਕਿਉਂਕਿ ਚਾਰ ਗਲਤ ਹਨ।ਤਿੰਨ! ਤਿੰਨ, ਸੱਤ, ਦਸ, ਬਾਰਾਂ, ਅਤੇ ਚੱਵੀ, ਅਤੇ ਚਾਲੀ ਅਤੇ ਪੰਜਾਹ ਅਤੇ ਉਹਨਾਂ ਅਣ -ਟੁੱਟ ਸੰਖਿਆਵਾਂ ਨੂੰ ਯਾਦ ਰੱਖੋ। ਬਾਈਬਲ ...... ਹੈ ...... ਅਤੇ ਖੁਦਾ ਆਪਣਾ ਸੰਦੇਸ਼ ਬਾਈਬਲ ਦੀ ਗਣਿਤ ਸੰਖਿਆ ਦੇ ਨਾਲ ਚਲਾਉਂਦਾ ਹੈ। ਜੇ ਤੁਸੀਂ ਕਿਸੇ ਵੀ ਚੀਜ ਨੂੰ ਉਸ ਸੰਖਿਆ ਤੋਂ ਲਾਂਭੇ ਜਾਂਦੇ ਵੇਖੋ, ਤਾਂ ਤੁਸੀਂ ਇਸਦਾ ਧਿਆਨ ਰੱਖਣਾ। ਤੁਸੀਂ ਪਾਓਗੇ ਕਿ ਇਹ ਗੱਲ ਕਿਸੇ ਅਗਲੀ ਗੱਲ ਦੇ ਨਾਲ ਮੇਲ ਨਹੀਂ ਖਾਂਦੀ ਹੈ। ਇਸ ਲਈ ਤੁਸੀਂ ਇਸਨੂੰ ਦੁਬਾਰਾ ਉਸੇ ਜਗ੍ਹਾ ਤੋਂ ਵੇਖੋ ਜਿੱਥੋਂ ਤੁਸੀਂ ਇਸਨੂੰ ਵੇਖਣਾ ਸ਼ੁਰੂ ਕੀਤਾ ਸੀ।

21 ਭਾਈ ਵੇਇਲੇ, ਭਾਈ ਲੀ ਵੇਇਲੇ, ਉਹ -ਉਹ .......ਮੈਂ ਸੋਚਦਾ ਹਾਂ ਕਿ ਉਹ ਇੱਥੇ ਹਨ।ਕਿਸੇ ਦੂਸਰੇ ਦਿਨ ਅਸੀਂ ਉਹਨਾਂ ਲੋਕਾਂ ਬਾਰੇ ਗੱਲ ਕਰ ਰਹੇ ਸਾਂ ਜੋ ਕਿ ਕੁਰਾਹੇ ਪੈ ਰਹੇ ਸਨ। ਇਹ ਤਾਂ ਗੋਲੀ ਦੇ ਨਿਸ਼ਾਨੇ ਵਾਂਗ ਹੈ। ਜੇ ਬੰਦੂਕ ਪੂਰੀ ਤਰ੍ਹਾਂ ਸਤੁੰਲਨ ਵਿੱਚ ਹੈ, ਪੂਰੀ ਤਰ੍ਹਾਂ ਸੰਭਾਲੀ ਅਤੇ ਨਿਸ਼ਾਨੇ ਦੀ ਵੱਲ ਹੈ ਤਾਂ ਗੋਲੀ ਸਿੱਧੀ ਨਿਸ਼ਾਨੇ ਦੇ ਉੱਤੇ ਹੀ ਲੱਗੇਗੀ ; ਜਦ ਤੱਕ ਕਿ ਉਸਦੀ ਨਾਲੀ ਹਿੱਲੇ ਨਾ, ਜਾਂ ਟੇਡੀ ਮੇਢੀ ਨਾ ਹੋ ਜਾਵੇ ਜਾਂ ਫਿਰ ਕੰਪਨ ਇਸ ਨੂੰ ਹਿਲਾ ਨਾ ਦੇਵੇ ਜਾਂ ਹਵਾ ਦੇ ਨਾਲ ਉਹ ਹਿਲਦੀ ਨਹੀਂ ਹੈ ...... ਜਾਂ ਕੁਝ ਹੋਰ ਨਹੀਂ ਹੁੰਦਾ ਹੈ। ਜੇ ਉਸਨੇ ਨਿਸ਼ਾਨੇ ਨੂੰ ਵਿੰਨਣਾ ਹੈ, ਤਾਂ ਉਸਨੂੰ ਵਿੰਨਣ ਦਾ ਇੱਕ ਹੀ ਤਰੀਕਾ ਹੈ ਕਿ ਫਿਰ ਦੁਬਾਰਾ ਉਸੇ ਜਗ੍ਹਾ ਤੋਂ ਨਿਸ਼ਾਨਾ ਲਗਾਇਆ ਜਾਵੇ ਜਿੱਥੋਂ ਨਿਸ਼ਾਨਾ ਖੁੰਝ ਗਿਆ ਸੀ, ਇਸਨੂੰ ਫਿਰ ਉਸੇ ਜਗ੍ਹਾ ਤੋਂ ਸ਼ੁਰੂ ਕੀਤਾ ਜਾਵੇ ਜਿੱਥੇ ਇਹ ਕੁਰਾਹੇ ਪੈ ਗਈ ਸੀ। ਜੇ ਅਜਿਹਾ ਨਹੀਂ ਕੀਤਾ ਜਾਂਦਾ ਹੈ ਤਾਂ ਉਹ ਨਿਸ਼ਾਨਾ ਨਹੀਂ ਵਿੰਨੇਗੀ।

22 ਅਤੇ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਇਸੇ ਤਰ੍ਹਾਂ ਹੀ ਲਿਖਤਾਂ ਦੇ ਅਧਿਐਨ ਕਰਨ ਦੇ ਬਾਰੇ ਵਿੱਚ ਹੈ। ਜੇ ਅਸੀਂ ਇਹ ਵੇਖਦੇ ਹਾਂ ਕਿ ਅਸੀਂ ਵਚਨ ਵਿੱਚੋਂ ਕੋਈ ਗੱਲ ਸ਼ੁਰੂ ਕੀਤੀ ਹੈ ਅਤੇ ਉਸਦਾ



ਉਸਦੇ ਵਿੱਚੋਂ ਬਾਹਰ ਨਿੱਕਲ ਆਓ !"ਜਦ ਉਹ ਦੂਤ ਉੱਡਦਾ ਹੈ, ਅਤੇ ਉਸੇ ਹੀ ਸਮੇਂ ਆਖਰੀ ਤੁਰ੍ਹੀ ਦੇ ਲਈ ਇੱਕ ਸੰਦੇਸ਼ ਆਉਂਦਾ ਹੈ ਅਰਥਾਤ ਆਖਰੀ ਦੂਤ ਦਾ ਸੰਦੇਸ਼, ਅਤੇ ਆਖਰੀ ਮੋਹਰ ਖੁੱਲ੍ਹਦੀ ਹੈ।

ਇਹ ਸੱਭ ਕੁਝ ਇੱਕ ਹੀ ਸਮੇਂ ਤੇ ਹੁੰਦਾ ਹੈ।ਜੀ ਹਾਂ, ਸ਼੍ਰੀਮਾਨ ਜੀ।ਅਤੇ ਉਹ ਸੱਭ ਕੁਝ ਉਲਟ ਕੇ ਸਿੱਧਾ ਅਨੰਤਤਾ ਵਿੱਚ ਚਲਿਆ ਜਾਂਦਾ ਹੈ।

389 ਹੁਣ ਕੀ ਹੁੰਦਾ ਹੈ? ਜਿਸ ਸਮੇਂ ਇਹ ਮਨੁੱਖ ਜਿੱਤ ਪ੍ਰਾਪਤ ਕਰ ਰਿਹਾ ਹੈ ਉਸੇ ਸਮੇਂ .........ਹੁਣ ਮੈਂ ਖਤਮ ਕਰਾਂਗਾ। ਪ੍ਰਮੇਸ਼ੁਰ ਉਸ ਵੇਲੇ ਵੀ ਕੁਝ ਕਰਨ ਜਾ ਰਿਹਾ ਹੈ।ਅਸੀਂ ਇੱਥੇ ਸਾਰਾ ਸਤਿਕਾਰ ਸ਼ੈਤਾਨ ਨੂੰ ਨਾ ਦੇਈਏ, ਸਮਝੇ।ਆਓ ਉਸਦੇ ਬਾਰੇ ਵਿੱਚ ਹੀ ਗੱਲਾਂ ਨਾ ਕਰੀ ਜਾਈਏ। ਸਮਝੇ? ਜਦ ਕਿ ਇਹ ਮਹਾਨ ਗੱਲ ਉੱਥੇ ਬਾਹਰ ਹੋ ਰਹੀ ਹੈ, ਇਹ ਮਹਾਨ ਪ੍ਰਣਾਲੀ ਇਹਨਾਂ ਜੱਥੇਬੰਦੀਆਂ ਦੇ ਇਕੱਠ ਵਿੱਚ ਜੁੜ ਰਹੀ ਹੈ, ਤਾਂ ਕਿ ਉਹ ਇੱਕਠੇ ਖੜੇ ਹੋ ਸਕਣ ਅਤੇ ਸਾਮਵਾਦ ਦੇ ਵਿਰੁੱਧ ਖੜੇ ਹੋ ਸਕਣ। ਅਤੇ ਉਹ ਨਹੀਂ ਜਾਣਦੇ ਹਨ ਕਿ ਖੁਦਾ ਨੇ ਹੀ ਸਾਮਵਾਦ ਨੂੰ ਖੜਾ ਕੀਤਾ ਹੈ ਤਾਂ ਕਿ ਇਹ ਉਹਨਾਂ ਉੱਤੇ ਜਿੱਤ ਪ੍ਰਾਪਤ ਕਰੇ। ਬਿਲਕੁੱਲ ਇਸੇ ਤਰ੍ਹਾਂ ਹੀ ਹੈ।

390 ਉਹ ਕੀ-ਕੀ-ਕੀ ਕਾਰਨ ਸੀ ਜਿਸ ਨਾਲ ਰੂਸ ਵਿੱਚ ਸਾਮਵਾਦ ਖੜਾ ਹੋਇਆ ? ਰੋਮਨ ਚਰਚ ਅਤੇ ਬਾਕੀ ਦੇ ਚਰਚਾਂ ਦੀ ਪਲੀਤਗੀ ਦੇ ਕਾਰਨ। ਉਹਨਾਂ ਨੇ ਜਿੰਨਾ ਵੀ ਮਾਲ ਧਨ ਰੂਸ ਵਿੱਚ ਸੀ ਹੜੱਪ ਲਿਆ ਅਤੇ ਉਹਨਾਂ ਨੂੰ ਭੁੱਖੇ ਮਾਰਿਆ, ਅਤੇ ਉਹਨਾਂ ਨੂੰ ਕੁਝ ਵੀ ਨਹੀਂ ਦਿੱਤਾ, ਅਤੇ ਇਸਦੇ ਇਲਾਵਾ ਕੁਝ ਨਹੀਂ ਦਿੱਤਾ ਕਿ ਬਾਕੀ ਸੰਸਾਰ ਵਾਂਗ ਉਹ ਵੀ ਜੀਉਣ।

391 ਜਿਆਦਾ ਸਮਾਂ ਨਹੀਂ ਹੋਇਆ ਮੈਂ ਮੈਕਸੀਕੋ ਵਿੱਚ ਸਾਂ, ਅਤੇ ਉੱਥੇ ਮੈਂ ਉਹਨਾਂ ਗਰੀਬ ਛੋਟੇ ਬੱਚਿਆਂ ਨੂੰ ਵੇਖਿਆ ਸੀ।ਕੋਈ ਵੀ ਕੈਥੋਲਿਕ ਦੇਸ਼ ਆਤਮ ਨਿਰਭਰ ਨਹੀਂ ਹੈ।ਉਹਨਾਂ ਵਿੱਚੋਂ ਕੋਈ ਵੀ ਦੇਸ਼ ਆਤਮ ਨਿਰਭਰ ਨਹੀਂ ਹੈ।ਮੈਨੂੰ ਪੁੱਛੋ ਕਿੱਥੇ।ਮੈਨੂੰ ਵਿਖਾਓ ਕਿ ਉਹ ਕਿੱਥੇ ਹਨ।ਕੋਈ ਵੀ ਦੇਸ਼ ਜਿਹੜਾ ਕੈਥੋਲਿਕ ਕਲੀਸਿਯਾ ਦੁਆਰਾ ਨਿਯੰਤਰਣ ਕੀਤਾ ਜਾਂਦਾ ਹੈ, ਉਹ ਏਨਾ ਵੀ ਆਤਮ ਨਿਰਭਰ ਨਹੀਂ ਹੁੰਦਾ ਹੈ ਕਿ ਉਹ ਆਪਣੀ ਸਹਾਇਤਾ ਆਪ ਕਰ ਸਕੇ।ਫਰਾਂਸ,ਇਟਲੀ,ਮੈਕਸੀਕੋ ਜਾਂ ਜਿੱਥੇ ਕਿਤੇ ਵੀ ਤੁਸੀਂ ਜਾਓ, ਤੁਸੀਂ ਉਹਨਾਂ ਨੂੰ ਆਤਮ ਨਿਰਭਰ ਨਹੀਂ ਪਾਓਗੇ।ਇਸ ਤਰ੍ਹਾਂ ਕਿਉਂ ਹੈ? ਕਿਉਂਕਿ ਕੈਥੋਲਿਕ ਕਲੀਸਿਯਾ ਨੇ ਜੋ ਕੁਝ ਵੀ ਉਹਨਾਂ ਦੇ ਕੋਲ ਸੀ ਹੜੱਪ ਲਿਆ ਹੈ। ਇਹ ਹੀ ਕਾਰਨ ਹੈ ਕਿ ਰੂਸ ਨੇ ਇਸ ਕਥੋਲਿਕ ਕਲੀਸਿਯਾ ਨੂੰ ਆਪਣੇ ਵਿੱਚੋਂ ਬਾਹਰ ਕੱਢ ਦਿੱਤਾ। ਤੁਸੀਂ ਵੇਖਦੇ ਰਹੋ ਕਿ ਕੀ ਹੁੰਦਾ ਹੈ।

392 ਮੈਂ ਖੁਦ ਇਸਨੂੰ ਜਾਣਦਾ ਹਾਂ।ਮੈਂ ਉੱਥੇ ਖੜਾ ਸੀ।ਤੁਸੀਂ ਸੋਚੋਗੇ ਕਿ ਗੋਲਡਨ ਜੁਬਲੀ ਚੱਲ ਰਹੀ ਸੀ, ਅਤੇ ਤੁਸੀਂ ਘੰਟੀਆਂ ਵੱਜਦੀਆਂ ਸੁਣ ਰਹੇ ਸੀ। ਅਤੇ ਉੱਥੇ ਇੱਕ ਵਿਚਾਰੀ ਗਰੀਬ ਔਰਤ ਗਲੀ ਵਿੱਚ ਚੱਲਦੀ ਹੋਈ ਆਈ, ਉਹ ਆਪਣੇ ਪੈਰਾਂ ਨੂੰ ਘਸੀਟਦੀ ਹੋਈ ਆਈ।ਅਤੇ ਪਿਤਾ ਨੇ ਆਪਣੇ ਦੋ ਜਾਂ ਤਿੰਨ ਬੱਚੇ ਚੁੱਕੇ ਹੋਏ ਸਨ ਜੋ ਰੋ ਰਹੇ ਸਨ।ਉਹ ਔਰਤ ਕਿਸੇ ਹੋਰ ਜ਼ਨਾਨੀ ਲਈ ਪਸ਼ਚਾਤਾਪ ਕਰ ਰਹੀ ਸੀ ਜੋ ਕਿ ਉੱਥੇ ਉੱਪਰ ਮਰ ਗਈ ਸੀ।ਉਹ ਸੀ .........ਅਤੇ ਉਹ ਸੋਚਦੀ ਸੀ ਕਿ ਇਸ ਤਰ੍ਹਾਂ ਕਰਨ ਨਾਲ ਉਹ ਮਰੀ ਔਰਤ ਸਵਰਗ ਵਿੱਚ ਪਹੁੰਚ ਜਾਵੇਗੀ।ਓਹ, ਕਿੰਨੀ ਦੁੱਖ ਵਾਲੀ ਗੱਲ ਹੈ !

383 ਮੇਰੇ ਅਭਾਗੇ ਅਤੇ ਅੰਨ੍ਹੇ ਦੋਸਤੋ, ਮੈਂ ਤੁਹਾਨੂੰ ਕੁਝ ਦੱਸਦਾ ਹਾਂ।ਸੰਸਾਰ ਨੂੰ ਪੈਸੇ ਦੇ ਨਾਲ ਨਹੀਂ ਜਿੱਤਿਆ ਜਾਂਦਾ ਹੈ, ਪ੍ਰੰਤੂ ਯਿਸੂ ਮਸੀਹ ਦੇ ਲਹੂ ਦੇ ਨਾਲ ਜਿੱਤਿਆ ਜਾਂਦਾ ਹੈ।ਪ੍ਰਮੇਸ਼ੁਰ ਨੂੰ ਬਹਾਦਰ ਆਦਮੀ ਦਿਓ ਜਿਹੜੇ ਕਿ ਚਾਹੇ ਜੀਣ ਜਾਂ ਮਰਨ ਪਰ ਉਸ ਵਚਨ ਤੇ ਖੜੇ ਰਹਿਣ ;ਉਹ ਹੀ ਸੰਸਾਰ ਨੂੰ ਜਿੱਤਣਗੇ।ਅਹ-ਹਾ। ਕੇਵਲ ਇੱਕ ਹੀ ਚੀਜ ਹੈ ਜੋ ਦੁਨੀਆਂ ਨੂੰ ਜਿੱਤ ਸੱਕਦੀ ਹੈ, ਉਹ ਜਿਹਨਾਂ ਦੇ ਨਾਮ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਹਨ।ਬਸ ਉਹ ਹੀ ਖੁਦਾ ਦਾ ਵਚਨ ਸੁਣਨਗੇ।ਪੈਸੈ ਦਾ ਇਸਦੇ ਨਾਲ ਕੋਈ ਵੀ ਲੈਣਾ ਦੇਣਾ ਨਹੀਂ ਹੈ ; ਪੈਸਾ ਤਾਂ ਉਹਨਾਂ ਨੂੰ ਉਹਨਾਂ ਦੀਆਂ ਮਿਸ਼ਨਾਂ ਦੇ ਰੀਤੀ ਰਿਵਾਜਾਂ ਵਿੱਚ ਹੋਰ ਵੀ ਅਗਾਂਹ ਲੈ ਜਾਂਦਾ ਹੈ।

384 ਆਓ ਵੇਖੀਏ। ਉਹ ਬਹੁਤ ਹੀ ਪੜ੍ਹਿਆ ਲਿਖਿਆ ਸੋਚ ਵਿਚਾਰ ਵਾਲਾ ਅਤੇ ਬੁੱਧੀਮਾਨ ਆਦਮੀ ਹੋਵੇਗਾ। ਉਹ ਬਹੁਤ ਹੀ ਤੇਜ ਹੋਵੇਗਾ।ਮੇਰੇ, ਮੇਰੇ, ਮੇਰੇ ਪ੍ਰਭੂ ਅਤੇ ਉਸਦੇ ਸਾਰੇ ਬੱਚੇ ਵੀ ਉਸੇ ਵਾਂਗ ਤੇਜ਼ ਹੋਣਗੇ, ਉਹ ਪੀ .ਐਚ.ਡੀ .,ਐਲ ਐਲ.ਡੀ ., ਡਬਲ ਐਲ.ਡੀ., ਕਿਓ.ਐਸ.ਡੀ., ਏ .ਬੀ . ਸੀ .ਡੀ .ਈ .ਐਫ ਅਤੇ ਹੇਠਾਂ ਯੈਡ ਤੱਕ ਹੋਣਗੇ।ਉਹ ਸੱਭ ਬਹੁਤ ਹੀ ਤੇਜ਼ ਬੁੱਧੀ ਵਾਲੇ ਹੋਣਗੇ।ਅਜਿਹਾ ਕਿਉਂ ਹੈ? ਕਿਉਂਕਿ ਇਹ ਸੱਭ ਸ਼ੈਤਾਨ ਦੇ ਪ੍ਰਬੰਧ ਅਨੁਸਾਰ ਹੈ।ਕੋਈ ਵੀ ਸਿਆਣੀ ਚਤੁਰਾਈ ਜੋ ਕਿ ਬਾਈਬਲ ਦੇ ਵਿਰੁੱਧ ਹੈ ਉਹ ਸ਼ੈਤਾਨ ਵੱਲੋਂ ਹੈ।

385 ਬਿਲਕੁੱਲ ਇਹਦੇ ਨਾਲ ਹੀ ਉਸਨੇ ਹੱਵਾਹ ਨੂੰ ਭਰਮਾਇਆ ਸੀ। ਹੱਵਾਹ ਨੇ ਕਿਹਾ, " ਇਹ ਲਿਖਿਆ ਹੋਇਆ ਹੈ, ਖੁਦਾ ਨੇ ਸਾਨੂੰ ਆਖਿਆ ਹੈ ਕਿ ਤੁਸੀਂ ਉਹ ਨਹੀਂ ਕਰਨਾ ਹੈ।"

386 ਪਰ ਉਹਨੇ ਆਖਿਆ, " ਪਰ ਰੁਕੋ, ਪ੍ਰਮੇਸ਼ੁਰ ਯਕੀਨਨ ਇਸ ਤਰ੍ਹਾਂ ਨਹੀਂ ਕਰੇਗਾ।ਪ੍ਰੰਤੂ ਮੈਂ ਤੁਹਾਡੀਆਂ ਅੱਖਾਂ ਖੋਲ੍ਹ ਦਿਆਂਗਾ ਅਤੇ ਤੁਹਾਨੂੰ ਕੁਝ ਗਿਆਨ ਦੇਵਾਂਗਾ।" ਉਹ(ਹੱਵਾਹ)ਨੇ ਇਹ ਪ੍ਰਾਪਤ ਕਰ ਲਿਆ।

387 ਅਸੀਂ ਉਸਦੀ ਚਾਹ ਕਰ ਰਹੇ ਸੀ। ਅਤੇ ਸਾਨੂੰ ਵੀ, ਇਸ ਕੋਮ ਨੂੰ ਉਹ ਮਿਲ ਗਿਆ ਹੈ।ਧਿਆਨ ਦਿਓ, ਉਹ ਸਾਰੇ ਧਾਰਮਿਕ ਸੰਸਾਰ ਤੇ ਜਿੱਤ ਪ੍ਰਾਪਤ ਕਰ ਲਵੇਗਾ।ਉਹ ਜਿੱਤ ਪ੍ਰਾਪਤ ਕਰ ਲਵੇਗਾ, ਉਹ ਦਾਨੀਏਲ ਦੇ ਲੋਕਾਂ ਨਾਲ ਇੱਕ ਨੇਮ ਬੰਨ੍ਹੇਗਾ। ਇਹ ਨੇਮ ਪਰਾਈਆਂ ਜਾਤੀਆਂ ਅਤੇ ਦਾਨੀਏਲ ਦੇ ਲੋਕਾਂ ਦੇ ਵਿੱਚ, ਯਹੂਦੀਆਂ ਲਈ ਠਹਿਰਾਏ ਗਏ ਸਾਤਿਆਂ ਦੇ ਆਖਰੀ ਸਾਤੇ ਵਿੱਚ ਬੰਨ੍ਹੀ ਜਾਵੇਗੀ।ਅਤੇ ਅਸੀਂ ਇਸਨੂੰ ਵੇਖ ਚੁੱਕੇ ਹਾਂ।ਇੱਥੋਂ ਤੱਕ ਕਿ ਅਸੀਂ ਬਲੈਕ ਬੋਰਡ ਤੇ ਇਸਦਾ ਚਿੱਤਰ ਬਣਾ ਕੇ ਅਧਿਐਨ ਕਰ ਚੁੱਕੇ ਹਾਂ।ਅਤੇ ਤੁਸੀਂ ਇਸਨੂੰ ਚੰਗੀ ਤਰ੍ਹਾਂ ਵੇਖਦੇ ਹੋ, ਕਿ ਇਹ ਕਿੱਥੇ ਹੈ।ਪ੍ਰਮੇਸ਼ੁਰ ਦਾ ਧੰਨਵਾਦ ਹੋਵੇ।ਇਹ ਜੱਥੇਬੰਦੀਆਂ ਦੀ ਪ੍ਰਣਾਲੀ ਸ਼ੈਤਾਨ ਵੱਲੋਂ ਹੈ।ਸਮਝੇ ? ਅਤੇ ਉਹ ਇਸ ਤੇ ਕਿਸੇ ਕਿਸਮ ਦਾ ਕੋਈ ਜ਼ਖਮ ਵੀ ਨਹੀਂ ਕਰਦਾ ਹੈ।ਬਿਲਕੁੱਲ। ਇਹ ਤਾਂ ਸ਼ੈਤਾਨ ਦੀ ਜੜ੍ਹ ਹੈ। ਇਹ ............

388 ਹੁਣ, ਉਹ ਲੋਕ ਨਹੀਂ, ਉੱਥੇ ਲੋਕ ਇਸ ਤਰ੍ਹਾਂ ਨਹੀਂ ਹਨ। ਉਹਨਾਂ ਵਿੱਚ ਬਥੇਰੇ ਪ੍ਰਮੇਸ਼ੁਰ ਦੇ ਲੋਕ ਹਨ। ਪਰ ਤੁਸੀਂ ਜਾਣਦੇ ਹੋ, ਜਦ ਅਸੀਂ ਇੱਥੇ ਪਹੁੰਚਾਂਗੇ, ਜਦ ਤੱਕ ਕਿ ਅਸੀਂ ਇਹਨਾਂ ਤੁਰ੍ਹੀਆਂ ਦਾ ਅਧਿਐਨ ਨਾ ਕਰੀਏ -ਮੈਂ ਉਹਨਾਂ ਤੁਰ੍ਹੀਆਂ ਦੇ ਫੂਕੇ ਜਾਣ ਤੇ ਪ੍ਰਚਾਰ ਕਰਾਂਗਾ।ਯਾਦ ਰੱਖੋ, ਜਦ ਉਹ ਆਖਰੀ ਦੂਤ ........ਉਹ ਤੀਸਰਾ ਦੂਤ ਆਇਆ ਅਤੇ ਉਸਨੇ ਕਿਹਾ, " ਮੇਰੇ ਲੋਕੋ



ਬਿਲਕੁੱਲ ਠੀਕ, ਠੀਕ ਅਰਥ ਨਹੀਂ ਨਿੱਕਲਦਾ ਹੈ ਅਤੇ ਤੁਸੀਂ ਵੇਖਦੇ ਹੋ ਕਿ ਇਹ ਇਸ ਤਰ੍ਹਾਂ ਨਹੀਂ ਹੈ ਜਿਸ ਤਰ੍ਹਾਂ ਕਿ ਇਹ ਹੋਣਾ ਚਾਹੀਦਾ ਹੈ ਤਾਂ ਤੁਸੀਂ ਕਿੱਧਰੇ ਕੋਈ ਗਲਤੀ ਕੀਤੀ ਹੈ ਅਤੇ ਤਹਾਨੂੰ ਫਿਰ ਪਿਛਾਂਹ ਆਉਣਾ ਪੈਂਦਾ ਹੈ। ਤੁਸੀਂ ਹਰਗਿਜ ਵੀ ਵਚਨ ਨੂੰ ਆਪਣੇ ਮਨ ਨਾਲ ਨਹੀਂ ਉਲੀਕ ਸੱਕਦੇ ਹੋ। ਇਹ ਬਸ ਇੰਝ ਨਹੀਂ ...........

23 ਅਸੀਂ ਲਿਖਤਾਂ ਦੇ ਰਾਹੀਂ ਪਤਾ ਲਾਇਆ ਹੈ ਕਿ ਨਾ ਕੋਈ ਆਦਮੀ ਸੁਰਗ ਨਾ ਧਰਤੀ ਉੱਤੇ ਜਾਂ ਧਰਤੀ ਦੇ ਹੇਠ ਸੀ ਅਤੇ ਨਾ ਹੀ ਕੋਈ ਅਜਿਹਾ ਹੋਵੇਗਾ ਜੋ ਇਸ ਤਰ੍ਹਾਂ ਕਰ ਸਕੇ। ਸਿਰਫ ਲੇਲਾ ਹੀ ਇਸ ਤਰ੍ਹਾਂ ਕਰ ਸੱਕਦਾ ਹੈ। ਇਸ ਲਈ ਸੈਮਨਰੀ ਦੀ ਵਿਆਖਿਆ, ਜਾਂ ਕੁਝ ਵੀ ਇਹ ਹੋਵੇ, ਇਹ ਕੁਝ ਵੀ ਨਹੀਂ ਹੈ। ਸਮਝੇ ? ਲੇਲਾ ਹੀ ਇਸਨੂੰ ਪ੍ਰਗਟ ਕਰ ਸੱਕਦਾ ਹੈ। ਬਸ ਇਹ ਹੀ ਗੱਲ ਹੈ, ਅਸੀਂ ਯਕੀਨ ਕਰਦੇ ਹਾਂ ਕਿ ਉਹ ਸਾਡੀ ਮੱਦਦ ਕਰੇਗਾ।

24 ਯੂਹੰਨਾ 4 ਬਾਬ ਵਿੱਚ ਯੂਹੰਨਾ ਉਹਨਾਂ ਗੱਲਾਂ ਨੂੰ ਵੇਖਣ ਦੇ ਲਈ, " ਜੋ ਸੀ, ਜੋ ਹੈ, ਅਤੇ ਜੋ ਆਉਣ ਵਾਲਾ ਹੈ ", ਉਤਾਂਹ ਉਠਾ ਲਿਆ ਜਾਂਦਾ ਹੈ। ਪ੍ਰੰਤੂ ਕਲੀਸਿਯਾ 4 ਬਾਬ ਵਿੱਚ ਸਮਾਪਤ ਹੋ ਜਾਂਦੀ ਹੈ। ਅਰ ਮਸੀਹ ਕਲੀਸਿਯਾ ਨੂੰ ਉਤਾਂਹ ਚੁੱਕ ਲੈਂਦਾ ਹੈ, ਕਲੀਸਿਯਾ ਉੱਪਰ ਚੁੱਕ ਲਈ ਜਾਂਦੀ ਹੈ ਕਿ ਉਸ ਨਾਲ ਹਵਾ ਵਿੱਚ ਮਿਲੇ, ਅਤੇ 19 ਬਾਬ ਵਿੱਚ ਤਦ ਤੱਕ ਫਿਰ ਦੁਬਾਰਾ ਵਿਖਾਲੀ ਨਹੀਂ ਦਿੰਦੀ ਹੈ, ਜਦ ਤੱਕ ਉਹ ਉਸਦੇ ਨਾਲ ਵਾਪਿਸ ਨਹੀਂ ਆਉਂਦੀ ਹੈ .........ਅਤੇ ਜਦ ਉਹ ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ ਹੋ ਕੇ ਆਉਂਦਾ ਹੈ ਤਾਂ ਕਲੀਸਿਯਾ ਉਸਦੇ ਨਾਲ ਆਉਂਦੀ ਹੈ।ਅਤੇ ਹੁਣ, ਔਹ, ਮੇਰੀ ਆਸ ਹੈ ਕਿ ਹੋ ਸੱਕਦਾ ਹੈ ਕਿ ਉਸਦੀ ਆਮਦ ਤੋਂ ਪਹਿਲਾਂ ਅਸੀਂ ਕਿਸੇ ਦਿਨ ਇਸਦਾ ਪੂਰੀ ਤਰ੍ਹਾਂ ਅਧਿਐਨ ਕਰਾਂਗੇ। ਜੇ ਅਸੀਂ ਨਾ ਕਰ ਸਕੀਏ, ਜਿਵੇਂ ਵੀ ਹੋਵੇ ਅਸੀਂ ਇਸਨੂੰ ਵੇਖਾਂਗੇ, ਇਸ ਲਈ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਹੈ।

25 ਹੁਣ ਵੇਖੋ ਕਿ ਇਸਦੇ ਪੰਜਵੇਂ ਬਾਬ ਵਿੱਚ ਇਹਨਾਂ ਮੋਹਰਾਂ ਦਾ ਤੋੜਿਆ ਜਾਣਾ ਹੈ, ਅਤੇ ਹੁਣ ਸੱਤਾਂ ਮੋਹਰਾਂ ਦੀ ਪੋਥੀ ਹੈ। ਸੱਭ ਤੋਂ ਪਹਿਲਾਂ ਅਸੀਂ ਪਹਿਲੀ ਮੋਹਰ ਪੜ੍ਹਨਾ ਚਾਹੁੰਦੇ ਹਾਂ।

26 ਇਸਦਾ ਥੋੜਾ ਜਿਹਾ ਹੋਰ ਪਿਛੋਕੜ ਬਣਾਉਣ ਲਈ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਕੱਲ ਸ਼ਾਮ ਅਸੀਂ ਵੇਖਿਆ ਸੀ ਕਿ ਜਦ ਯੂਹੰਨਾ ਨੇ ਦੇਖਿਆ, ਉਸਨੇ ਦੇਖਿਆ ਕਿ ਉਹ ਪੋਥੀ ਹਾਲੇ ਵੀ ਅਸਲੀ (ਮੂਲ )ਮਾਲਕ ਦੇ ਹੱਥ ਵਿੱਚ ਹੈ। ਕੀ ਤੁਹਾਨੂੰ ਯਾਦ ਹੈ ਕਿ ਇਹ ਕਿੰਝ ਗੁਆਚ ਗਈ ਸੀ ? ਆਦਮ ਦੇ ਦੁਆਰਾ। ਉਸਨੇ ਸ਼ੈਤਾਨ ਦੇ ਗਿਆਨ ਲਈ ਜੀਉਣ ਦੀ ਪੋਥੀ ਨੂੰ ਗੁਆ ਲਿਆ, ਅਤੇ ਆਪਣੀ ਮਿਰਾਸ ਨੂੰ ਗੁਆ ਲਿਆ, ਹਰੇਕ ਚੀਜ਼ ਨੂੰ ਗੁਆ ਲਿਆ ; ਅਤੇ ਤਦ ਇਸਨੂੰ ਛੁਡਾਉਣ ਦਾ ਕੋਈ ਰਾਹ ਨਹੀਂ ਸੀ। ਤਦ ਖੁਦਾ ਨੇ ਮਨੁੱਖ ਦੀ ਸੂਰਤ ਧਾਰ ਲਈ ਤੇ ਹੇਠਾਂ ਆ ਗਿਆ ਅਤੇ ਸਾਡੇ ਲਈ ਛੁਡਾਉਣ ਵਾਲਾ ਬਣ ਗਿਆ, ਤਾਂ ਕਿ ਸਾਡਾ ਛੁਟਕਾਰਾ ਕਰ ਸਕੇ।

27 ਅਤੇ ਹੁਣ ਸਾਨੂੰ ਪਤਾ ਲੱਗਦਾ ਹੈ ਕਿ ਬੀਤੇ ਹੋਏ ਦਿਨਾਂ ਦੇ ਵਿੱਚ, ਇਹ ਚੀਜ਼ਾਂ ਜੋ ਕਿ ਭੇਤ ਭਰੀਆਂ ਹਨ ਇਹਨਾਂ ਨੇ ਸਾਡੇ ਉੱਤੇ ਆਖਰੀ ਦਿਨਾਂ ਵਿੱਚ ਖੁੱਲ੍ਹਣਾ ਹੈ।

28 ਅਸੀਂ ਇਸ ਵਿੱਚ ਇਹ ਵੀ ਵੇਖਿਆ ਸੀ ਕਿ ਜਦ ਯੂਹੰਨਾ ਨੇ ਛੁਡਾਉਣ ਵਾਲੇ ਨੇੜੇ ਦੇ ਸਾਕ ਦੇ ਅੱਗੇ ਆਉਣ ਬਾਰੇ ਐਲਾਨ ਸੁਣਿਆ, ਕਿ ਉਹ ਆਣ ਕੇ ਆਪਣੇ ਹੱਕਾਂ ਦਾ ਦਾਅਵਾ ਕਰੇ, ਤਾਂ ਅਜਿਹਾ ਕੋਈ ਵੀ ਆਦਮੀ ਨਹੀਂ ਸੀ ਜੋ ਇਹ ਕਰ ਸਕੇ, ਸੁਰਗ ਵਿੱਚ ਕੋਈ ਵੀ ਆਦਮੀ ਨਹੀਂ

ਸੀ। ਕੋਈ ਵੀ ਆਦਮੀ ਧਰਤੀ ਦੇ ਉੱਤੇ ਨਹੀਂ ਸੀ ਅਤੇ ਨਾ ਹੀ ਕੋਈ ਆਦਮੀ ਧਰਤੀ ਦੇ ਹੇਠ ਸੀ।ਇੱਥੋਂ ਤੱਕ ਕਿ ਪੋਥੀ ਤੇ ਨਿਗਾਹ ਕਰਨ ਦੇ ਵੀ ਕੋਈ ਯੋਗ ਨਹੀਂ ਸੀ। ਥੋੜਾ ਜਿਹਾ ਇਸਦੇ ਬਾਰੇ ਵਿੱਚ ਸੋਚੋ। ਕਿ ਕੋਈ ਵੀ ਉਸ ਪੋਥੀ ਤੇ ਨਿਗਾਹ ਕਰਨ ਦੇ ਯੋਗ ਨਹੀਂ ਸੀ।

29 ਯੂਹੰਨਾ ਨੇ ਰੋਣਾ ਸ਼ੁਰੂ ਕਰ ਦਿੱਤਾ। ਉਹ ਜਾਣਦਾ ਸੀ ਕਿ ਹੁਣ ਛੁਟਕਾਰੇ ਦਾ ਕੋਈ ਮੌਕਾ ਨਹੀਂ ਰਿਹਾ। ਸੱਭ ਕੁਝ ਨਿਸਫਲ ਹੋ ਗਿਆ ਸੀ।

30 ਅਤੇ ਅਸੀਂ ਵੇਖਿਆ ਕਿ ਛੇਤੀ ਹੀ ਉਸਦਾ ਰੋਣਾ ਬੰਦ ਹੋ ਗਿਆ, ਕਿਉਂਕਿ ਚਾਰ ਜੰਤੂਆਂ ਵਿੱਚੋਂ, ਬਲਕਿ ਬਜੁਰਗਾਂ ਵਿੱਚੋਂ ਇੱਕ ਇਹ ਐਲਾਨ ਕਰਦਾ ਹੈ। ਬਜ਼ੁਰਗਾਂ ਵਿੱਚੋਂ ਇੱਕ ਇਹ ਕਹਿੰਦਾ ਹੈ, " ਯੂਹੰਨਾ ਨਾ ਰੋ, ਕਿਉਂਕਿ ਯਹੂਦਾ ਦੇ ਗੋਤ ਦਾ ਬਬਰ ਸ਼ੇਰ ਜਿੱਤ ਗਿਆ ਹੈ ", ਦੂਸਰੇ ਲਫਜ਼ਾਂ ਵਿੱਚ, " ਫਤਿਹ ਪਾ ਲਈ ਹੈ, ਅਤੇ ਜਿੱਤ ਗਿਆ ਹੈ। "

31 ਜਦ ਯੂਹੰਨਾ ਮੁੜਿਆ ਤਾਂ ਉਸਨੇ ਇੱਕ ਲੇਲਾ ਆਉਂਦਾ ਹੋਇਆ ਵੇਖਿਆ, ਅਤੇ ਲੇਲਾ ਜਰੂਰ ਹੀ ਲਹੂ-ਲੂਹਾਨ, ਘਾਇਲ ਅਤੇ ਜਖਮੀ ਸੀ। ਕਿਉਂਕਿ ਉਹ ਕੋਹਿਆ ਗਿਆ ਸੀ ......... ਆਖਿਆ ਕਿ, " ਉਹ ਲੇਲਾ ਜਿਹੜਾ ਕੋਹਿਆ ਗਿਆ ਸੀ।" ਅਤੇ ਜੇ ਤੁਸੀਂ ਲੇਲੇ ਨੂੰ ਕੱਟਿਆ ਸੀ, ਅਤੇ ਉਸ ਲੇਲੇ ਨੂੰ ਇਸ ਤਰ੍ਹਾਂ ਮਾਰਿਆ ਸੀ, ਅਤੇ ਕਿਵੇਂ ਵੀ ਹੋਵੇ, ਬੇਸ਼ੱਕ ਉਹ ਹਾਲੇ ਵੀ ਲਹੂ-ਲੂਹਾਨ ਸੀ।ਉਸਨੂੰ ਸਲੀਬ ਤੇ ਮਾਰਿਆ ਕੁੱਟਿਆ ਗਿਆ ਸੀ, ਉਸਦੀ ਵੱਖੀ ਵਿੱਚ ਨੇਜ਼ਾ ਮਾਰਿਆ ਗਿਆ ਸੀ, ਅਤੇ ਉਸਦੇ ਹੱਥਾਂ ਅਤੇ ਪੈਰਾਂ ਵਿੱਚ ਕਿੱਲ ਠੋਕੇ ਗਏ ਸਨ, ਅਤੇ ਸਿਰ ਉੱਤੇ ਕੰਡਿਆਂ ਦਾ ਤਾਜ ਰੱਖਿਆ ਗਿਆ ਸੀ। ਉਹ ਬਹੁਤ ਹੀ ਬੁਰੀ ਦਸ਼ਾ ਵਿੱਚ ਸੀ।ਅਤੇ ਇਹ ਲੇਲਾ ਅੱਗੇ ਆਇਆ, ਅਤੇ ਜਿਹੜਾ ਸਿੰਘਾਸਣ ਤੇ ਬਿਰਾਜ਼ਮਾਨ ਸੀ ਉਸਦੇ ਕੋਲ ਅੱਪੜਿਆ ਜਿਸਦੇ ਕੋਲ ਨਿਸਤਾਰੇ ਦਾ ਪੂਰੇ ਦਾ ਪੂਰਾ ਵਸੀਅਤ ਨਾਮਾ ਸੀ।ਅਤੇ ਲੇਲੇ ਨੇ ਜਾ ਕੇ ਉਸਦੇ ਹੱਥੋਂ ਪੋਥੀ ਲੈ ਲਈ ਜਿਹੜਾ ਸਿੰਘਾਸਣ ਤੇ ਬੈਠਾ ਹੋਇਆ ਸੀ ਅਤੇ ਲੈ ਕੇ ਮੋਹਰਾਂ ਖੋਲ੍ਹੀਆਂ ਅਤੇ ਪੋਥੀ ਨੂੰ ਖੋਲ੍ਹਿਆ।

32 ਅਤੇ ਅਸੀਂ ਵੇਖਿਆ ਸੀ ਕਿ ਜਦ ਇਹ ਹੋਇਆ, ਤਾਂ ਸੁਰਗ ਵਿੱਚ ਜਰੂਰ ਹੀ ਕੋਈ ਮਹਾਨ ਘਟਨਾ ਵਾਪਰੀ।ਕਿਉਂਕਿ ਬਜੁਰਗ, ਅਤੇ ਚੱਵੀ ਬਜੁਰਗ, ਅਤੇ ਚਾਰੇ ਜੰਤੂ, ਅਤੇ-ਅਤੇ ਅਤੇ ਸੁਰਗ ਵਿਚਲੀ ਹਰੇਕ ਚੀਜ਼ ਨੇ ਉੱਚੀ ਅਵਾਜ਼ ਨਾਲ ਇਹ ਪੁਕਾਰਨਾ ਸ਼ੁਰੂ ਕਰ ਦਿੱਤਾ, " ਤੂੰ ਹੀ ਯੋਗ ਹੈ!" ਅਤੇ ਉੱਥੇ ਸਵਰਗ ਦੂਤ ਆਉਂਦੇ ਹਨ, ਅਤੇ ਸੰਤਾਂ ਦੀਆਂ ਦੁਆਵਾਂ ਦੇ ਕਟੋਰੇ ਉਲੱਦ ਦਿੰਦੇ ਹਨ।ਉਹ ਸੰਤ ਜੋ ਵੇਦੀ ਦੇ ਥੱਲੇ ਸਨ ਉੱਚੀ ਅਵਾਜ ਨਾਲ ਪੁਕਾਰਦੇ ਹਨ, " ਹੇ ਲੇਲੇ ਤੂੰ ਹੀ ਯੋਗ ਹੈ, ਕਿਉਂਕਿ ਤੂੰ ਸਾਨੂੰ ਛੁਡਾ ਲਿਆ ਹੈ, ਅਤੇ ਹੁਣ ਸਾਨੂੰ ਰਾਜੇ ਅਤੇ ਜਾਜਕ ਬਣਾਇਆ ਹੈ ਅਤੇ ਅਸੀਂ ਧਰਤੀ ਉੱਤੇ ਰਾਜ ਕਰਾਂਗੇ। " ਹੇ ਮੇਰੇ ਖੁਦਾ ! ਅਤੇ ਇਹ ਇਸੇ ਤਰ੍ਹਾਂ ਹੀ ਹੋਇਆ ਜਦ ਉਸਨੇ ਉਸ ਪੋਥੀ ਨੂੰ ਖੋਲ੍ਹਿਆ ਸੀ।

33 ਤੁਸੀਂ ਵੇਖੋ ਕਿ ਅਸਲ ਵਿੱਚ ਇਸ ਪੋਥੀ ਨੂੰ ਲਿਖਣਾ ਅਤੇ ਯੋਜਨਾ ਬਣਾਉਣੀ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਹੋ ਚੁੱਕਾ ਸੀ।ਇਹ ਪੋਥੀ, ਬਾਈਬਲ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਲਿਖੀ ਗਈ ਸੀ।ਅਤੇ ਮਸੀਹ, ਲੇਲਾ ਹੋਣ ਦੇ ਨਾਤੇ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਕੋਹਿਆ ਗਿਆ ਸੀ। ਅਤੇ ਉਸਦੀ ਦੁਲਹਨ ਦੇ ਮੈਂਬਰਾਂ ਦੇ ਨਾਮ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖ ਦਿੱਤੇ ਗਏ ਸਨ। ਪ੍ਰੰਤੂ ਇਹ ਮੋਹਰਬੰਦ ਕਰ ਦਿੱਤੀ ਗਈ



ਸਨ। [ਭਾਈ ਬ੍ਰਾਨਹਾਮ ਆਪਣੇ ਹੱਥਾਂ ਨਾਲ ਇੱਕ ਵਾਰ ਤਾੜੀ ਵਜਾਉਂਦੇ ਹਨ-ਸੰਪਾ]ਹਮਮ !ਹੁਣ ਜੇ ਬਾਈਬਲ ਦੱਸਦੀ ਹੈ ਕਿ ਉਸਨੇ ਇਸ ਤਰ੍ਹਾਂ ਕੀਤਾ ਹੈ, ਤਾਂ ਉਸਨੇ ਇਹ ਕੀਤਾ ਹੈ।

377 ਉਹ ਕਹਿੰਦੇ ਹਨ, "ਠੀਕ ਹੈ, ਮੇਰਾ ਸਬੰਧ ......." ਇਹ ਹੈ ਗੱਲ।ਜੀ ਹਾਂ। ਇਹ ਬਿਲਕੁੱਲ ਇਸੇ ਤਰ੍ਹਾਂ ਹੀ ਹੈ।ਇਹ ਉਹੋ ਹੀ ਕੰਜਰੀਆਂ ਦੀ ਸੰਸਥਾ ਹੈ।ਇਹ ਉਹੋ ਹੀ ਸਿਸਟਮ (ਪ੍ਰਣਾਲੀ)ਹੈ ਜੋ ਕਿ ਅਰੰਭ ਵਿੱਚ ਸ਼ੁਰੂ ਹੋਇਆ ਸੀ, ਜਿਹੜਾ ਕਿ ਮਸੀਹ ਵਿਰੋਧੀ ਹੈ।

378 ਮੈਂ ਇਸ ਤੋਂ ਸੁਣਾਂਗਾ, ਪ੍ਰੰਤੂ ਇਹ .....ਇਹ ਸੱਚ ਹੈ।ਮੈਂ ਇਸਦਾ ਵਿਸ਼ਵਾਸ਼ ਕਰਦਾ ਹਾਂ।ਆਮੀਨ।

379 ਹੁਣ, ਧਿਆਨ ਦਿਓ ਕਿ ਉਹ ਜਿੱਤ ਪਾ ਲਵੇਗਾ। ਅਤੇ ਇਸ ਸਮੇਂ ਲੱਗ-ਭੱਗ ਸੱਭ ਕੁਝ ਉਸਦੀ ਪਕੜ ਵਿੱਚ ਹੈ, ਜਦਕਿ ਇਸ ਤੋਂ ਪਹਿਲਾਂ ਕਿ ਉਹ ਦਰਿੰਦਾ ਬਣੇ ਉਹ ਅਜੇ ਮਸੀਹ ਵਿਰੋਧੀ ਹੈ। ਤੁਸੀਂ ਨਿਰਦਈ ਸਜਾ ਦੀ ਗੱਲ ਕਰਦੇ ਹੋ ? ਤੁਸੀਂ ਜਰਾ ਇੰਤਜਾਰ ਕਰੋ।[ਭਾਈ ਬ੍ਰਾਨਹਾਮ ਚਾਰ ਵਾਰ ਪੁਲਪਿਟ ਨੂੰ ਖੜਕਾਉਂਦੇ ਹਨ-ਸੰਪਾ] ਵੇਖੋ, ਉਹਨਾਂ ਲੋਕਾਂ ਦੇ ਨਾਲ ਕੀ ਹੋਵੇਗਾ ਜੋ ਇਸ ਧਰਤੀ ਤੇ ਬਾਕੀ ਰਹਿ ਜਾਣਗੇ ਜਿਹਨਾਂ ਨੂੰ ਉਸਦੇ ਵਿੱਚੋਂ ਦੀ ਲੰਘਣਾ ਪਵੇਗਾ।ਆ-ਹਹਹ। " ਉੱਥੇ ਰੋਣਾ, ਪਿੱਟਣਾ ਅਤੇ ਕਚੀਚੀਆਂ ਵੱਟਣਾ ਹੋਵੇਗਾ।ਕਿਉਂਕਿ ਉਹ ਅਜਗਰ, ਰੋਮ ਆਪਣੇ ਮੂੰਹ ਵਿੱਚੋਂ ਪਾਣੀ ਬਾਹਰ ਸੁੱਟੇਗਾ ਤਾਂ ਕਿ ਉਹ ਔਰਤ ਦੀ ਸੰਤਾਨ ਦੇ ਬਕੀਆ ਨਾਲ ਯੁੱਧ ਕਰੇ, ਜੋ ਕਿ ਦੁਲਹਨ ਦੇ ਚੁਣੇ ਜਾਣ ਅਤੇ ਉਠਾ ਲਏ ਜਾਣ ਤੋਂ ਬਾਦ ਧਰਤੀ ਤੇ ਰਹਿ ਜਾਂਦੇ ਹਨ।ਅਤੇ ਅਜ਼ਗਰ ਉਹਨਾਂ ਬਚੇ ਹੋਏ ਲੋਕਾਂ ਨਾਲ ਯੁੱਧ ਕਰੇਗਾ, ਜਿਹਨਾਂ ਨੇ ਅੰਦਰ ਆਉਣਾ ਨਹੀਂ ਸੀ ਚਾਹਿਆ, ਅਤੇ ਉਹਨਾਂ ਨੂੰ ਮਾਰ ਦਿੱਤਾ ਗਿਆ।"

380 ਅਤੇ ਜੇ ਇਹ ਸੰਭਵ ਹੁੰਦਾ ਤਾਂ ਸੱਚੀ ਕਲੀਸਿਯਾ ਨੂੰ ਉਸ ਵਿੱਚੋਂ ਦੀ ਲੰਘਣਾ ਪੈਂਦਾ ; ਪਰ ਤੁਸੀਂ ਵੇਖਦੇ ਹੋ ਕਿ ਉਹ ਤਾਂ ਮਸੀਹ ਦੀ ਕਿਰਪਾ ਨਾਲ ਲਹੂ ਦੇ ਥੱਲੇ ਹੈ, ਇਸ ਲਈ ਉਹ ਕਿਸੇ ਵੀ ਕਸ਼ਟ ਦੇ ਵਿੱਚ ਦੀ ਨਹੀਂ ਲੰਘ ਸੱਕਦੀ।ਉਹਨਾਂ ਲਈ ਕੋਈ ਵੀ ਕਸ਼ਟ ਨਹੀਂ ਹੈ।ਕਲੀਸਿਯਾ ਲਈ ਅਗਲੀ ਗੱਲ ਜੋ ਹੋਣੀ ਹੈ ਉਸਦਾ ਉਠਾਇਆ ਜਾਣਾ ਹੈ।ਆਮੀਨ, ਅਤੇ ਆਮੀਨ !ਇਸ ਤਰ੍ਹਾਂ ਕਿਸੇ ਵੇਲੇ ਵੀ ਹੋ ਸੱਕਦਾ ਹੈ।ਓਹ, ਮੈਂ ਇਸਨੂੰ ਕਿੰਨਾ ਪਸੰਦ ਕਰਦਾ ਹਾਂ।

381 ਆਓ ਮੈਂ ਤੁਹਾਨੂੰ ਦੱਸਦਾ ਹਾਂ। ਅਸੀਂ ਦੱਸ ਰਹੇ ਹਾਂ ਕਿ ਕਿਸ ਤਰ੍ਹਾਂ ਦੀ ਜਿੱਤ ਉਹ ਪਾਵੇਗਾ,ਉਹ ਹਕੀਕਤ ਵਿੱਚ ਹੀ ਜਿੱਤ ਪ੍ਰਾਪਤ ਕਰਨ ਜਾ ਰਿਹਾ ਹੈ।ਉਹਨੇ ਇਹ ਪਹਿਲਾਂ ਹੀ ਕਰ ਦਿੱਤਾ ਹੈ।ਇਹ ਤਾਂ ਪਹਿਲਾਂ ਹੀ ਸੀਤਾ ਜਾ ਚੁੱਕਾ ਹੈ, ਬਸ ਏਨਾ ਹੀ ਹੈ ; ਅਤੇ ਸੀਤਾ ਜਾਵੇਗਾ।ਇਹ ਬਿਲਕੁੱਲ ਠੀਕ ਹੈ।ਉਹ ਪ੍ਰਮੇਸ਼ੁਰ ਤੋਂ ਵੱਧ ਪੈਸੇ ਨਾਲ ਪਿਆਰ ਕਰਦੇ ਹਨ।ਹੁਣ ਉਹ ਜੋ ਕੁਝ ਵੀ ਸੋਚਦੇ ਹਨ ਉਹ ਇਹੋ ਹੈ ਕਿ, " ਉਸਦੇ ਕੋਲ ਕਿੰਨਾ ਪੈਸਾ ਹੈ?" ਇਹ ਕੀ ਹੈ?

382 ਤੁਸੀਂ ਜਾਣਦੇ ਹੋ ਕਿ ਅਨੇਕਾਂ ਬਾਰ ਇਸ ਤਰ੍ਹਾਂ ਕਿਹਾ ਜਾ ਚੁੱਕਾ ਹੈ, " ਕਲੀਸਿਯਾ ਨੂੰ ਪੈਸਾ ਦੇ ਦਿਓ, ਉਹ ਦੁਨੀਆ ਵਿੱਚ ਬੇਦਾਰੀ ਲੈ ਆਵੇਗੀ। ਕਲੀਸਿਯਾ ਨੂੰ ਪੈਸਾ ਦੇ ਦਿਓ, ਉਹ ਸਾਰੀ ਦੁਨੀਆ ਵਿੱਚ ਪ੍ਰਚਾਰਕਾਂ ਨੂੰ ਭੇਜ ਦੇਵੇਗੀ। ਅਤੇ ਉਹ ਕੀ ਕਰੇਗੀ ? ਉਹ ਸੰਸਾਰ ਨੂੰ ਮਸੀਹ ਲਈ ਜਿੱਤ ਲਵੇਗੀ।"

373 ਜਦਕਿ ਇੱਥੇ ਬਾਈਬਲ ਦੱਸਦੀ ਹੈ ਕਿ ਮਸੀਹ ਵਿਰੋਧੀ ਕੌਣ ਹੈ। ਇਹ ਨਹੀਂ ਹੈ.......ਇਹ ਇੱਕ ਮਨੁੱਖ ਹੈ।ਇਹ ਘੋੜਸਵਾਰ ਹੋਰ ਕੋਈ ਨਹੀਂ ਬਲਕਿ ਸ਼ੈਤਾਨ ਦਾ ਸੁਪਰਮੈਨ ਅਥਵਾ ਸਰਵਸ਼੍ਰੇਠ ਆਦਮੀ ਹੈ, ਦੇਹਧਾਰੀ ਸ਼ੈਤਾਨ ਹੈ।ਉਹ ਪੜ੍ਹਿਆ ਲਿਖਿਆ ਅਤੇ ਬਹੁਤ ਬੁੱਧੀਮਾਨ ਮਨੁੱਖ ਹੈ। ਹੁਣ ਮੈਂ ਆਸ ਕਰਦਾ ਹਾਂ ਕਿ ਤੁਸੀਂ ਆਪਣੇ ਕੰਨ ਖੋਲੇ ਹੋਏ ਹਨ। ਕੋਈ ਜਿਆਦਾ ਸਮਾਂ ਨਹੀਂ ਹੋਇਆ ਕਿ ਉਹ ਲੋਕ ਮਸੀਹ ਵਿਰੋਧੀ ਦੇ ਬੱਚੇ (ਸੰਤਾਨ)ਨੂੰ ਇਹ ਦਿਖਾਉਣ ਦਾ ਯਤਨ ਕਰ ਰਹੇ ਸਨ ਕਿ ਉਹ ਰਾਸ਼ਟਰਪਤੀ ਦੇ ਅਹੁਦੇ ਲਈ ਉਸ ਅਗਲੇ ਆਦਮੀ ਤੋਂ ਜ਼ਿਆਦਾ ਤੇਜ਼ ਹੈ। ਸਮਝੇ? ਪ੍ਰੰਤੂ ਜੋ ਵੀ ਹੈ ਉਸਦੇ ਕੋਲ ਬਹੁਤ ਗਿਆਨ ਹੈ ;ਇਸੇ ਤਰ੍ਹਾਂ ਹੀ ਸ਼ੈਤਾਨ ਦੇ ਕੋਲ ਬਹੁਤ ਗਿਆਨ ਹੈ।ਸ਼ੈਤਾਨ ਇਸਨੂੰ ਵੇਚਣ ਦੀ ਕੋਸ਼ਿਸ਼ ਕਰਦਾ ਹੈ। ਉਸਨੇ ਇਹ ਹੱਵਾਹ ਨੂੰ ਵੇਚਿਆ।ਉਸਨੇ ਇਹ ਸਾਨੂੰ ਵੇਚਿਆ।ਅਸੀਂ ਇੱਕ ਸਰਵੋਤਮ ਆਦਮੀ (ਸੁਪਰਮੈਨ) ਦੀ ਚਾਹ ਕਰਦੇ ਹਾਂ। ਅਸੀਂ ਪ੍ਰਾਪਤ ਕਰ ਲਿਆ ਹੈ।ਸਾਰਾ ਸੰਸਾਰ ਇੱਕ ਸੁਪਰਮੈਨ ਆਦਮੀ ਦੀ ਚਾਹ ਕਰ ਰਿਹਾ ਹੈ। ਅਤੇ ਉਹਨਾਂ ਨੂੰ ਉਹ ਮਿਲਣ ਜਾ ਰਿਹਾ ਹੈ।ਬਸ ਤੁਸੀਂ ਉਸ ਵੇਲੇ ਤੱਕ ਇੰਤਜ਼ਾਰ ਕਰੋ ਜਦ ਤੱਕ ਕਿ ਕਲੀਸਿਯਾ ਉੱਪਰ ਨਹੀਂ ਉਠਾ ਲਈ ਜਾਂਦੀ ਹੈ, ਅਤੇ ਸ਼ੈਤਾਨ ਨੂੰ ਹੇਠਾਂ ਨਹੀਂ ਸੁੱਟ ਦਿੱਤਾ ਜਾਂਦਾ ਹੈ ; ਅਤੇ ਤਦ ਉਹ ਦੇਹਧਾਰੀ ਹੋਵੇਗਾ।ਇਹ ਠੀਕ ਹੈ। ਉਹ ਕਿਸੇ ਅਜਿਹੇ ਆਦਮੀ ਨੂੰ ਚਾਹੁੰਦੇ ਹਨ ਜੋ ਅਸਲ ਵਿੱਚ ਕੰਮ ਕਰ ਸਕੇ।ਤੇ ਉਹ ਇਸਨੂੰ ਕਰੇਗਾ।

374 ਵਿੱਦਿਆ ਪ੍ਰਾਪਤ !ਇਹ ਸ਼ੈਤਾਨ ਦਾ ਸੁਪਰਮੈਨ ਹੈ .......ਜੋ ਕਿ ਸਿੱਖਿਆ ਪ੍ਰਾਪਤ, ਗਿਆਨ ਨਾਲ ਭਰਿਆ ਹੋਇਆ ਅਤੇ ਆਪਣੇ ਹੀ ਸ਼ਬਦਾਂ ਦੇ ਕਲੀਸਿਯਾਈ ਸਿੱਖਿਆ ਅਤੇ ਸਿਧਾਂਤ ਹਨ,ਜੋ ਉਸਨੇ ਆਪ ਹੀ ਘੜੇ ਹੋਏ ਹਨ।ਉਹ ਆਪਣੇ ਮਿਸ਼ਨਾਂ ਰੂਪੀ ਚਿੱਟੇ ਘੋੜੇ 'ਤੇ ਸਵਾਰ ਹੈ ਤਾਂ ਕਿ ਲੋਕਾਂ ਨੂੰ ਧੋਖਾ ਦੇਵੇ। ਅਤੇ ਉਹ ਧਰਤੀ ਉੱਤਲੇ ਹਰ ਇੱਕ ਧਰਮ ਤੇ ਫਤਿਹ ਪਾ ਲਵੇਗਾ, ਕਿਉਂਕਿ ਉਹ ਸਾਰੇ .....ਗਿਰਜਿਆਂ ਦੀ ਮਹਾਂਸਭਾ ਵਿੱਚ ਸ਼ਾਮਿਲ ਹੁੰਦੇ ਜਾ ਰਹੇ ਹਨ।ਅਤੇ ਉਹ ਪਹਿਲਾਂ ਹੀ ਆਪਣੀਆਂ ਇਮਾਰਤਾਂ ਉਸਾਰ ਚੁੱਕੇ ਹਨ,ਅਤੇ ਸੱਭ ਕੁਝ ਠੀਕ ਇੱਕ ਸੇਧ ਵਿੱਚ ਪਿਆ ਹੋਇਆ ਹੈ। ਕੋਈ ਵੀ ਚੀਜ਼ ਨਹੀਂ ਬਚੀ ਹੈ। ਹਰੇਕ ਮਿਸ਼ਨ ਗਿਰਜਿਆਂ ਦੀ ਇਸ ਮਹਾਂਸਭਾ ਵਿੱਚ ਜਾ ਮਿਲੀ ਹੈ।ਅਤੇ ਇਸਦੇ ਪਿੱਛੇ ਕੌਣ ਹੈ? ਰੋਮ।ਅਤੇ ਹੁਣ ਪੋਪ ਇਹ ਦੁਹਾਈ ਪਾ ਰਿਹਾ ਹੈ, "ਕਿ ਅਸੀਂ ਸੱਭ ਇੱਕ ਹੀ ਹਾਂ।ਆਓ ਇੱਕਠੇ ਜੁੜ ਜਾਈਏ ਅਤੇ ਮਿਲ ਕੇ ਚੱਲੀਏ।"

375 ਅਤੇ ਇਹ ਲੋਕ, ਤੁਸੀਂ ਫੁੱਲ ਗੋਸਪਲ ਵਾਲੇ ਲੋਕੋ ਤੁਹਾਨੂੰ ਵੀ ਕਈਆਂ ਨੂੰ ਇਸ ਤਰ੍ਹਾਂ ਦਾ ਕਦਮ ਉਠਾਉਣ ਲਈ ਆਪਣੀ ਬਾਈਬਲ ਦਾ ਇੰਨਕਾਰ ਕਰਨਾ ਪਵੇਗਾ।ਤੁਸੀਂ ਕੀ ਕੀਤਾ ਹੈ? ਤੁਸੀਂ ਜੱਥੇਬੰਦੀਆਂ ਲਈ ਇੰਨੇ ਅੰਨ੍ਹੇ ਹੋ ਗਏ ਹੋ ਕਿ ਤੁਸੀਂ ਸੱਚਾਈ ਨੂੰ ਹੀ ਰੱਦ ਕਰ ਦਿੱਤਾ ਹੈ।ਅਤੇ ਸੱਚ ਉਹਨਾਂ ਦੇ ਅੱਗੇ ਰੱਖਿਆ ਗਿਆ, ਪਰ ਉਹ ਉਸ ਤੋਂ ਦੂਰ ਚਲੇ ਗਏ, ਅਤੇ ਉਹਨਾਂ ਨੇ ਉਸਨੂੰ ਛੱਡ ਦਿੱਤਾ।ਅਤੇ ਹੁਣ ਉਹਨਾਂ ਤੇ ਇੱਕ ਝੂਠ ਦਾ ਅਸਰ ਘੱਲਿਆ ਗਿਆ ਹੈ ਤਾਂ ਕਿ ਉਹ ਝੂਠ ਨੂੰ ਸੱਚ ਮੰਨਣ ਅਤੇ ਇਸਦੇ ਨਾਲ ਹੀ ਨਾਸ਼ ਹੋ ਜਾਣ।" ਬਿਲਕੁੱਲ ਇਸੇ ਤਰ੍ਹਾਂ ਹੀ ਹੋਇਆ ਹੈ।

376 ਅਤੇ ਮਸੀਹ ਵਿਰੋਧੀ ਹੀ ਇਹ ਸੱਭ ਕਰਦਾ ਹੈ।ਅਤੇ ਬਾਈਬਲ ਨੇ ਕਿਹਾ ਹੈ, ਕਿ, " ਉਹ ਸਭਨਾਂ (ALL) ਨੂੰ ਭਰਮਾਉਂਦਾ ਹੈ, " A-LL ( ਸੱ-ਭ)"ਉਹ ਸੱਭ ਜਿਹੜੇ ਧਰਤੀ ਦੇ ਉੱਤੇ ਸਨ ਜਿਹਨਾਂ ਦੇ ਨਾਮ ਉਹਨਾਂ ਮੋਹਰਾਂ ਦੇ ਥੱਲੇ ਜਗਤ ਦੀ ਉਤਪਤੀ ਤੋਂ ਪਹਿਲਾਂ ਹੀ ਲਿਖੇ ਹੋਏ ਨਹੀਂ



ਸੀ।ਅਤੇ ਹੁਣ ਪ੍ਰਗਟ ਕੀਤੀ ਜਾ ਰਹੀ ਹੈ, ਇਹ ਪ੍ਰਗਟ ਕਰ ਦਿੱਤਾ ਗਿਆ ਹੈ ;ਕਿਹਨਾਂ -ਕਿਹਨਾਂ ਦੇ ਨਾਮ ਉਸ ਵਿੱਚ ਲਿਖੇ ਗਏ ਸਨ, ਇਹਦੇ ਬਾਰੇ ਵਿੱਚ ਹੋਰ ਸੱਭ ਕੁਝ ਵੀ ਜੋ ਹੈ ਅਤੇ ਵੇਖੋ ਇਹ ਕੇਡੀ ਮਹਾਨ ਗੱਲ ਹੈ।

34 ਅਤੇ ਯੂਹੰਨਾ ਦੱਸਦਾ ਹੈ ਕਿ ਜਦ ਉਸਨੇ ਇਹ ਦੇਖਿਆ ਤਾਂ, " ਜੋ ਕੋਈ ਵੀ ਸੁਰਗ ਉੱਤੇ ਸੀ, ਜੋ ਕੋਈ ਵੀ ਧਰਤੀ ਹੇਠ ਸੀ ........" ਉਸਨੇ ਸਭਨਾਂ ਨੂੰ ਇਹ ਕਹਿੰਦੇ ਹੋਏ ਸੁਣਿਆ, " ਆਮੀਨ, ਧੰਨਵਾਦ ਅਤੇ ਮਹਿਮਾਂ ਲੇਲੇ ਦੀ ਹੈ !”" ਲੇਲਾ ਹੀ ਇਸਦੇ ਯੋਗ ਹੈ।” ਅਤੇ ਯੂਹੰਨਾ ਲਈ ਉਹ ਬਹੁਤ ਹੀ ਸ਼ਾਨਦਾਰ ਸਮਾਂ ਸੀ।

35 ਅਤੇ ਹੁਣ ਲੇਲਾ ਖੜਾ ਹੈ। ਹੁਣ, ਅੱਜ ਰਾਤ, ਜਿੱਦਾਂ ਅਸੀਂ ਇਸ ਛੇਵੇਂ ਬਾਬ ਵਿੱਚ ਪ੍ਰਵੇਸ਼ ਕਰਦੇ ਹਾਂ, ਉਸਦੇ ਹੱਥ ਵਿੱਚ ਪੋਥੀ ਹੈ ਅਤੇ ਉਸਨੂੰ ਉਹਨੇ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ ਹੈ।

36 ਅਤੇ ਔਹ, ਅੱਜ ਮੇਰੇ ਕੋਲੋਂ ਪੂਰੇ ਤੋਰ ਤੇ ......... ਅਤੇ ਮੈਂ ਆਸ ਕਰਦਾ ਹਾਂ ਕਿ ਇੱਥੇ ਬੈਠੇ ਹੋਏ ਲੋਕ ਆਤਮਿਕ ਹਨ।ਅੱਜ ਮੇਰੇ ਕੋਲੋਂ ਇਸ ਉੱਤੇ ਬਹੁਤ ਵੱਡੀ ਗਲਤੀ ਹੋ ਗਈ ਹੁੰਦੀ, ਜੇ ਅੱਜ ਕਰੀਬ ਬਾਰਾਂ ਵਜੇ ਪਵਿੱਤਰ ਆਤਮਾ ਮੇਰੇ ਕਮਰੇ ਵਿੱਚ ਨਾ ਆਇਆ ਹੁੰਦਾ, ਅਤੇ ਉਸਨੇ ਮੈਨੂੰ ਕਿਸੇ ਗੱਲ ਉੱਤੇ ਠੀਕ ਕੀਤਾ ਜੋ ਕਿ ਮੈਂ ਬੋਲਣ ਦੇ ਲਈ ਲਿਖ ਰਿਹਾ ਸੀ।

37 ਮੈਂ ਇਸਨੂੰ ਪੁਰਾਣੇ ਵਿਸ਼ੇ ਵਿੱਚੋਂ ਲੈ ਰਿਹਾ ਸੀ। ਮੇਰੇ ਕੋਲ ਇਸਦੇ ਬਾਰੇ ਵਿੱਚ ਕੁਝ ਵੀ ਨਹੀਂ ਸੀ। ਮੈਂ ਨਹੀਂ ਜਾਣਦਾ ਹਾਂ ਕਿ ਦੂਸਰੀ ਮੋਹਰ ਕੀ ਹੈ। ਮੈਂ ਦੂਸਰੀ ਮੋਹਰ ਦੇ ਬਾਰੇ ਵਿੱਚ ਕੁਝ ਨਹੀਂ ਤੋਂ ਇਲਾਵਾ ਕੁਝ ਵੀ ਨਹੀਂ ਜਾਣਦਾ ਹਾਂ। ਪ੍ਰੰਤੂ ਮੇਰੇ ਕੋਲ ਇਸ ਪਹਿਲੀ ਮੋਹਰ ਤੇ ਕੁਝ ਉਹਨਾਂ ਗੱਲਾਂ ਦੇ ਪੁਰਾਣੇ ਵਿਸ਼ੇ ਹਨ ਜਿਹਨਾਂ ਨੂੰ ਮੈਂ ਬਹੁਤ ਸਾਲ ਪਹਿਲਾਂ ਬੋਲਿਆ ਸੀ। ਅਤੇ ਮੈਂ ਇਸਨੂੰ ਲਿਖ ਲਿਆ ਸੀ। ਅਤੇ ਮੈਂ ਇਸ ਵਿਸ਼ੇ ਨੂੰ ਵਿਦਵਾਨ ਸਮਿੱਥ ਹੁਰਾਂ ਕੋਲੋਂ ਲਿਆ ਸੀ ਅਤੇ ਹੋਰ ਵੀ ਬਥੇਰੇ ਮਹਾਨ ਸਿੱਖਿਅਕਾਂ ਦੇ ਅਧਿਐਨ ਵਿੱਚੋਂ ਲਿਆ ਸੀ। ਉਹ ਸੱਭ ਇਸਦੀ ਨਿਹਚਾ ਕਰਦੇ ਸਨ ਅਤੇ ਮੈਂ ਲਿਖ ਲਿਆ ਸੀ। ਮੈਂ ਇਸਨੂੰ ਬੋਲਣ ਹੀ ਵਾਲਾ ਸੀ, " ਚੰਗਾ ਠੀਕ ਹੈ, ਹੁਣ ਮੈਂ ਇਸਦਾ ਉਸ ਦ੍ਰਿਸ਼ਟੀਕੋਣ ਨਾਲ ਅਧਿਐਨ ਕਰਾਂਗਾ।"

38 ਅਤੇ ਉੱਥੇ ਦੁਪਹਿਰ ਦੇ ਲੱਗਭੱਗ ਬਾਰਾਂ ਵਜੇ, ਪਵਿੱਤਰ ਆਤਮਾ ਉਸ ਕਮਰੇ ਵਿੱਚ ਆ ਗਿਆ, ਅਤੇ ਸਾਰੇ ਦਾ ਸਾਰਾ ਕੁਝ ਮੇਰੇ ਉੱਤੇ ਖੁੱਲ੍ਹ ਗਿਆ, ਅਤੇ ਉੱਥੇ ਕਮਰੇ ਵਿੱਚ ਪਵਿੱਤਰ ਆਤਮਾ ਮੌਜੂਦ ਸੀ - ਅਤੇ ਪਹਿਲੀ ਮੋਹਰ ਖੋਲ੍ਹ ਰਿਹਾ ਸੀ। ਜਿੰਨਾ ਯਕੀਨੀ ਅੱਜ ਰਾਤ ਮੇਰਾ ਇੱਥੇ ਖੜੇ ਹੋਣਾ ਹੈ, ਓਨਾ ਹੀ ਯਕੀਨੀ ਮੈਂ ਇਹ ਕਹਿਣ ਦੇ ਵਿੱਚ ਹਾਂ ਕਿ ਇਹ ਖੁਸ਼ਖਬਰੀ ਦੀ ਸੱਚਾਈ ਹੈ ਜੋ ਮੈਂ ਇੱਥੇ ਆਖਣ ਵਾਲਾ ਹਾਂ।ਮੈਂ ਸਿਰਫ ਇੰਨਾ ਜਾਣਦਾ ਹਾਂ ਕਿ ਇਹ ਬਿਲਕੁੱਲ ਇਸੇ ਤਰ੍ਹਾਂ ਹੀ ਹੈ।

39 ਕਿਉਂਕਿ ਜੇ ਪ੍ਰਕਾਸ਼ ਵਚਨ ਦੇ ਉਲਟ ਹੈ ਤਾਂ ਉਹ ਪ੍ਰਕਾਸ਼ ਨਹੀਂ ਹੈ। ਅਤੇ ਤੁਸੀਂ ਜਾਣਦੇ ਹੋ ਕਿ ਕੁਝ ਅਜਿਹੀਆਂ ਵਿਅਰਥ ਦੀਆਂ ਗੱਲਾਂ ਹਨ ਜਿਹੜੀਆਂ ਬਿਲਕੁੱਲ ਸੱਚ ਦੇ ਵਾਂਗੂ ਵਿਖਾਈ ਦੇ ਸੱਕਦੀਆਂ ਹਨ, ਪ੍ਰੰਤੂ ਫਿਰ ਵੀ ਉਹ ਸੱਚ ਨਹੀਂ ਹਨ। ਸਮਝੇ ? ਵਿਖਾਈ ਤਾਂ ਦਿੰਦਾ ਹੈ ਕਿ ਉਹ ਸੱਚ ਹਨ ਪ੍ਰੰਤੂ ਉਹ ਸੱਚ ਨਹੀਂ ਹਨ।

40 ਹੁਣ ਅਸੀਂ ਵੇਖਦੇ ਹਾਂ ਕਿ ਲੇਲਾ ਪੋਥੀ ਦੇ ਨਾਲ ਹੈ। ਅਤੇ ਹੁਣ ਅਸੀਂ ਛੇਵੇਂ ਬਾਬ ਵਿੱਚੋਂ ਪੜ੍ਹਦੇ ਹਾਂ।

*ਜਾਂ ਲੇਲੇ ਨੇ ਉਹਨਾਂ ਸੱਤਾਂ ਮੋਹਰਾਂ ਵਿੱਚੋਂ ਇੱਕ ਨੂੰ ਤੋੜਿਆ ਤਾਂ ਮੈਂ ਡਿੱਠਾ ਅਤੇ ਚੋਹਾਂ ਜੰਤੂਆਂ ਵਿੱਚੋਂ ਇੱਕ ਨੂੰ ਬੱਦਲ ਦੀ ਗਰਜ਼ ਜਿਹੀ ਅਵਾਜ਼ ਨਾਲ ਇਹ ਕਹਿੰਦੇ ਸੁਣਿਆ ਭਈ ਆ ਜਾਹ।*

*ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਨੁਕਰਾ ਘੋੜਾ ਹੈ ਤੇ ਉਹਦੇ ਸਵਾਰ ਦੇ ਕੋਲ ਇੱਕ ਕਮਾਣ ਹੈ। ਫੇਰ ਉਹਨੂੰ ਇੱਕ ਮੁਕਟ ਦਿੱਤਾ ਗਿਆ ਅਤੇ ਉਹ ਫਤਹ ਕਰਦਿਆਂ ਅਤੇ ਫਤਹ ਕਰਨ ਨੂੰ ਨਿੱਕਲ ਤੁਰਿਆ।*

41 ਹੁਣ, ਇਹ ਪਹਿਲੀ ਮੋਹਰ ਹੈ, ਜਿਸਦੀ ਵਿਆਖਿਆ ਕਰਨ ਦਾ ਯਤਨ ਅਸੀਂ ਖੁਦਾ ਦੀ ਕਿਰਪਾ ਨਾਲ ਅੱਜ ਰਾਤ ਕਰਾਂਗੇ। ਸੱਭ ਤੋਂ ਵਧੀਆ ਢੰਗ ਦੇ ਨਾਲ .......... ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਇੱਕ ਆਦਮੀ ਜੇ ਇਸਦੀ ਵਿਆਖਿਆ ਕਰਨ ਦਾ ਯਤਨ ਕਰਦਾ ਹੈ ਤਾਂ ਜੇ ਉਹ ਨਹੀਂ ਜਾਣਦਾ ਕਿ ਉਹ ਕੀ ਕਰ ਰਿਹਾ ਹੈ ਤਾਂ ਉਹ ਇੱਕ ਖਤਰਨਾਕ ਰਾਹ ਦੇ ਉੱਤੇ ਚੱਲ ਰਿਹਾ ਹੈ। ਸਮਝੇ? ਇਸ ਲਈ ਜੇ ਇਹ ਮੇਰੇ ਕੋਲ ਪ੍ਰਕਾਸ਼ ਦੇ ਜਰੀਏ ਆਉਂਦਾ ਹੈ ਤਾਂ ਮੈਂ ਤੁਹਾਨੂੰ ਉਸੇ ਤਰ੍ਹਾਂ ਹੀ ਦੱਸ ਦਿਆਂਗਾ। ਜੇ ਮੈਂ ਇਸਨੂੰ ਬਸ ਆਪਣੀ ਬੁੱਧੀ ਜਾਂ ਅਕਲ ਨਾਲ ਹੀ ਦੱਸਦਾ ਹਾਂ ਤਾਂ ਮੈਂ ਤੁਹਾਨੂੰ ਉਹ ਹੀ ਗੱਲਾਂ ਦੱਸਾਂਗਾ ਜਿਹੜੀਆਂ ਮੈਂ ਤੁਹਾਨੂੰ ਪਹਿਲਾਂ ਹੀ ਦੱਸ ਚੁੱਕਾ ਹਾਂ। ਜਿੰਨਾ ਯਕੀਨੀ ਮੇਰਾ ਇੱਥੇ ਖੜੇ ਹੋਣਾ ਹੈ ਓਨਾ ਹੀ ਮੈਂ ਇਹ ਕਹਿਣ ਦੇ ਵਿੱਚ ਯਕੀਨੀ ਹਾਂ ਕਿ ਅੱਜ ਹੀ ਇਹ ਮੇਰੇ ਕੋਲ ਤਾਜਾ ਪਹੁੰਚਿਆ ਹੈ, ਅੱਜ ਹੀ ਸਰਵਸ਼ਕਤੀਮਾਨ ਨੇ ਮੈਨੂੰ ਇਹ ਦਿੱਤਾ ਹੈ। ਜਦ ਵਚਨ ਦੇ ਇਸ ਭਾਗ ਦੀ ਗੱਲ ਆਉਂਦੀ ਹੈ ਤਾਂ ਮੈਂ ਇਸ ਦੇ ਬਾਰੇ ਵਿੱਚ ਏਦਾਂ ਦੀਆਂ ਗੱਲਾਂ ਕਰਨ ਦਾ ਆਦੀ ਨਹੀਂ ਹਾਂ। ਮੈਂ - ਮੈਂ ਹਾਂ ..............

42 ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀਂ ਜਾਣਦੇ ਹੋ ਕਿ ਮੈਂ ਹੁਣ ਕਾਹਦੇ ਬਾਰੇ ਵਿੱਚ ਗੱਲ ਕਰ ਰਿਹਾ ਹਾਂ। ਹੁਣ ਤੁਸੀਂ ਜਾਣਦੇ ਹੋ ਕਿ ਤੁਸੀਂ ਗੱਲਾਂ ਆਖ ਨਹੀਂ ਸੱਕਦੇ ਹੋ ....... ਅਤੇ ਜੇ ਇੱਥੇ ਕੁਝ ਅਜਿਹਾ ਹੈ ਜੋ ਆਪਣੇ ਵਾਪਰਨ ਦੇ ਸਮੇਂ ਤੋਂ ਪਹਿਲਾਂ ਇੱਥੇ ਹੈ, ਤਾਂ ਤੁਸੀਂ ਉਸਦੇ ਬਾਰੇ ਵਿੱਚ ਕੁਛ ਨਹੀਂ ਕਹਿ ਸੱਕਦੇ ਹੋ। ਤੁਸੀਂ ਉਸਦੇ ਬਾਰੇ ਵਿੱਚ ਤਦ ਤੱਕ ਕੁਝ ਨਹੀਂ ਕਹਿ ਸੱਕਦੇ ਹੋ ਜਦ ਤੱਕ ਕਿ ਉਹ ਵਾਪਰ ਨਾ ਜਾਵੇ। ਸਮਝੇ ? ਜੇ ਤੁਸੀਂ ਉਸਦੇ ਬਾਰੇ ਵਿੱਚ ਕੁਝ ਦੱਸ ਰਹੇ ਹੋ ਤਾਂ ਇਸਦਾ ਮਤਲਬ ਹੈ ਕਿ ਤੁਸੀਂ ਉਸਦੇ ਬਾਰੇ ਵਿੱਚ ਕੁਝ ਪੜ੍ਹ ਰਹੇ ਹੋ ਜਾਂ ਤੁਸੀਂ ਕੁਝ ਸੁਣ ਰਹੇ ਹੋ।

43 ਹੁਣ, ਸੱਤਾਂ ਮੋਹਰਾਂ ਦੀ ਪੋਥੀ ਇੱਕ ਲਪੇਟਵੀਂ ਪੋਥੀ ਹੈ ਜੋ ਕਿ ਲੇਲੇ ਦੇ ਦੁਆਰਾ ਖੋਲ੍ਹੀ ਜਾਂਦੀ ਹੈ। ਅੱਜ ਰਾਤ ਅਸੀਂ ਉਸੇ ਦੇ ਵੱਲ ਜਾ ਰਹੇ ਹਾਂ। ਪ੍ਰਮੇਸ਼ੁਰ ਸਾਡੀ ਮੱਦਦ ਕਰ। ਜਿੱਦਾਂ ਹੀ ਮੋਹਰਾਂ ਨੂੰ ਤੋੜਿਆ ਅਤੇ ਖੋਲ੍ਹਿਆ ਜਾਂਦਾ ਹੈ, ਤਦ ਇਸ ਪੋਥੀ ਦੇ ਭੇਤ ਪ੍ਰਗਟ ਹੋ ਜਾਂਦੇ ਹਨ।

44 ਹੁਣ ਤੁਸੀਂ ਵੇਖੋ ਕਿ *ਇਹ* ਇੱਕ ਮੋਹਰਬੰਦ ਪੋਥੀ ਹੈ। ਹੁਣ ਅਸੀਂ ਇਸਦਾ ਵਿਸ਼ਵਾਸ਼ ਕਰਦੇ ਹਾਂ। ਕੀ ਅਸੀਂ ਇਸਦਾ ਵਿਸ਼ਵਾਸ਼ ਨਹੀਂ ਕਰਦੇ ਹਾਂ [ਸੰਗਤ ਆਖਦੀ ਹੈ, " ਆਮੀਨ। "-ਸੰਪਾ] ਅਸੀਂ ਨਿਹਚਾ ਕਰਦੇ ਹਾਂ ਕਿ ਇਹ ਇੱਕ ਮੋਹਰਬੰਦ ਪੋਥੀ ਹੈ। ਹੁਣ ਇਸ ਤੋਂ ਪਹਿਲਾਂ ਅਸੀਂ ਕਦੇ ਵੀ ਨਹੀਂ ਜਾਣਦੇ ਸੀ ਕਿ ਇਹ ਮੋਹਰਬੰਦ ਹੈ, ਪ੍ਰੰਤੂ ਇਹ ਮੋਹਰਬੰਦ ਹੈ। ਇਹ ਸੱਤਾਂ ਮੋਹਰਾਂ ਨਾਲ ਮੋਹਰਬੰਦ ਹੈ। ਇਹ ਮੋਹਰਾਂ ਪੋਥੀ ਦੇ ਪਿਛਲੇ ਪਾਸੇ ਲੱਗੀਆਂ ਹਨ, ਇਹ ਪੋਥੀ ਸੱਤਾਂ ਮੋਹਰਾਂ ਨਾਲ ਮੋਹਰੰਬਦ ਕੀਤੀ ਗਈ ਹੈ।



366 ਅਤੇ ਤਦ ਕਲੀਸਿਯਾ ਨੂੰ ਉਠਾ ਲਿਆ ਜਾਵੇਗਾ।ਅਤੇ ਜਦ ਇਸਨੂੰ ਉਠਾ ਲਿਆ ਜਾਂਦਾ ਹੈ ਤਾਂ ਫਿਰ ਉਹ ਆਪਣੇ ਆਪ ਨੂੰ ਇੱਕ ਬਹੁਤ ਵੱਡੀ ਕਲੀਸਿਯਾ ਵਿੱਚ ਬਦਲ ਲਵੇਗਾ ਅਤੇ ਤਦ ਉਹ "ਦਰਿੰਦਾ " ਬਣ ਜਾਏਗਾ।ਆਹ-ਹਹ !ਮੈਂ ਚਾਹੁੰਦਾ ਹਾਂ ਕਿ ਮੈਂ ਇਹ ਲੋਕਾਂ ਨੂੰ ਵਿਖਾ ਸਕਾਂ।

367 ਹੁਣ ਯਾਦ ਰੱਖਿਓ ਕਿ ਮਸੀਹ ਵਿਰੋਧੀ ਅਤੇ ਪਸ਼ੂ ਜਾਂ ਦਰਿੰਦਾ ਆਪਣੇ ਆਪ ਵਿੱਚ ਇੱਕ ਹੀ ਆਤਮਾ ਹੈ।ਇਹ ਤਸਲੀਸ ਵਿੱਚ ਹੈ।ਜੀ ਹਾਂ, ਇਹ ਸ਼ੈਤਾਨ ਦੀ ਇੱਕ ਹੀ ਸ਼ਕਤੀ ਦੇ ਤਿੰਨ ਪੜਾਅ ਹਨ। ਯਾਦ ਕਰੋ, ਇਸ ਤੋਂ ਪਹਿਲਾਂ ਕਿ ਨਿਕੁਲਾਈ ਨੂੰ ਮੁਕਟ ਪਹਿਨਾਇਆ ਜਾਵੇ ਉਸਨੇ ਦੇਹ ਧਾਰਨੀ ਹੈ।ਸਮਝੇ ? ਹੁਣ ਤੁਸੀਂ ਇਹਨਾਂ ਤਿੰਨਾਂ ਹਾਲਤਾਂ ਨੂੰ ਵੇਖੋ।ਪਹਿਲੀ ਹਾਲਤ ਵਿੱਚ ਉਹ ਮਸੀਹ ਵਿਰੋਧੀ ਅਖਵਾਉਂਦਾ ਹੈ ; ਦੂਸਰੀ ਹਾਲਤ ਵਿੱਚ ਉਹ ਝੂਠਾ ਨਬੀ ਸਦਾਉਂਦਾ ਹੈ ; ਤੀਸਰੀ ਹਾਲਤ ਵਿੱਚ ਉਹ ਪਸ਼ੂ ਸਦਾਉਂਦਾ ਹੈ।

368 ਧਿਆਨ ਦਿਓ ਕਿ ਨਿਕੁਲਾਈਆਂ ਦੀ ਸਿੱਖਿਆ, ਮਸੀਹ ਵਿਰੋਧੀ ਸਿੱਖਿਆ ਜੋ ਕਿ ਪੋਲੂਸ ਦੇ ਦਿਨੀਂ ਅਰੰਭ ਹੋਈ, ਪ੍ਰਮੇਸ਼ੁਰ ਦੇ ਵਚਨ ਦੇ ਵਿਰੁੱਧ ਸੀ, ਮਸੀਹ ਵਿਰੋਧੀ ਸੀ।

369 ਤਦ ਫਿਰ ਇਸ ਤੋਂ ਬਾਦ ਉਹ ਝੂਠਾ ਨਬੀ ਸਦਾਉਂਦਾ ਹੈ ਜਦ ਉਹਨਾਂ ਸਿੱਖਿਆਵਾਂ ਨੇ ਮਨੁੱਖੀ ਰੂਪ ਧਾਰਨ ਕਰ ਲਿਆ ਤਾਂ ਉਹ ਪ੍ਰੋਹਿਤਵਾਦ ਅਰਥਾਤ ਕੈਥੋਲਿਕ ਕਲੀਸਿਯਾ ਦੀਆਂ ਸਿੱਖਿਆਵਾਂ ਦਾ ਨਬੀ ਸੀ। ਪੋਪ ਝੂਠੇ ਵਚਨ ਦਾ ਨਬੀ ਸੀ ; ਅਤੇ ਉਸਨੇ ਹੀ ਉਸਨੂੰ ਝੂਠਾ ਨਬੀ ਬਣਾਇਆ।

370 ਤੀਸਰੀ ਸਥਿਤੀ ਜਾਂ ਪੜਾਅ ਪਸ਼ੂ ਹੈ, ਇਹ ਉਹ ਮਨੁੱਖ ਹੈ ਜਿਸਨੂੰ ਅੰਤ ਦੇ ਦਿਨਾਂ ਵਿੱਚ ਉਹਨਾਂ ਸਾਰੇ ਅਧਿਕਾਰਾਂ ਸਹਿਤ ਮੁਕਟ ਪਾਇਆ ਜਾਂਦਾ ਹੈ, ਜੋ ਕਿਸੇ ਵੇਲੇ ਮੂਰਤੀ ਪੂਜ਼ਕ ਰੋਮ ਕੋਲ ਸਨ।ਉਸ ਸੱਤ ਸਿਰਾਂ ਵਾਲੇ ਪਸ਼ੂ, ਅਜਗਰ ਨੂੰ ਜਦ ਅਕਾਸ਼ੋ ਸੁੱਟਿਆ ਗਿਆ, ਤਾਂ ਉਹ ਝੂਠੇ ਨਬੀ ਵਿੱਚ ਦੇਹਧਾਰੀ ਹੋ ਗਿਆ। ਇਹ ਹੀ ਹੈ ਉਹ ਜਿਸਦੇ ਕੋਲ ਸੱਤ ਮੁਕਟ ਸਨ, ਅਤੇ ਜਿਸਨੂੰ ਥੱਲੇ ਧਰਤੀ ਅਤੇ ਸਮੁੰਦਰ ਵਿੱਚ ਸੁੱਟ ਦਿੱਤਾ ਗਿਆ ਸੀ।ਇਹ ਠੀਕ ਗੱਲ ਹੈ।

371 ਅਸੀਂ ਕੀ ਕਹਿ ਰਹੇ ਹਾਂ? ਇਹ ਸਵਾਰ, ਇਹ ਘੋੜਸਵਾਰ ਕੌਣ ਹੈ? ਕੀ ਤੁਸੀਂ ਜਾਣਦੇ ਹੋ ਕਿ ਇਹ ਕੌਣ ਹੈ ? ਇਸ ਸ਼ੈਤਾਨ ਦਾ ਸਰਵਸ਼੍ਰੇਠ ਆਦਮੀ ਹੈ।

372 ਕਿਸੇ ਰਾਤ ਮੈਂ ਉਹਨਾਂ ਦੋ ਭਾਈਆਂ ਨਾਲ ਜੋ ਇੱਥੇ ਗਿਰਜੇ ਵਿੱਚ ਬੈਠੇ ਹੋਏ ਹਨ ਕਿਤੇ ਗਿਆ ਸੀ। ਮੇਰਾ ਯਕੀਨ ਹੈ ਕਿ ਉਹ ਦੋ ਭਾਈ, ਭਾਈ ਫਰੈਡ ਅਤੇ ਭਾਈ ਨੋਰਮਨ ਹਨ ਜਿਹੜੇ ਕਿ ਪਿੱਛੇ ਬੈਠੇ ਹੋਏ ਹਨ।ਅਸੀਂ ਉੱਥੇ ਇੱਕ ਆਦਮੀ ਨੂੰ ਸੁਣਨ ਗਏ ਸੀ ਜੋ ਕਿ ਮਸੀਹ ਵਿਰੋਧੀ ਦੇ ਬਾਰੇ ਸਿਖਾਉਂਦਾ ਸੀ।ਅਤੇ ਉਹ ਬਹੁਤ ਹੀ ਜਾਣਿਆ ਪਛਾਣਿਆ ਆਦਮੀ ਹੈ, ਉਹ ਅਸੈਂਬਲੀ ਆੱਫ ਗਾੱਡ ਦਾ ਸੱਭ ਤੋਂ ਮੰਨਿਆ ਪ੍ਰਚਾਰਕ ਹੈ, ਅਤੇ ਮਸੀਹ ਵਿਰੋਧੀ ਬਾਰੇ ਉਸਦੀ ਵਿਆਖਿਆ ਇਹ ਸੀ ਕਿ, "ਉਹ ਮਨੁੱਖ ਵਿੱਚੋਂ ਕਿਸੇ ਇੱਕ ਤਰ੍ਹਾਂ ਦਾ ਵਿਟਾਮਿਨ ਬਾਹਰ ਕੱਢਣਗੇ ਅਤੇ ਇਸ ਜੀਵਨ ਨੂੰ ਕੱਢ ਕੇ ਤੇ ਇੱਕ ਮਹਾਨ ਮੂਰਤੀ ਵਿੱਚ ਪਾ ਦੇਣਗੇ ਜਿਹੜੀ ਕਿ ਸਥਾਪਿਤ ਹੋਣ ਜਾ ਰਹੀ ਹੈ ........ਅਤੇ ਉਸ ਮੂਰਤ ਦਾ ਇੱਕ ਕਦਮ ਇੱਕ ਸ਼ਹਿਰ ਦੇ ਕਸਬੇ ਦੇ ਬਰਾਬਰ ਹੋਵੇਗਾ।ਅਤੇ ਇਹ ਹੈ ......." ਕੀ ਤੁਸੀਂ ਕਲਪਨਾ ਕਰ ਸੱਕਦੇ ਹੋ ਕਿ ਕੋਈ ਆਦਮੀ ਪਵਿੱਤਰ ਆਤਮਾ ਨਾਲ ਭਰਿਆ ਹੋਵੇ, ਅਤੇ ਇਸ ਤਰ੍ਹਾਂ ਦੇ ਛਲ ਫਰੇਬ ਦੇ ਥੱਲੇ ਹੋਵੇ, ਜਾਂ ਥੱਲੇ ਹੋਣ ਦਾ ਦਾਵਾ ਕਰੇ?

ਭਾਈ ਜੀ ਉਹ ਕੀ ਕਰੇਗਾ? ਉਸਦੇ ਕੋਲ ਸੰਸਾਰ ਦਾ ਸਾਰਾ ਵਣਜ ਅਤੇ ਵਿਉਪਾਰ ਹੋਵੇਗਾ, ਉਹ ਸੰਸਾਰ ਨਾਲ ਇੱਕ ਸਮਝੋਤਾ ਕਰੇਗਾ, ਕਿਉਂਕਿ ਉਸ ਵੇਲੇ ਸੰਸਾਰ ਦੀ ਸਾਰੀ ਦੋਲਤ ਤੇ ਉਸਦਾ ਕਬਜ਼ਾ ਹੋਵੇਗਾ।ਅਤੇ ਉਸੇ ਸਮੇਂ ਦੇ ਦੋਰਾਨ, ਉਹ ਦੋ ਨਬੀ ਦ੍ਰਿਸ਼ ਤੇ ਆ ਜਾਣਗੇ ਅਤੇ ਉਹਨਾਂ ਇੱਕ ਲੱਖ ਚੁਤਾਲੀ ਹਜ਼ਾਰ ਨੂੰ ਬੁਲਾਉਣਗੇ।ਤਦ ਕੀ ਹੋਵੇਗਾ? ਤਦ ਪ੍ਰਕਾਸ਼ ਪੋਥੀ 13ਵਾਲਾ ਦਰਿੰਦੇ ਦਾ ਨਿਸ਼ਾਨ ਜਾਂ ਮੋਹਰ ਲਗਾਈ ਜਾਵੇਗੀ, ਕਿਉਂਕਿ ਸੰਸਾਰ ਦਾ ਸਾਰਾ ਵਣਜ਼ ਅਤੇ ਵਪਾਰ ਅਤੇ ਸਾਰੀਆਂ ਹੀ ਚੀਜ਼ਾਂ ਤੇ ਉਸਦਾ ਅਧਿਕਾਰ ਹੋਵੇਗਾ।ਅਤੇ ਫਿਰ ਕੀ ਹੋਵੇਗਾ? ਫਿਰ ਲੋਕਾਂ ਤੇ ਪਸ਼ੂ ਦੀ ਮੋਹਰ ਲਗਾਈ ਜਾਵੇਗੀ, " ਤਦ ਜਿਹਦੇ ਕੋਲ ਪਸ਼ੂ ਦੀ ਮੋਹਰ ਨਹੀਂ ਹੈ ਉਹ ਨਾ ਤਾਂ ਕੁਝ ਵੇਚ ਸੱਕਦਾ ਅਤੇ ਨਾ ਹੀ ਖਰੀਦ ਸੱਕਦਾ ਹੈ।" [ ਭਾਈ ਬ੍ਰਾਨਹਾਮ ਤਿੰਨ ਵਾਰ ਪੁਲਪਿਟ ਖੜਕਾਉਂਦੇ ਹਨ-ਸੰਪਾ]

360 ਪ੍ਰਮੇਸ਼ੁਰ ਦਾ ਧੰਨਵਾਦ ਹੋਵੇ ਕਿ ਤਦ ਕਲੀਸਿਯਾ ਮਹਿਮਾ ਵਿੱਚ ਅਨੰਦ ਨਾਲ ਸਾਢੇ ਤਿੰਨ ਸਾਲ ਗੁਜਾਰੇਗੀ , ਉਸਨੂੰ ਇਸ ਵਿੱਚੋਂ ਦੀ ਲੰਘਣਾ ਨਹੀਂ ਪਵੇਗਾ।

361 ਹੁਣ ਅੰਤ ਦੇ ਸਮੇਂ ਵੱਲ ਧਿਆਨ ਦਿਓ, ਕਲੀਸਿਯਾਈ ਯੁੱਗਾਂ ਦੀ ਸਮਾਪਤੀ ਤੇ, ਉਹ ਇਹ ਸਦਾਉਂਦਾ ਹੈ .........ਉਹ ਅਤੇ ਉਸਦੀ ਸੰਤਾਨ ਮਸੀਹ ਵਿਰੋਧੀ ਸਦਾਉਂਦੀ ਹੈ, ਕਿਉਂਕਿ ਜੋ ਕੁਝ ਵੀ ਮਸੀਹ ਦੇ ਵਿਰੁੱਧ ਹੈ ਮਸੀਹ ਵਿਰੋਧੀ ਹੈ। ਜੋ ਕੋਈ ਵੀ ਵਚਨ ਦੇ ਵਿਰੁੱਧ ਹੈ ਉਹ ਮਸੀਹ ਦੇ ਵਿਰੁੱਧ ਹੈ, ਕਿਉਂਕਿ ਮਸੀਹ ਵਚਨ ਹੈ।ਹੁਣ ਉਹ ਮਸੀਹ ਵਿਰੋਧੀ ਹੈ।

362 ਤਦ ਪ੍ਰਕਾਸ਼ ਦੀ ਪੋਥੀ 12:7-9 ਅਨੁਸਾਰ ਸ਼ੈਤਾਨ ਜੋ ਦੋਸ਼ ਲਗਾਉਣ ਵਾਲਾ ਹੈ ਬਾਹਰ ਸੁੱਟਿਆ ਜਾਵੇਗਾ।ਜੇ ਤੁਸੀਂ ਇਸ ਤੇ ਨਿਸ਼ਾਨੀ ਲਗਾਉਣਾ ਚਾਹੁੰਦੇ ਹੋ ਤਾਂ ਤੁਸੀਂ ਇਸਤੇ ਨਿਸ਼ਾਨੀ ਲਗਾ ਸੱਕਦੇ ਹੋ,ਕਿਉਂਕਿ ਮੈਂ ਇਸਨੂੰ ਪੜ੍ਹਨਾ ਚਾਹੁੰਦਾ ਹਾਂ।ਹੁਣ ਸਾਡੇ ਕੋਲ ਸਮਾਂ ਨਹੀਂ ਹੈ; ਕਿਉਂਕਿ ਦਸ ਵੱਜਣ ਵਿੱਚ ਵੀਹ ਜਾਂ ਪੰਦਰਾਂ ਮਿੰਟ ਬਾਕੀ ਹਨ।ਪ੍ਰੰਤੂ ਪ੍ਰਕਾਸ਼ ਦੀ ਪੋਥੀ 12 :7-9 ਵਿੱਚ "ਸ਼ੈਤਾਨ" ਉਹ ਆਤਮਾ "ਇਬਲੀਸ "ਜੋ ਕਿ ਹੁਣ ਉੱਥੇ ਉੱਪਰ ਹੈ ਜੋ ਭਾਈਆਂ 'ਤੇ ਦੋਸ਼ ਲਗਾਉਂਦਾ ਹੈ ਦੇ ਬਾਰੇ ਵਿੱਚ ਦੱਸਿਆ ਗਿਆ ਹੈ।ਠੀਕ ਹੈ।

363 ਪ੍ਰਮੇਸ਼ੁਰ ਦੀ ਕਲੀਸਿਯਾ ਨੂੰ ਉੱਪਰ ਉਠਾ ਲਿਆ ਜਾਂਦਾ ਹੈ, ਅਤੇ ਸ਼ੈਤਾਨ ਨੂੰ ਥੱਲੇ ਸੁੱਟ ਦਿੱਤਾ ਜਾਂਦਾ ਹੈ।ਜਦੋਂ ਪ੍ਰਮੇਸ਼ੁਰ ਦੀ ਕਲੀਸਿਯਾ ਉੱਪਰ ਚਲੀ ਜਾਂਦੀ ਹੈ ਤਾਂ ਸ਼ੈਤਾਨ ਥੱਲੇ ਆਉਂਦਾ ਹੈ ਅਤੇ ਤਦ ਸ਼ੈਤਾਨ ਆਪਣੇ ਆਪ ਨੂੰ ਮਸੀਹ ਵਿਰੋਧੀ ਵਿੱਚ ਦੇਹਧਾਰੀ ਬਣਾਉਂਦਾ ਹੈ ਅਤੇ "ਪਸ਼ੂ ਜਾਂ ਦਰਿੰਦਾ "ਕਹਾਉਂਦਾ ਹੈ।ਤਦ ਪ੍ਰਕਾਸ਼ ਪੋਥੀ 13 ਉਹ ਆਪਣੀ ਮੋਹਰ ਲਗਾਉਂਦਾ ਹੈ।ਸਮਝੇ ?

364 "ਪਰ ਅਜੇ ਇੱਕ ਡੱਕੀ ਬੈਠਾ ਹੈ। "ਹੁਣ ਧਰਤੀ ਉੱਤੇ ਬਸ ਮਸੀਹਤ ਹੀ ਆਪਣੀ ਸ਼ੁੱਧਤਾ ਵਿੱਚ ਹੈ, ਕਿਉਂਕਿ, " ਅਜੇ ਇੱਕ ਡੱਕੀ ਬੈਠਾ ਹੈ।"

365 ਇੱਥੇ ਤੁਸੀਂ ਥੱਸਲੁਨੀਕੀਆਂ ਦੀ ਪੱਤਰੀ ਯਾਦ ਰੱਖੋ, " ਪ੍ਰਮੇਸ਼ੁਰ ਦੀ ਹੈਕਲ ਵਿੱਚ ਬਹਿੰਦਾ ਹੈ ਤੇ ਆਪਣੇ ਆਪ ਨੂੰ ਪ੍ਰਮੇਸ਼ੁਰ ਅਖਵਾਉਂਦਾ ਹੈ, ਅਤੇ ਧਰਤੀ ਉੱਤੇ ਪਾਪ ਮਾਫ ਕਰਦਾ ਹੈ।" ਅਤੇ ਉਹ ਇਸੇ ਤਰ੍ਹਾਂ ਕਰਦਾ ਰਹੇਗਾ, ਅਤੇ ਉਹ "ਕੁਧਰਮ ਕਰਦਾ ਰਹੇਗਾ ",ਕਿਉਂਕਿ ਉਹ ਤਦ ਤੱਕ ਪ੍ਰਗਟ ਨਹੀਂ ਹੋਵੇਗਾ, ਜਦ ਤੱਕ ਉਸਦੇ ਪ੍ਰਗਟ ਹੋਣ ਦਾ ਸਮਾਂ ਨਹੀਂ ਆਉਂਦਾ।



45 ਜੇ ਅਸੀਂ *ਇਸ* ਕਿਸਮ ਦੀ ਪੋਥੀ ਦੇ ਬਾਰੇ ਵਿੱਚ ਗੱਲ ਕਰ ਰਹੇ ਹਾਂ, ਇਹ ਇਸ ਤਰ੍ਹਾਂ ਦੀ ਗੱਲ ਹੋਵੇਗੀ, ਜਿਵੇਂ ਇਸਦੇ ਦੁਆਲੇ ਇੱਕ ਫੀਤੀ ਲਾਉਣੀ ਹੋਵੇ, ਸੱਤ ਫੀਤੀਆਂ। [ਭਾਈ ਬ੍ਰਾਨਹਾਮ ਇੱਕ ਪੁਸਤਕ ਨੂੰ ਸਮਝਾਉਣ ਦੇ ਤੋਰ ਤੇ ਵਿਖਾਉਂਦੇ ਹਨ -ਸੰਪਾ] ਪ੍ਰੰਤੂ ਇਹ *ਇਸ* ਕਿਸਮ ਦੀ ਪੋਥੀ ਨਹੀਂ ਹੈ।

46 ਇਹ ਇੱਕ ਲਪੇਟਵੀਂ ਪੋਥੀ ਹੈ। ਅਤੇ ਜਦ ਤੱਕ ਇਸ ਲਪੇਟਵੀਂ ਪੋਥੀ ਨੂੰ ਖੋਲ੍ਹਿਆ ਨਾ ਜਾਵੇ ਇਹ ਇੱਕ ਹੀ ਹੁੰਦੀ ਹੈ ; ਇਸ ਤੋਂ ਬਾਦ ਤਦ ਠੀਕ ਜੋ ਉਸਦੇ ਅੰਦਰ ਪਿਆ ਹੈ ਉਹ ਪੋਥੀ ਨੰਬਰ ਦੋ ਹੈ। ਬਿਲਕੁੱਲ ਇਸੇ ਤਰ੍ਹਾਂ ਹੀ ਪੋਥੀ ਦੇ ਬਾਰੇ ਹੈ, ਪ੍ਰੰਤੂ ਇਹ ਇੱਕ ਭੇਤ ਹੈ। ਪਰ ਫਿਰ ਵੀ ਅਸੀਂ ਇਸਦਾ ਨਿਰੀਖਣ ਕੀਤਾ ਹੈ ;ਪ੍ਰੰਤੂ ਯਾਦ ਰਹੇ, ਇਹ ਮੋਹਰਬੰਦ ਪੋਥੀ ਹੈ। ਅਤੇ ਇਹ ਪੋਥੀ ਭੇਤਾਂ ਦੀ ਪੋਥੀ ਹੈ, ਪ੍ਰਕਾਸ਼ ਦੀ ਪੋਥੀ ਹੈ। ਇਹ ਯਿਸੂ ਮਸੀਹ ਦਾ ਪ੍ਰਕਾਸ਼ ਹੈ, ਵੇਖੋ, ਇਹ ਪ੍ਰਕਾਸ਼ਾਂ ਦੀ ਪੋਥੀ ਹੈ। ਅਤੇ ਹੁਣ ਤੁਸੀਂ ਜਾਣਦੇ ਹੋ ਕਿ ਇਹਨਾਂ ਯੁੱਗਾਂ ਦੇ ਅੰਦਰ ਮਨੁੱਖ ਨੇ ਇਹਨਾਂ ਮੋਹਰਾਂ ਦੀ ਖੋਜ-ਬੀਨ ਕੀਤੀ ਹੈ ਅਤੇ ਕੋਸ਼ਿਸ਼ ਕੀਤੀ ਕਿ ਉਹ ਇਸਦੇ ਬਾਰੇ ਵਿੱਚ ਜਾਣ ਸਕਣ। ਅਸੀਂ ਇਹ ਸੱਭ ਕੁਝ ਪਹਿਲਾਂ ਹੀ ਵੇਖ ਚੁੱਕੇ ਹਾਂ।

47 ਅਤੇ ਮੈਨੂੰ ਹੁਣ ਵੀ ਇੱਕ ਸਮਾਂ ਯਾਦ ਹੈ .......ਜੇ ਭਾਈ ਬੋਹਨਾਨ ਜਾਂ ਉਹਨਾਂ ਦੇ ਕੁਝ ਲੋਕ ਇੱਥੇ ਮੋਜੂਦ ਹੋਣ, ਮੇਰਾ ਇਹ ਦੱਸਣ ਤੋਂ ਭਾਵ ਕਿਸੇ ਦੀ ਬੇਇੱਜ਼ਤੀ ਕਰਨਾ ਨਹੀਂ ਹੈ। ਮਿਸਟਰ ਬੋਹਨਾਨ ਮੇਰੇ ਜਿਗਰੀ ਦੋਸਤ ਹਨ, ਅਤੇ ਜਦ ਮੈਂ ਉੱਥੇ ਕੰਮ ਕਰਦਾ ਹੁੰਦਾ ਸੀ ਤਾਂ ਉਹ ਪਬਲਿਕ ਸਰਵਿਸ ਕੰਪਨੀ ਦੇ ਸੁਪਰਡੈਂਟ ਸਨ। ਜਦ ਮੈਂ ਬਚਿਆ ਹੀ ਸੀ ਤਾਂ ਮੈਂ ਉਹਨਾਂ ਨੂੰ ਪ੍ਰਕਾਸ਼ ਦੀ ਪੋਥੀ ਪੜ੍ਹੇ ਜਾਣ ਦੇ ਬਾਰੇ ਵਿੱਚ ਦੱਸ ਰਿਹਾ ਸੀ। ਉਸਨੇ ਕਿਹਾ, " ਮੈਂ ਵੀ ਉਸਨੂੰ ਪੜ੍ਹਨ ਦੀ ਕੋਸ਼ਿਸ਼ ਕੀਤੀ ਸੀ। ''ਅਤੇ ਮਿਸਟਰ ਬੋਹਨਾਨ ਇੱਕ ਵਧੀਆ ਆਦਮੀ ਸਨ, ਅਤੇ ਉਹ ਕਿਸੇ ਕਲੀਸਯਾ ਦੇ ਮੈਂਬਰ ਸਨ। ਅਤੇ-ਅਤੇ ਮੈਂ ਨਹੀਂ ਜਾਣਦਾ ਹਾਂ ਕਿ ਉਹ ਕਿਸ ਕਲੀਸਿਯਾ ਦੇ ਮੈਂਬਰ ਸਨ, ਪਰ ਉਸਨੇ ਕਿਹਾ, "ਮੈਂ ਸੋਚਦਾ ਹਾਂ ਕਿ ਉਸ ਦਿਨ ਯੂਹੰਨਾ ਨੇ ਲਾਲ ਮਿਰਚਾਂ ਵਾਲਾ ਖਾਣਾ ਖਾਧਾ ਹੋਵੇਗਾ, ਅਤੇ ਉਹ ਭਰੇ ਹੋਏ ਢਿੱਡ ਹੀ ਬਿਸਤਰੇ ਦੇ ਉੱਤੇ ਚਲਾ ਗਿਆ ਸੀ। ''

48 ਮੈਂ ਉਹਨਾਂ ਨੂੰ ਆਖਿਆ, " ਭਾਵੇਂ ਇੰਝ ਕਹਿਣ ਨਾਲ ਮੇਰੀ ਨੋਕਰੀ ਜਾ ਸੱਕਦੀ ਸੀ, ਪ੍ਰੰਤੂ ਫਿਰ ਵੀ ਮੈਂ ਕਿਹਾ, ਕੀ ਤੁਹਾਨੂੰ ਇਸ ਤਰ੍ਹਾਂ ਕਹਿਣ ਲੱਗੇ ਸ਼ਰਮ ਨਹੀਂ ਆਉਂਦੀ ?" ਅਤੇ ਤਦ ਮੈਂ ਇੱਕ ਮੁੰਡਾ ਜਿਹਾ ਸਾਂ। ਪ੍ਰੰਤੂ ਮੈਂ ਉਸਨੂੰ ਆਖਿਆ ਸੀ, " ਕੀ ਤੈਨੂੰ ਖੁਦਾ ਦੇ ਵਚਨ ਦੇ ਬਾਰੇ ਇਸ ਤਰ੍ਹਾਂ ਕਹਿਣ ਵਿੱਚ ਸ਼ਰਮ ਨਹੀਂ ਆਉਂਦੀ ਹੈ ?" ਵੇਖਿਆ ? ਉਸ ਵੇਲੇ ਮੈਂ ਇੱਕ ਮੁੰਡਾ ਜਿਹਾ ਹੀ ਸੀ, ਅਤੇ ਹੋ ਸੱਕਦਾ ਹੈ ਕਿ.......ਉਸ ਵੇਲੇ ਮੇਰੀ ਉਮਰ ਮਸਾਂ ਇੱਕੀ ਜਾਂ ਬਾਈ ਸਾਲ ਦੀ ਹੋਵੇਗੀ; ਅਤੇ ਉਸ ਵੇਲੇ ਮੈਂ ਛੋਟਾ -ਮੋਟਾ ਕੰਮ ਹੀ ਕਰਦਾ ਹੁੰਦਾ ਸੀ, ਅਤੇ ਬੜਾ ਹੀ ਮੰਦਾ ਉਹਨਾਂ ਦਿਨਾਂ ਵਿੱਚ ਚੱਲ ਰਿਹਾ ਸੀ। ਪ੍ਰੰਤੂ ਤਾਂ ਵੀ ਮੇਰੇ ਵਿੱਚ ਖੁਦਾ ਦਾ ਡਰ ਸੀ, ਜਦ ਮੈਂ ......ਜਦ ਕਦੇ ਮੈਂ ਪ੍ਰਮੇਸ਼ੁਰ ਦੇ ਵਚਨ ਦੇ ਬਾਰੇ ਵਿੱਚ ਬੁਰੇ ਸ਼ਬਦ ਸੁਣਦਾ, ਤਾਂ ਮੈਨੂੰ ਬਹੁਤ ਦੁੱਖ ਹੁੰਦਾ ਸੀ। ਪ੍ਰਮੇਸ਼ੁਰ ਦਾ ਵਚਨ ਸੱਚਾ ਹੈ ;ਇਹ ਸੰਪੂਰਣ ਸੱਚ ਹੈ। ਇਸ ਲਈ ਇਹ ਕੋਈ ਸੁਫਨਾ ਜਾਂ ਫਿਰ ਕੋਈ ਡਰਾਉਣਾ ਸੁਫਨਾ ਨਹੀਂ ਸੀ, ਅਤੇ ਨਾ ਹੀ ਇਹ ਯੂਹੰਨਾ ਨੇ ਲਾਲ ਮਿਰਚਾਂ ਵਾਲਾ ਖਾਣਾ ਖਾਧਾ ਸੀ।

49 ਯੂਹੰਨਾ ਪਤਮੁਸ ਦੇ ਟਾਪੂ ਤੇ ਇਸ ਲਈ ਸੀ ਕਿਉਂਕਿ ਉਸਨੇ ਖੁਦਾ ਦੇ ਵਚਨ ਨੂੰ ਇੱਕ ਪੁਸਤਕ ਦਾ ਰੂਪ ਦੇਣਾ ਚਾਹਿਆ ਸੀ ਅਤੇ ਰੋਮੀ ਸਰਕਾਰ ਨੇ ਉਸਨੂੰ ਉਸ ਟਾਪੂ ਤੇ ਭੇਜ਼ ਕੇ ਦੇਸ਼

ਨਿਕਾਲਾ ਦੇ ਦਿੱਤਾ ਸੀ। ਅਤੇ ਯੂਹੰਨਾ ਪ੍ਰਭੂ ਦੇ ਦਿਨ ਉਸ ਟਾਪੂ ਉੱਤੇ ਸੀ। ਅਤੇ ਉਸਨੇ ਆਪਣੇ ਪਿੱਛੇ ਬਾਹਲੇ ਪਾਣੀਆਂ ਦੀ ਘੂਕ ਵਰਗੀ ਅਵਾਜ਼ ਸੁਣੀ, ਅਤੇ ਜਦ ਉਹ ਵੇਖਣ ਲਈ ਪਿੱਛੇ ਨੂੰ ਮੁੜਿਆ ਤਾਂ ਉਸਨੇ ਸੋਨੇ ਦੇ ਸੱਤ ਸ਼ਮਾਦਾਨ ਵੇਖੇ। ਅਤੇ ਉਹਨਾਂ ਦੇ ਵਿਚਕਾਰ ਪ੍ਰਮੇਸ਼ੁਰ ਦਾ ਪੁੱਤਰ ਖੜਾ ਸੀ।

50 ਅਤੇ ਤਦ, ਇਹ ਪੋਥੀ ਇੱਕ ਪ੍ਰਕਾਸ਼ ਹੈ। ਅਤੇ ਪ੍ਰਕਾਸ਼ ਉਹ ਹੁੰਦਾ ਹੈ ਜੋ ਕਿਸੇ ਚੀਜ਼ ਤੋਂ ਜਾਣੂ ਕਰਵਾਉਂਦਾ ਹੈ, ਕਿਸੇ ਗੱਲ ਨੂੰ ਖੋਲ੍ਹਦਾ ਹੈ। ਅਤੇ ਹੁਣ ਧਿਆਨ ਦਿਓ ਤਾਂ ਤੁਸੀਂ ਇਸਨੂੰ ਨਹੀਂ ਭੁੱਲੋਗੇ, " ਇਹ ਅੰਤ ਸਮੇਂ ਤੱਕ ਮੋਹਰਬੰਦ ਹੈ। " ਸਮਝੇ ? ਇਸਦੇ ਸਾਰੇ ਭੇਤ, " ਅੰਤ ਦੇ ਸਮੇਂ ਤੱਕ ਲਈ ਬੰਦ ਹਨ। " ਅਸੀਂ ਇਸ ਤਰ੍ਹਾਂ ਵਚਨ ਵਿੱਚ ਵੇਖਦੇ ਹਾਂ।

51 ਹੁਣ ਵੇਖੋ, ਇਸ ਪੋਥੀ ਦੇ ਭੇਤ ਤਦ ਪ੍ਰਗਟ ਹੁੰਦੇ ਹਨ ਜਦ ਮੋਹਰਾਂ ਨੂੰ ਖੋਲ੍ਹਿਆ ਜਾਂਦਾ ਹੈ। ਅਤੇ ਜਦ ਮੋਹਰਾਂ ਪੂਰੀ ਤਰ੍ਹਾਂ ਨਾਲ ਖੁੱਲ੍ਹ ਜਾਂਦੀਆਂ ਹਨ ਤਾਂ ਛੁਟਕਾਰੇ ਦਾ ਸਮਾਂ ਖਤਮ ਹੋ ਜਾਂਦਾ ਹੈ, ਕਿਉਂਕਿ ਲੇਲਾ ਵਿਚੋਲਗੀ ਦੇ ਕੰਮ ਨੂੰ ਛੱਡ ਕੇ ਆਪਣੇ ਦਾਅਵੇ ਕਰਨ ਲਈ ਅੱਗੇ ਆਉਂਦਾ ਹੈ -ਪ੍ਰੰਤੂ ਮੋਹਰਾਂ ਦਾ ਅਸਲੀ ਪ੍ਰਕਾਸ਼ ਉਦੋਂ ਹੀ ਮਿਲਦਾ ਹੈ ਜਦੋਂ ਇਹਨਾਂ ਨੂੰ ਤੋੜਿਆ ਜਾਂਦਾ ਹੈ ਅਤੇ ਜਦ ਲੇਲਾ ਵਿਚੋਲਗੀ ਦੇ ਪਵਿੱਤਰ ਕਟਹਿਰੇ ਵਿੱਚੋਂ ਬਾਹਰ ਆਉਂਦਾ ਹੈ ਅਤੇ ਪੋਥੀ ਲੈ ਲੈਂਦਾ ਹੈ .ਇਸ ਲਈ ਉਹ ਫਿਰ ਵਿਚੋਲਗੀ ਨਹੀਂ ਕਰਦਾ ਹੈ। ਕਿਉਂਕਿ ਇੱਥੋਂ ਤੱਕ ਕਿ ਫਿਰ ਉਹ ਉਸਨੂੰ ਬਬਰ ਸ਼ੇਰ ਕਹਿੰਦੇ ਹਨ ਜੋ ਕਿ ਰਾਜਾ ਹੈ ਅਤੇ ਉਸ ਵੇਲੇ ਉਹ ਵਿਚੋਲਾ ਨਹੀਂ ਹੈ।

52 ਭਾਵੇਂ ਕਿ ਇਹਨਾਂ ਮੋਹਰਾਂ ਦੇ ਨਾਇਕ ਪਹਿਲੀ ਕਲੀਸਿਯਾ ਤੋਂ ਹੀ ਸ਼ੁਰੂ ਹੋ ਜਾਂਦੇ ਹਨ।ਹੁਣ ਤੁਸੀਂ ਨਾਇਕ ਸ਼ਬਦ ਨੂੰ ਯਾਦ ਰੱਖੋ, ਜੇ ਸਾਡੇ ਕੋਲੋਂ ਹੋ ਸਕਿਆ ਜਾਂ ਜਿੰਨਾ ਵੀ ਸੰਭਵ ਯਤਨ ਅਸੀਂ ਕਰ ਸਕੇ, ਤੁਹਾਨੂੰ ਪੂਰੀ ਤਰ੍ਹਾਂ ਇਸਦੇ ਪਿਛੋਕੜ ਦਾ ਪਤਾ ਲੱਗ ਜਾਵੇਗਾ। ਮੈਂ ਇਸਦੇ ਲਈ "ਨਾਇਕ " (ACTOR) ਸ਼ਬਦ ਦਾ ਪ੍ਰਯੋਗ ਇਸ ਲਈ ਕਰ ਰਿਹਾ ਹਾਂ ਕਿਉਂਕਿ ਨਾਇਕ (ਨਾਟਕਕਾਰ) ਉਹ ਮਨੁੱਖ ਹੁੰਦਾ ਹੈ ਜੋ ਭੇਸ ਬਦਲਦਾ ਹੈ। ਸਮਝੇ ?

53 ਅਤੇ ਅੱਜ ਰਾਤ ਇਸ ਡਰਾਮੇ ਵਿੱਚ ਅਸੀਂ ਇਹ ਵੇਖਣ ਜਾ ਰਹੇ ਹਾਂ ਕਿ ਇਹ ਸ਼ੈਤਾਨ ਹੈ ਜੋ ਕਿ ਭੇਸ ਬਦਲਦਾ ਅਥਵਾ ਆਪਣਾ ਰੂਪ ਬਦਲਦਾ ਹੈ। ਅਤੇ ਸਾਰੇ ਨਾਟਕਕਾਰ ਭੇਸ ਬਦਲਦੇ ਹਨ।

54 ਮਸੀਹ ਆਪਣੇ ਉਸ ਭਾਗ ਜਾਂ ਰੋਲ ਨੂੰ ਨਿਭਾ ਰਿਹਾ ਹੈ ਜੋ ਉਸਨੇ ਉਸ ਵੇਲੇ ਕੀਤਾ ਸੀ ਜਦ ਉਹ ਆਤਮਾ ਤੋਂ ਇੱਕ ਮਨੁੱਖ ਬਣਿਆ ਸੀ। ਤਦ ਉਸਨੇ ਸਿਰਫ ਇੱਕ ਨਾਇਕ ( ਐਕਟਰ)ਦੇ ਕੱਪੜੇ ਹੀ ਪਾਏ ਸਨ, ਜੋ ਕਿ ਮਨੁੱਖੀ ਦੇਹ ਸੀ ਅਤੇ ਆਦਮੀ ਦੀ ਸ਼ਕਲ ਵਿੱਚ ਹੇਠਾਂ ਉੱਤਰ ਆਇਆ ਤਾਂ ਕਿ ਛੁਡਾਉਣ ਵਾਲਾ ਨੇੜੇ ਦਾ ਸਾਕ ਬਣ ਸਕੇ।

55 ਹੁਣ ਤੁਸੀਂ ਵੇਖੋ ਇਹ ਸਿਰਫ ਇੱਕ ਐਕਟਰ ਦਾ ਰੂਪ ਹੀ ਹੈ। ਇਹ ਹੀ ਕਾਰਨ ਹੈ ਕਿ ਇਹ ਸੱਭ ਦ੍ਰਿਸ਼ਟਾਤਾਂ ਦੇ ਰੂਪ ਵਿੱਚ ਹੈ ...... ਅਤੇ ਉਹਨਾਂ ਦਾ ਵਰਣਨ ਇੱਥੇ ਇਸ ਢੰਗ ਨਾਲ ਕੀਤਾ ਗਿਆ ਹੈ ਜਿਵੇਂ ਜੰਤੂ, ਜਾਨਵਰ, ਅਤੇ ਹੋਰ ਹੋਰ। ਇਹ ਸਾਰੇ ਨਾਟਕ ਦੇ ਰੂਪ ਵਿੱਚ ਹਨ।ਅਤੇ ਇਹਨਾਂ ਐਕਟਰਾਂ ਨੇ ਪਹਿਲੇ ਕਲੀਸਿਯਾਈ ਯੁੱਗ ਤੋਂ ਹੀ ਨਾਟਕ ਕਰਨਾ ਸ਼ੁਰੂ ਕਰ ਦਿੱਤਾ ਸੀ, ਕਿਉਂਕਿ ਇਹ ਮਸੀਹ ਸੀ ਜੋ ਆਪਣੇ ਆਪ ਨੂੰ ਸੱਤ ਕਲੀਸਿਯਾਈ ਯੁੱਗਾਂ ਵਿੱਚ ਪ੍ਰਗਟ ਕਰ ਰਿਹਾ



352 ਜਿਵੇਂ ਕਿ ਉਸ ਆਦਮੀ ਨੇ ਉੱਥੇ ਕੀਤਾ ਸੀ .........ਉਸਦਾ ਨਾਮ ਕੀ ਹੈ ? ਕੈਸਟਰੋ ਨੇ ਇਹ ਕੀਤਾ ਸੀ।ਉਸਨੇ ਇੱਕ ਹੁਸ਼ਿਆਰੀ ਵਾਲਾ ਕੰਮ ਕੀਤਾ, ਕਿ ਉਸਨੇ ਬੋਡਾਂ ਨੂੰ ਸਮਾਪਤ ਕਰ ਦਿੱਤਾ, ਉਸਨੇ ਉਹਨਾਂ ਦਾ ਭੁਗਤਾਨ ਕਰਕੇ ਉਹਨਾਂ ਨੂੰ ਖਤਮ ਕਰ ਦਿੱਤਾ ਸੀ।

353 ਪ੍ਰੰਤੂ ਵੇਖੋ, ਅਸੀਂ ਇਸ ਤਰ੍ਹਾਂ ਨਹੀਂ ਕਰ ਸੱਕਦੇ ਹਾਂ।ਉਹ ਲੋਕ ਇਸ ਤਰ੍ਹਾਂ ਨਹੀਂ ਕਰਨ ਦੇਣਗੇ। ਇਹ ਧਰਤੀ ਦੇ ਧਨਵਾਨ ਵਪਾਰੀਆਂ ਦੇ ਕੋਲ ਹੈ।

354 ਅਤੇ ਤਦ ਕਰਨ ਲਈ ਬਸ ਇੱਕ ਹੀ ਕੰਮ ਹੈ। ਕੈਥੋਲਿਕ ਕਲੀਸਿਯਾ ਇਸਦਾ ਭੁਗਤਾਨ ਕਰ ਸੱਕਦੀ ਹੈ।ਉਸਦੇ ਕੋਲ ਹੀ ਧਨ ਹੈ।ਅਤੇ ਉਹ ਇਸਦਾ ਭੁਗਤਾਨ ਕਰ ਸੱਕਦੀ ਹੈ ਅਤੇ ਉਹ ਇਸਦਾ ਭੁਗਤਾਨ ਕਰੇਗੀ।ਅਤੇ ਇਸ ਤਰ੍ਹਾਂ ਕਰਨ ਲਈ ਉਹ ਯਹੂਦੀਆਂ ਨਾਲ ਇੱਕ ਸਮਝੌਤਾ ਕਰੇਗੀ, ਉਹ ਯਹੂਦੀਆਂ ਦੇ ਨਾਲ ਇੱਕ ਨੇਮ ਬੰਨ੍ਹੇਗੀ। ਅਤੇ ਜਦ ਉਹ ਯਹੂਦੀਆਂ ਦੇ ਨਾਲ ਇਹ ਨੇਮ ਬੰਨ੍ਹੇਗੀ ......ਯਾਦ ਰੱਖੋ ਮੈਂ ਇਹ ਵਚਨ ਵਿੱਚੋਂ ਬੋਲ ਰਿਹਾ ਹਾਂ।ਅਤੇ ਹੁਣ ਜਦੋਂ ਉਹ ਇਹ ਕਰਦੀ ਹੈ ਅਤੇ ਇਹ ਨੇਮ ਬੰਨ੍ਹੇਗੀ, ਅਸੀਂ ਦਾਨੀਏਲ 8:23 ਅਤੇ 25 ਵਿੱਚ ਵੇਖਿਆ ਹੈ ਕਿ ਉਹ ਇਸ ਨੇਮ ਨੂੰ ਬੰਨ੍ਹਦੀ ਹੈ ਤਾਂ "ਉਹ ਚਤੁਰਾਈ ਦੇ ਕਾਰਨ ਸਫਲ ਹੋਵੇਗੀ ",ਜੋ ਕਿ "ਉਸਦੇ ਹੱਥ ਵਿੱਚ ਹੋਵੇਗਾ।"ਅਤੇ ਚਤੁਰਾਈ (CRAFT ) ਇੱਕ ਨਿਰਮਾਣ (MANUFACTURING) ਹੁੰਦਾ ਹੈ।ਅਤੇ ਉਹ ਇਸ ਨੇਮ ਨੂੰ ਯਹੂਦੀਆਂ ਦੇ ਨਾਲ ਬੰਨ੍ਹੇਗਾ।

355 ਅਤੇ ਸਾਢੇ ਤਿੰਨ ਸਾਲ ਦੇ ਅੱਧ ਵਿੱਚ ਹੀ ਉਹ ਇਸ ਨੇਮ ਨੂੰ ਤੋੜ ਦੇਵੇਗਾ।ਜਿਉਂ ਹੀ ਸਾਰੀਆਂ ਚੀਜਾਂ ਉਸਦੇ ਅਧਿਕਾਰ ਵਿੱਚ ਆ ਜਾਣਗੀਆਂ ਅਤੇ ਯਹੂਦੀਆਂ ਦਾ ਇਕੱਠਾ ਕੀਤਾ ਹੋਇਆ ਧਨ ਉਸਨੂੰ ਮਿਲ ਜਾਵੇਗਾ, ਉਦੋਂ ਹੀ ਉਹ ਨੇਮ ਨੂੰ ਤੋੜ ਦੇਵੇਗਾ।ਅਤੇ ਜਦ ਉਹ ਇਸ ਤਰ੍ਹਾਂ ਕਰਦਾ ਹੈ ਤਾਂ .......ਹੇ, ਮੇਰੇ ਖੁਦਾ ! ਹੇ, ਮੇਰੇ ਖੁਦਾ !

356 ਕਲੀਸਿਯਾਈ ਯੁੱਗਾਂ ਦੇ ਅੰਤ ਤੱਕ ਉਹ ਮਸੀਹ ਵਿਰੋਧੀ ਅਖਵਾਉਂਦਾ ਹੈ, ਕਿਉਂਕਿ ਉਹ ਇਹ ਹੀ ਹੈ .....ਉਹ ਅਤੇ ਉਸਦੇ ਬੱਚੇ ਮਸੀਹ ਅਤੇ ਵਚਨ ਦੇ ਵਿਰੁੱਧ ਹਨ।ਇਹ ਮਨੁੱਖ ਮਸੀਹ ਵਿਰੋਧੀ ਅਖਵਾਉਂਦਾ ਹੈ।

357 ਹੁਣ ਉਹ ਧਨ ਉੱਤੇ ਆਪਣਾ ਅਧਿਕਾਰ ਕਰਨ ਜਾ ਰਿਹਾ ਹੈ।ਅਤੇ ਇਹੋ ਹੀ ਥਾਂ ਹੈ ਜਿੱਥੋਂ ਇਹ ਪੈਸਾ ਆਵੇਗਾ।ਬਸ ਇੱਕ ਪਲ ਰੁਕੋ ;ਜਦ ਮੈਂ ਇਹ ਕਹਿੰਦਾ ਹਾਂ ਤਾਂ ਮੈਂ ਇਸ ਤੇ ਥੋੜੀ ਦੇਰ ਲਈ ਦੁਬਾਰਾ ਪਿੱਛੇ ਜਾਣਾ ਚਾਹੁੰਦਾ ਹਾਂ।

358 ਉਹ ਮਸੀਹ ਵਿਰੋਧੀ ਕਹਾਉਂਦਾ ਹੈ, ਅਤੇ ਅੰਤ ਸਮੇਂ ਤੱਕ ਮਸੀਹ ਵਿਰੋਧੀ ਹੀ ਕਹਾਵੇਗਾ; ਅਤੇ ਉਹ ਖੁਦਾ ਦੀ ਨਿਗਾਹ ਵਿੱਚ ਮਸੀਹ ਵਿਰੋਧੀ ਹੈ ਅਤੇ ਉਹ ਅੰਤ ਸਮੇਂ ਤੱਕ ਖੁਦਾ ਦੀ ਨਜਰ ਵਿੱਚ ਮਸੀਹ ਵਿਰੋਧੀ ਹੀ ਰਹੇਗਾ।ਹੁਣ, ਪ੍ਰੰਤੂ ਤਦ ਉਹ ਕੁਝ ਹੋਰ ਹੀ ਅਖਵਾਏਗਾ।

359 ਜਦ ਉਹ ਸਾਰੇ ਪੈਸੇ ਨੂੰ ਆਪਣੇ ਅਧਿਕਾਰ ਵਿੱਚ ਲੈ ਲਵੇਗਾ, "ਤਾਂ ਉਹ ਯਹੂਦੀਆਂ ਨਾਲ ਬੰਨਿਆਂ ਨੇਮ ਤੋੜ ਦੇਵੇਗਾ ",ਜਿਵੇਂ ਕਿ ਦਾਨੀਏਲ ਨੇ ਕਿਹਾ ਹੈ ਕਿ ਉਹ ਇਸ ਤਰ੍ਹਾਂ ਕਰੇਗਾ, ਉਹ ਦਾਨੀਏਲ ਦੇ "ਸੱਤਰ ਸਾਤਿਆਂ ਦੇ ਆਖਰੀ ਸਾਤੇ ਦੇ ਅੱਧ ਵਿੱਚ ਇਸ ਤਰ੍ਹਾਂ ਕਰੇਗਾ।" ਤਦ ਫਿਰ

ਸੰਸਾਰ ਦਾ ਧਨ ਉਸ ਕੋਲ ਪਾਇਆ ਜਾਂਦਾ ਹੈ। " ਓਹ, ਤੁਸੀਂ ਜਰਾ ਉਹਨਾਂ ਆਲੀਸ਼ਾਨ ਥਾਵਾਂ ਬਾਰੇ ਸੋਚੋ, ਜੋ ਕਈ ਖਰਬਾਂ ਗੁਣਾਂ ............

348 ਰੂਸ ਵਿੱਚ ਸਾਮਵਾਦ ਕਿਉਂ ਉੱਠਿਆ ?ਜਦ ਮੈਂ ਬਹੁਤ ਸਾਰੇ ਪ੍ਰਚਾਰਕਾਂ ਨੂੰ ਸਾਮਵਾਦ ਬਾਰੇ ਰੌਲਾ ਰੱਪਾ ਪਾਉਂਦੇ ਸੁਣਦਾ ਹਾਂ ਤਾਂ ਇਹ ਗੱਲ ਮੈਨੂੰ ਬਹੁਤ ਹੀ ਅਵਾਜ਼ਾਰ ਕਰਦੀ ਹੈ, ਜਦਕਿ ਉਹ ਇਹ ਵੀ ਨਹੀਂ ਜਾਣਦੇ ਕਿ ਉਹ ਕਿਸਦੇ ਬਾਰੇ ਵਿੱਚ ਰੌਲਾ ਪਾ ਰਹੇ ਹਨ।ਇਹ ਸੱਚ ਹੈ।ਸਾਮਵਾਦ ਹੋਰ ਕੁਝ ਨਹੀਂ ਬਲਕਿ ਇਹ ਤਾਂ ਖੁਦਾ ਦੇ ਹੱਥਾਂ ਵਿੱਚ ਇੱਕ ਹਥਿਆਰ ਹੈ ਤਾਂ ਜੋ ਸੰਤਾਂ ਦੇ ਲਹੂ ਦਾ ਧਰਤੀ ਉੱਤੇ ਪਲਟਾ ਲਵੇ।ਇਹ ਠੀਕ ਹੈ।

349 ਅਤੇ ਪ੍ਰਮੇਸ਼ੁਰ ਦੀ ਕਲੀਸਿਯਾ ਨੂੰ ਉੱਪਰ ਉਠਾ ਲਏ ਜਾਣ ਤੋਂ ਬਾਦ ਰੋਮ ਅਤੇ ਯਹੂਦੀ ਆਪਸ ਵਿੱਚ ਇੱਕ ਨੇਮ ਬੰਨ੍ਹਣਗੇ। ਵਚਨ ਦੱਸਦਾ ਹੈ ਕਿ ਉਹ ਪਵਿੱਤਰ ਲੋਕਾਂ ਦੇ ਨਾਲ ਇੱਕ ਨੇਮ ਬੰਨ੍ਹਣਗੇ।ਉਹ ਇਸ ਤਰ੍ਹਾਂ ਕਰਨਗੇ (ਕਿਉਂ?)ਕਿਉਂਕਿ ਇਹ ਦੇਸ਼ ਆਰਥਿਕ ਰੂਪ ਵਿੱਚ ਖਤਮ ਹੋ ਜਾਵੇਗਾ। ਅਤੇ ਬਾਕੀ ਸੰਸਾਰ ਜੋ ਕਿ ਸੋਨੇ ਦੇ ਮਾਪ ਉੱਤੇ ਹੈ ਖਾਤਮੇ ਦੀ ਹਾਲਤ ਵਿੱਚ ਹੈ। ਤੁਸੀਂ ਇਹ ਜਾਣਦੇ ਹੋ।ਜੇ ਅਸੀਂ ਅੱਜ ਤੋਂ ਚਾਲੀ ਸਾਲ ਬਾਦ ਆਪਣੇ ਬਿੱਲਾਂ ਅਤੇ ਕਰਾਂ ਦਾ ਭੁਗਤਾਨ ਕਰਦੇ ਹਾਂ, ਤਾਂ ਹੁਣ ਅਸੀਂ ਕਿੱਥੇ ਹਾਂ?

350 ਅਤੇ ਕੇਵਲ ਇੱਕ ਹੀ ਕੰਮ ਹੈ ਜੋ ਹੋ ਸੱਕਦਾ ਹੈ, ਕਿ ਅਸੀਂ ਆਪਣਾ ਪੈਸਾ ਲੈ ਕੇ ਆਪਣੇ ਕਰਜਿਆਂ ਅਤੇ ਬਿੱਲਾਂ ਦਾ ਭੁਗਤਾਨ ਕਰ ਦੇਈਏ। ਅਤੇ ਅਸੀਂ ਇਸ ਤਰ੍ਹਾਂ ਨਹੀਂ ਕਰ ਸੱਕਦੇ ਹਾਂ।ਵਾਲ ਸਟਰੀਟ ਉਸਦੀ ਮਾਲਕ ਹੈ, ਅਤੇ ਵਾਲ ਸਟਰੀਟ ਦਾ ਨਿਯੰਤਰਣ ਯਹੂਦੀਆਂ ਦੇ ਹੱਥ ਵਿੱਚ ਹੈ।ਅਤੇ ਇਹਦੇ ਵਿੱਚੋਂ ਬਾਕੀ ਸਾਰਾ ਵੈਟੀਕਨ ਸ਼ਹਿਰ ਵਿੱਚ ਹੈ।ਅਤੇ ਇਸਦਾ ਬਾਕੀ ਹਿੱਸਾ ਵਾਲ ਸਟਰੀਟ ਵਿੱਚ ਯਹੂਦੀਆਂ ਦੇ ਕੋਲ ਹੈ ਜਿੱਥੋਂ ਉਹ ਵਿਸ਼ਵ ਵਪਾਰ ਨੂੰ ਨਿਯੰਤਰਣ ਕਰਦੇ ਹਨ। ਅਸੀਂ ਇਸਨੂੰ ਆਪਣਾ ਨਹੀਂ ਕਹਿ ਸੱਕਦੇ ਹਾਂ।

351 ਅਤੇ ਜੇ ਉਹ ਕਰ ਸਕਣ,ਕੀ ਤੁਸੀਂ ਸੋਚਦੇ ਹੋ ........ਇਹ ਵਿਸਕੀ ਅਤੇ ਤੰਬਾਕੂ ਪੀਣ ਵਾਲੇ ਲੋਕ, ਜਿਹੜੇ ਅਰਬਾਂ,ਖਰਬਾਂ ਡਾਲਰਾਂ ਦਾ ਕਰ ਦੇ ਰੂਪ ਵਿੱਚ ਭੁਗਤਾਨ ਕਰ ਰਹੇ ਹਨ, ਅਤੇ ਆਪਣੇ ਸਾਰੇ ਕਰ ਉਹਨਾਂ ਗੰਦੀਆਂ ਫਿਲਮਾਂ ਅਤੇ ਇਸੇ ਤਰ੍ਹਾਂ ਦੀਆਂ ਚੀਜ਼ਾਂ ਤੇ ਖਰਚ ਕਰਦੇ ਹਨ।ਅਤੇ ਉਹ ਉੱਥੇ ਅਰੀਜ਼ੋਨਾ ਵਿੱਚ ਗਏ ਅਤੇ ਉੱਥੇ ਉਹਨਾਂ ਨੇ ਲੱਖਾਂ ਜਾਂ ਹਜਾਰਾਂ ਏਕੜ ਜਮੀਨ ਖਰੀਦੀ, ਅਤੇ ਉੱਥੇ ਉਹਨਾਂ ਨੇ ਪੰਜਾਹ ਹਜ਼ਾਰ ਡਾਲਰਾਂ ਵਿੱਚ ਕਈ ਵੱਡੇ-ਵੱਡੇ ਖੂਹ ਪੁੱਟੇ।ਅਤੇ ਉਹਨਾਂ ਨੇ ਇਸ ਰਕਮ ਦਾ ਭੁਗਤਾਨ ਕਰ ਦੇ ਰਾਹੀਂ ਕੀਤਾ।ਅਤੇ ਜੇ ਤੁਸੀ ਟੈਕਸ ਅਰਥਾਤ ਕਰ ਨਹੀਂ ਦਿੰਦੇ ਹੋ ਤਾਂ ਉਹ ਤੁਹਾਨੂੰ ਜੇਲ ਵਿੱਚ ਸੁੱਟ ਦੇਣਗੇ।ਪ੍ਰੰਤੂ ਉਹਨਾਂ ਨੇ ਇਸਦੀ ਲਿਖਤ ਪੜਤ ਕੀਤੀ ਹੈ ਅਤੇ ਉਹਨਾਂ ਨੇ ਉੱਥੇ ਬੁਲਡੋਜਰ ਭੇਜੇ ਅਤੇ ਉਹਨਾਂ ਖੂਹਾਂ ਨੂੰ ਭਰ ਦਿੱਤਾ।ਅਤੇ ਹੁਣ ਉਹ ਕੀ ਕਰਨਗੇ?ਹੁਣ ਉਹ ਉੱਥੇ ਅਗਾਂਹ ਨੂੰ ਉਸ ਪੈਸੇ ਦੇ ਨਾਲ ਜਿਹੜਾ ਉਹਨਾਂ ਨੇ ਕਮਾਇਆ ਹੈ ਘਰ ਬਣਾਉਣ ਦੀ ਯੋਜਨਾ ਸ਼ੁਰੂ ਕਰਨਗੇ।ਉਹਨਾਂ ਨੇ ਇਸ ਕਮਾਏ ਹੋਏ ਪੈਸੇ ਵਿੱਚ ਵਾਧਾ ਕਰਨਾ ਹੈ।ਅਤੇ ਉਹ ਇਸੇ ਹੀ ਉਦੇਸ਼ ਲਈ ਉੱਥੇ ਘਰ ਬਣਾਉਣ ਦੀ ਯੋਜਨਾ ਚਾਲੂ ਕਰਦੇ ਹਨ, ਅਤੇ ਉਹ ਉਹਨਾਂ ਮਕਾਨਾਂ ਨੂੰ ਲੱਖਾਂ ਡਾਲਰਾਂ ਵਿੱਚ ਵੇਚਦੇ ਹਨ।ਕੀ ਤੁਸੀਂ ਸੋਚਦੇ ਹੋ ਕਿ ਉਹ ਲੋਕ ਕਰੰਸੀ ਬਦਲਣ ਦੇ ਮਾਮਲੇ ਵਿੱਚ ਸਮਝੋਤਾ ਕਰਨਗੇ?



ਸੀ।ਹੁਣ ਤੁਸੀਂ ਇਸਨੂੰ ਸਮਝ ਗਏ ? [ ਸੰਗਤ ਆਖਦੀ ਹੈ, " ਆਮੀਨ। "-ਸੰਪਾ] ਠੀਕ ਹੈ। ਵੇਖਿਆ? ਮਸੀਹ ਆਪਣੇ ਆਪ ਨੂੰ ਸੱਤਾਂ ਕਲੀਸਿਯਾਵਾਂ ਦੇ ਯੁੱਗਾਂ ਵਿੱਚ ਪ੍ਰਗਟ ਕਰ ਰਿਹਾ ਹੈ।

56 ਤਦ, ਇਹਨਾਂ ਕਲੀਸਿਯਾਈ ਯੁੱਗਾਂ ਦੇ ਦੌਰਾਨ ਬਹੁਤ ਸਾਰੀਆਂ ਗੜਬੜਾਂ ਪੈਦਾ ਹੋ ਗਈਆਂ ਸਨ। ਤਦ ਇਸ ਤੋਂ ਬਾਅਦ ਕਲੀਸਿਯਾਈ ਯੁੱਗ ਦੇ ਅੰਤ ਵਿੱਚ, ਸੱਤਵੇਂ ਦੂਤ ਦੇ ਸੰਦੇਸ਼ ਨੇ ਇਹਨਾਂ ਗੁਆਚੀਆਂ ਹੋਈਆਂ ਗੱਲਾਂ ਦੇ ਗੁਪਤ ਭੇਤਾਂ ਨੂੰ ਲੈ ਕੇ ਤੇ ਸੰਪੂਰਣ ਢੰਗ ਦੇ ਨਾਲ ਪ੍ਰਗਟ ਕਰਕੇ ਕਲੀਸਿਯਾ ਨੂੰ ਦੇਣੀਆਂ ਹਨ। ਸਮਝ ਲੱਗੀ ? ਹੁਣ ਅਸੀਂ ਇਸਦੇ ਉੱਤੇ ਧਿਆਨ ਦਿਆਂਗੇ।

57 ਪਰ ਉਦੋਂ ਇਹ ਗੱਲਾਂ ਆਪਣੀ ਅਸਲੀ ਅਤੇ ਸੱਚੀ ਹਾਲਤ ਵਿੱਚ ਪ੍ਰਗਟ ਨਹੀਂ ਸਨ ਹੋਈਆਂ। ਹੁਣ ਬਾਈਬਲ ਦੇ ਸਮੇਂ ਵਿੱਚ ਇਹ ਭੇਤ ਉੱਥੇ ਹੀ ਸਨ, ਅਤੇ ਉਹਨਾਂ ਨੇ ਇਹਨਾਂ ਗੱਲਾਂ ਨੂੰ ਵਾਪਰਦਿਆਂ ਉਸੇ ਹੀ ਤਰ੍ਹਾਂ ਵੇਖਿਆ ਜਿਵੇਂ ਯੂਹੰਨਾ ਨੇ ਇਹਨਾਂ ਨੂੰ ਵੇਖਿਆ। ਹੁਣ ਉਸਨੇ ਆਖਿਆ, " ਇੱਕ ਨੁਕਰੇ ਘੋੜੇ ਦਾ ਸਵਾਰ ਹੈ। " ਪਰ ਇਸਦਾ ਭੇਤ ਕੀ ਹੈ, ਇਹ ਇੱਕ ਭੇਤ ਹੈ ਜੋ ਕਿ ਉਸ ਘੋੜਸਵਾਰ ਦੇ ਨਾਲ-ਨਾਲ ਅੱਗੇ ਵੱਧਦਾ ਹੈ। ਹੁਣ ਵੇਖੋ, ਇਹ ਭੇਤ ਕੀ ਸੀ ਉਹ ਨਹੀਂ ਜਾਣਦੇ ਸਨ, ਪ੍ਰੰਤੂ ਇਸਨੂੰ ਪ੍ਰਗਟ ਕੀਤਾ ਜਾਣਾ ਹੈ। ਪਰ ਇਸਨੇ ਤਾਂ ਤਦ ਪ੍ਰਗਟ ਹੋਣਾ ਹੈ ਜਦ ਲੇਲਾ ਪਿਤਾ ਦੇ ਸਿੰਘਾਸਣ ਨੂੰ ਛਡਾਉਣ ਵਾਲੇ ਨੇੜੇ ਦੇ ਸਾਕ ਦੇ ਰੂਪ ਵਿੱਚ ਜੋ ਉਹ ਵਿਚੋਲਗੀ ਦਾ ਕੰਮ ਕਰਦਾ ਹੈ, ਛੱਡ ਦੇਵੇਗਾ।

58 ਹੁਣ ਮੈਂ ਇੱਥੇ ਕੁਝ ਦੱਸਣਾ ਚਾਹੁੰਦਾ ਹਾਂ। ਹੁਣ, ਜੇ ਕਿਸੇ ਨੂੰ ਵੀ ਇਹ ਟੇਪਾਂ ਮਿਲ ਜਾਣ ......... ਉਹ ਜੋ ਵੀ ਚਾਹੇ ਬੋਲ ਸੱਕਦਾ ਹੈ। ਉਸਨੂੰ ਕਿਸੇ ਵੀ ਤਰ੍ਹਾਂ ਦੇ ਵਿਸ਼ਵਾਸ਼ ਨੂੰ ਮੰਨਣ ਦਾ ਪੂਰਾ ਹੱਕ ਹੈ। ਪ੍ਰੰਤੂ ਜੇ ........ ਤੁਸੀਂ ਜਾਣਦੇ ਹੋ, ਜੇ ਕੋਈ ਪਾਦਰੀ ਇਹਨਾਂ ਟੇਪਾਂ ਨੂੰ ਆਪਣੇ ਲੋਕਾਂ ਵਿੱਚ ਨਹੀਂ ਚਾਹੁੰਦਾ ਹੈ ਤਾਂ ਉਹਨਾਂ ਨੂੰ ਦੱਸ ਦਿਓ ਕਿ ਉਹ ਨਾ ਲੈ ਕੇ ਜਾਣ।ਪਰ ਮੈਂ-ਮੈਂ ..... ਇਹ ਉਹ ਹੈ ਜੋ ਬੋਲਣ ਲਈ ਮੈਂ ਲੋਕਾਂ ਦੇ ਵਿੱਚ ਭੇਜਿਆ ਗਿਆ ਹਾਂ, ਇਸ ਲਈ ਮੈਨੂੰ ਉਹ ਜਰੂਰ ਪ੍ਰਗਟ ਕਰਨਾ ਚਾਹੀਦਾ ਹੈ ਜੋ ਸੱਚਾਈ ਹੈ।

59 ਹੁਣ, ਲੇਲਾ ਉੱਥੇ ਵਿਚੋਲਗੀ ਦਾ ਕੰਮ ਕਰਨ ਦੇ ਸਮੇਂ ਵਿੱਚ ਹੈ, ਤਾਂ ਉਹ ਜਾਣਦਾ ਹੈ ਕਿ ਉਸ ਪੋਥੀ ਵਿੱਚ ਕੁਝ ਨਾਮ ਹਨ ਜੋ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਦੇ ਲਿਖੇ ਹੋਏ ਹਨ। ਅਤੇ ਜਦ ਤੱਕ ਉਹਨਾਂ ਨਾਮਾਂ ਨੂੰ ਧਰਤੀ ਉੱਤੇ ਪ੍ਰਗਟ ਨਹੀਂ ਕੀਤਾ ਜਾਂਦਾ ਉਸਨੇ ਉੱਥੇ ਹੀ ਵਿਚੋਲਾ ਬਣ ਕੇ ਰੁਕਿਆ ਰਹਿਣਾ ਹੈ। ਕੀ ਤੁਸੀਂ ਇਸਨੂੰ ਸਮਝ ਗਏ ਹੋ ? [ਸੰਗਤ ਆਖਦੀ ਹੈ "ਆਮੀਨ "-ਸੰਪਾ] ਵੇਖਿਆ, ਇਹ ਪੂਰੀ ਤਰ੍ਹਾਂ ਪਹਿਲਾਂ ਤੋਂ ਠਹਿਰਾਇਆ ਜਾਣਾ ਹੈ। ਠੀਕ ਹੈ। ਉਸਨੇ ਉੱਥੇ ਤਦ ਤੱਕ ਰੁਕਿਆ ਰਹਿਣਾ ਹੈ ; ਕਿਉਂਕਿ ਉਹ ਉਹਨਾਂ ਦੇ ਲਈ ਮਰਨ ਆਇਆ ਸੀ, ਜਿਹਨਾਂ ਨੂੰ ਖੁਦਾ ਨੇ ਅਨੰਤ ਜੀਵਨ ਲਈ ਠਹਿਰਾਇਆ ਸੀ। ਵੇਖਿਆ ? ਸਮਝੇ ?ਆਪਣੇ ਅਗੰਮ ਗਿਆਨ ਨਾਲ ਖੁਦਾ ਨੇ ਉਹਨਾਂ ਨੂੰ ਵੇਖਿਆ। ਆਪਣੀ ਮਰਜ਼ੀ ਦੇ ਨਾਲ ਨਹੀਂ ; ਉਸਦੀ ਮਰਜ਼ੀ ਤਾਂ ਇਹ ਹੈ ਕਿ ਕੋਈ ਵੀ ਨਾਸ਼ ਨਾ ਹੋਵੇ। ਪ੍ਰੰਤੂ ਉਸਨੇ ਆਪਣੇ ਅਗੇਤਰੇ ਗਿਆਨ ਦੇ ਨਾਲ ਜਾਣਿਆ ਕਿ ਕੌਣ ਨਾਸ਼ ਹੋਵੇਗਾ ਅਤੇ ਕੌਣ ਨਹੀਂ ਨਾਸ਼ ਹੋਵੇਗਾ। ਇਸ ਲਈ ਜਦ ਤੱਕ ਉਸ ਵਿੱਚ ਇੱਕ ਵੀ ਅਜਿਹਾ ਨਾਮ ਰਹਿੰਦਾ ਹੈ ਜਿਸਦੀ ਧਰਤੀ ਉੱਤੇ ਘੋਸ਼ਣਾ ਨਹੀਂ ਕੀਤੀ ਗਈ, ਤਦ ਤੱਕ ਮਸੀਹ ਨੂੰ ਉਸ ਨਾਮ ਲਈ ਉੱਥੇ ਵਿਚੋਲੇ ਦੇ ਰੂਪ ਵਿੱਚ ਰਹਿਣਾ ਹੈ ਤਾਂ ਕਿ ਉਸ ਨਾਮ ਦੇ ਲਈ ਸਿਫਾਰਸ਼ ਕਰ ਸਕੇ।

60 ਪਰ ਜਿਉਂ ਹੀ ਉਹ ਆਖਰੀ ਨਾਮ ਸ਼ੁੱਧ ਕਰਨ ਵਾਲੇ ਕਲੋਰੋਕਸ ਜਾਂ ਰੰਗ ਕਾਟ ਵਿੱਚ ਪੈ ਜਾਵੇਗਾ, ਉਸੇ ਵੇਲੇ ਉਸਦੇ ਵਿਚੋਲਗੀ ਦੇ ਦਿਨਾਂ ਦਾ ਕੰਮ ਖਤਮ ਹੋ ਜਾਵੇਗਾ। "ਅਤੇ ਫਿਰ ਜਿਹੜਾ ਪਲੀਤ ਹੈ, ਪਲੀਤ ਬਣਿਆ ਰਹੇ। ਅਤੇ ਜਿਹੜਾ ਪਵਿੱਤਰ ਹੈ ਉਹ ਪਵਿੱਤਰ ਬਣਿਆ ਰਹੇ। " ਸਮਝੇ? ਅਤੇ ਜਦ ਉਹ ਪਵਿੱਤਰ ਸਥਾਨ ਨੂੰ ਛੱਡਦਾ ਹੈ ਤਦ ਇਹ ਨਿਆਂ ਦਾ ਸਿੰਘਾਸਣ ਬਣਦਾ ਹੈ। ਤਦ ਉਹਨਾਂ ਉੱਤੇ ਹਾਏ, ਜੋ ਮਸੀਹ ਤੋਂ ਬਾਹਰ ਹਨ।

61 ਹੁਣ ਧਿਆਨ ਦਿਓ, ਪ੍ਰੰਤੂ ਇਸਨੇ ਤਾਂ ਤਦ ਪ੍ਰਗਟ ਹੋਣਾ ਹੈ ਜਦ ਲੇਲਾ ਆਪਣੇ ਪਿਤਾ ਕੋਲੋਂ ਆਪਣੀ ਵਿਚੋਲਗੀ ਦਾ ਕੰਮ ਛੱਡ ਦਿੰਦਾ ਹੈ। ਇਹ ਹੈ ਪ੍ਰਕਾਸ਼ ਦੀ ਪੋਥੀ 5 ਬਾਬ। ਹੁਣ ਉਹ ਮੋਹਰਾਂ ਦੀ ਪੋਥੀ ਲੈਂਦਾ ਹੈ, ਜਾਂ ਸੱਤਾਂ ਮੋਹਰਾਂ ਦੇ ਨਾਲ ਮੋਹਰਬੰਦ ਕੀਤੀ ਹੋਈ ਪੋਥੀ ਨੂੰ ਲੈਂਦਾ ਹੈ ਅਤੇ ਉਹਨਾਂ ਮੋਹਰਾਂ ਨੂੰ ਤੋੜਦਾ ਹੈ ਅਤੇ ਉਹਨਾਂ ਨੂੰ ਵਿਖਾਉਂਦਾ ਹੈ। ਹੁਣ ਇਸ ਯੁੱਗ ਦੇ ਅੰਤ ਵਿੱਚ ਵਿਚੋਲਗੀ ਦਾ ਕੰਮ ਪੂਰਾ ਹੋਣ ਤੋਂ ਬਾਅਦ, ਕਲੀਸਿਯਾਈ ਯੁੱਗ ਖਤਮ ਹੋ ਜਾਂਦੇ ਹਨ।

62 ਉਹ ਪਹਿਲੇ ਕਲੀਸਯਾ ਦੇ ਯੁੱਗ ਵਿੱਚ, ਅਫਸੁਸ ਦੇ ਯੁੱਗ ਵਿੱਚ ਆਉਂਦਾ ਹੈ ; ਸੰਦੇਸ਼ ਵਾਹਕ (ਦੂਤ ) ਨੂੰ ਭੇਜਦਾ ਹੈ, ਆਪਣੇ ਆਪ ਨੂੰ ਪ੍ਰਗਟ ਕਰਦਾ ਹੈ।

63 ਜਿਵੇਂ-ਜਿਵੇਂ ਅਸੀਂ ਅੱਗੇ ਵੱਧਦੇ ਹਾਂ ਤੁਸੀਂ ਧਿਆਨ ਦਿਓ ਕਿ ਕੀ ਹੁੰਦਾ ਹੈ। ਇੱਥੇ ਇਸਦੀ ਯੋਜਨਾ ਹੈ। ਪਹਿਲੀ ਗੱਲ ਜੋ ਸੁਰਗ ਵਿੱਚ ਹੁੰਦੀ ਹੈ, ਉਹ ਇਹ ਹੈ ਕਿ ਸੁਰਗ ਵਿੱਚ ਇੱਕ ਐਲਾਨ ਹੁੰਦਾ ਹੈ। ਅਤੇ ਫਿਰ ਕੀ ਹੁੰਦਾ ਹੈ ? ਇੱਕ ਮੋਹਰ ਖੁੱਲ੍ਹਦੀ ਹੈ। ਇਹ ਕੀ ਹੈ ? ਭੇਤ ਦਾ ਖੁੱਲ੍ਹਣਾ। ਸਮਝ ਲੱਗੀ ? ਅਤੇ ਜਦ ਭੇਤ ਖੁੱਲ੍ਹਦਾ ਹੈ, ਤਾਂ ਇੱਕ ਤੁਰ੍ਹੀ ਫੂਕੀ ਜਾਂਦੀ ਹੈ। ਇਹ ਇੱਕ ਯੁੱਧ ਦਾ ਐਲਾਨ ਕਰਦੀ ਹੈ। ਇੱਕ ਬਵਾ ਪੈਂਦੀ ਹੈ, ਇੱਕ ਕਲੀਸਿਯਾਈ ਯੁੱਗ ਖੁੱਲ੍ਹਦਾ ਅਥਵਾ ਸ਼ੁਰੂ ਹੁੰਦਾ ਹੈ।

64 ਇਹ " ਯੁੱਧ " ਦੀ ਹਿੱਸੇਦਾਰੀ ਕੀ ਹੈ ?ਕਲੀਸਿਯਾ ਦੇ ਯੁੱਗ ਦਾ ਦੂਤ ਪ੍ਰਮੇਸ਼ੁਰ ਦੇ ਭੇਤ ਨੂੰ ਪਾ ਲੈਂਦਾ ਹੈ, ਤੇ ਅਜੇ ਵੀ ਉਹ ਭੇਤ ਪੂਰੀ ਤਰ੍ਹਾਂ ਨਾਲ ਪ੍ਰਗਟ ਨਹੀਂ ਹੋਇਆ। ਪ੍ਰੰਤੂ ਜਦ ਉਹ ਆਇਆ, ਤਾਂ ਉਸਨੇ ਖੁਦਾ ਦੇ ਇਸ ਭੇਤ ਨੂੰ ਪਾ ਲਿਆ, ਅਤੇ ਜਦ ਉਸਨੂੰ ਇਹ ਭੇਤ ਦੇ ਦਿੱਤਾ ਜਾਂਦਾ ਹੈ ਤਾਂ ਉਹ ਲੋਕਾਂ ਦੇ ਕੋਲ ਜਾਂਦਾ ਹੈ !ਉਹ ਉੱਥੇ ਕੀ ਕਰਦਾ ਹੈ ? ਉਹ ਸੰਦੇਸ਼ ਦਾ ਐਲਾਨ ਕਰਨਾ ਸ਼ੁਰੂ ਕਰ ਦਿੰਦਾ ਹੈ। ਅਤੇ ਇਹਦੇ ਨਾਲ ਕੀ ਸ਼ੁਰੂ ਹੁੰਦਾ ਹੈ ? ਇੱਕ ਯੁੱਧ, ਇੱਕ ਆਤਮਿਕ ਯੁੱਧ ਸ਼ੁਰੂ ਹੁੰਦਾ ਹੈ।

65 ਤਦ ਖੁਦਾ ਉਸ ਯੁੱਗ ਦੇ ਲਈ ਆਪਣੇ ਚੁਣੇ ਹੋਏ ਲੋਕਾਂ ਦੇ ਨਾਲ ਆਪਣੇ ਦੂਤ ਨੂੰ ਵਾਪਿਸ ਬੁਲਾ ਲੈਂਦਾ ਹੈ ਅਤੇ ਸੁਲਾ ਦਿੰਦਾ ਹੈ। ਅਤੇ ਫਿਰ ਉਹ ਉਹਨਾਂ ਦੇ ਉੱਤੇ ਜਿਹਨਾਂ ਇਸਨੂੰ ਰੱਦ ਦਿੱਤਾ ਸੀ ਇੱਕ ਬਵਾ ਭੇਜਦਾ ਹੈ ; ਇਹ ਇੱਕ ਥੋੜੇ ਸਮੇਂ ਲਈ ਜਾਂ ਇੱਕ ਕੱਚਾ ਨਿਆਂ ਹੁੰਦਾ ਹੈ।

66 ਅਤੇ ਤਦ ਜਦ ਇਹ ਖਤਮ ਹੋ ਜਾਂਦਾ ਹੈ ਅਰਥਾਤ ਦੂਤ ਚਲਾ ਜਾਂਦਾ ਹੈ, ਤਦ ਇਹ ਸੰਦੇਸ਼ ਅਗਾਂਹ ਵੱਧਦਾ ਹੈ, ਅਤੇ ਲੋਕ ਫਿਰਕਾਪ੍ਰਸਤੀ ਬਣਾ ਲੈਂਦੇ ਹਨ, ਕਈ ਜੱਥੇਬੰਦੀਆਂ ਬਣਾ ਲੈਂਦੇ ਹਨ, ਅਤੇ ਇਸ ਤਰ੍ਹਾਂ ਉਹ ਮਨੁੱਖੀ ਕੰਮ ਸ਼ੁਰੂ ਕਰ ਦਿੰਦੇ ਹਨ, ਜਿਵੇਂ ਉਹਨਾਂ ਨੇ ਵੈਜਲੀ ਅਤੇ ਬਾਕੀ ਸਾਰਿਆਂ ਦੇ ਨਾਲ ਕੀਤਾ। ਤਦ ਫਿਰ ਉਹ ਆਪਣੇ ਅਸਲੀ ਸਰੂਪ ਤੋਂ ਬਿਗੜ ਕੇ ਦੁਬਾਰਾ ਉਸੇ ਬਿਗੜੀ ਹੋਈ ਹਾਲਤ ਵਿੱਚ ਆ ਜਾਂਦਾ ਹੈ।



ਜਾਣਦੇ ਹਾਂ ਕਿ ਉਹ ਇੱਕ ਸਿੱਖਿਆ ਦੇ ਰੂਪ ਵਿੱਚ ਅੱਗੇ ਵੱਧਦਾ ਹੈ। ਅਤੇ ਮੂਰਤੀ ਪੂਜਕ ਰੋਮ ਜਦ ਪੋਪ ਸ਼ਾਹੀ ਰੋਮ ਵਿੱਚ ਬਦਲ ਗਿਆ ਤਾਂ ਇਸਨੇ ਮੁਕਟ ਪਾਇਆ।

341 ਹੁਣ ਗੋਰ ਕਰੋ, "ਅੰਤ ਦੇ ਸਮੇਂ ਵਿੱਚ। " ਸ਼ੁਰੂ ਦੇ ਦਿਨਾਂ ਵਿੱਚ ਨਹੀਂ ਜਦ ਮਸੀਹ ਪ੍ਰਚਾਰ ਕਰ ਰਿਹਾ ਸੀ ਬਲਕਿ "ਅੰਤ ਦੇ ਦਿਨਾਂ ਵਿੱਚ ", ਦਾਨੀਏਲ ਦੇ ਸੱਤਰਵੇਂ ਸਾਤੇ ਦਾ ਆਖਰੀ ਹਫਤਾ ਸ਼ੁਰੂ ਹੋਵੇਗਾ, ਅਸੀਂ ਇਸਦਾ ਅਧਿਐਨ ਕਰਕੇ ਵੇਖ ਚੁੱਕੇ ਹਾਂ।ਅਤੇ ਮਸੀਹ ਨੇ ਸਾਢੇ ਤਿੰਨ ਸਾਲ ਲਈ ਭਵਿੱਖਬਾਣੀ ਕੀਤੀ ਸੀ ਅਤੇ ਸਾਢੇ ਤਿੰਨ ਸਾਲ ਹਾਲੇ ਹੋਰ ਬਾਕੀ ਹਨ।ਕੀ ਇਹ ਠੀਕ ਹੈ ? [ਮੰਡਲੀ ਆਖਦੀ ਹੈ, "ਆਮੀਨ।"-ਸੰਪਾ] ਅਤੇ ਇਹ ਪਾਤਸ਼ਾਹ ਉਸ ਸਮੇਂ ਦਾਨੀਏਲ ਦੇ ਲੋਕਾਂ ਨਾਲ ਜੋ ਕਿ ਯਹੂਦੀ ਹਨ ਇੱਕ ਨੇਮ ਬੰਨ੍ਹੇਗਾ।

ਇਸ ਤਰ੍ਹਾਂ ਤਦ ਹੋਵੇਗਾ ਜਦ ਦੁਲਹਨ ਨੂੰ ਉੱਪਰ ਉਠਾ ਲਿਆ ਜਾਵੇਗਾ।ਲਾੜੀ ਇਸਨੂੰ ਨਹੀਂ ਵੇਖੇਗੀ।

342 ਧਿਆਨ ਦਿਓ, ਦਾਨੀਏਲ ਦੇ ਸੱਤਰਵੇਂ ਹਫਤੇ ਦੇ ਅਖੀਰਲੇ ਅੱਧੇ ਹਿੱਸੇ ਵਿੱਚ, ਲੋਕ ਇੱਕ ਨੇਮ ਬੰਨ੍ਹਣਗੇ। ਇਹ ਪਾਤਸ਼ਾਹ ਰੋਮ ਦੇ ਨਾਲ ਇੱਕ ਨੇਮ ਬੰਨ੍ਹੇਗਾ, ਕੋਈ ਸ਼ੱਕ ਨਹੀਂ ਮਾਲ ਧਨ ਵਾਸਤੇ ਨੇਮ ਬੰਨ੍ਹੇਗਾ, ਕਿਉਂਕਿ ਯਹੂਦੀ ਅਤੇ ਕੈਥੋਲਿਕ ਲੋਕਾਂ ਦੇ ਕੋਲ ਸਾਰੀ ਦੁਨੀਆਂ ਦੀ ਧਨ ਦੋਲਤ ਹੈ।

343 ਮੈਂ ਵੈਟੀਕਨ ਸ਼ਹਿਰ ਵਿੱਚ ਸਾਂ।ਮੈਂ ਤੇਹਰਾ ਮੁਕਟ ਵੇਖਿਆ। ਉੱਥੇ ਬੁੱਧਵਾਰ ਦੁਪਹਿਰ ਨੂੰ ਤਿੰਨ ਵਜੇ ਮੇਰੀ ਮੁਲਾਕਾਤ ਪੋਪ ਦੇ ਨਾਲ ਹੋਣ ਵਾਲੀ ਸੀ ; ਬੈਰੋਨ ਵੋਨ ਬਲੋਮਬਰਗ ਨੇ ਇਸ ਮੁਲਾਕਾਤ ਦਾ ਇੰਤਜ਼ਾਮ ਮੇਰੇ ਲਈ ਕਰਵਾਇਆ ਸੀ।

344 ਅਤੇ ਜਦ ਉਹ ਮੈਨੂੰ ਰਾਜੇ ਦੇ ਕੋਲ ਲੈ ਗਏ ਤਾਂ ਉਹਨਾਂ ਨੇ ਮੇਰੀ ਪੈਂਟ ਦੇ ਕਫ ਬਾਹਰ ਕੱਢ ਦਿੱਤੇ। ਇਹ ਠੀਕ ਹੈ। ਉਹਨਾਂ ਨੇ ਮੈਨੂੰ ਕਿਹਾ ਕਿ ਜਦ ਤੂੰ ਉਸ ਤੋਂ ਦੂਰ ਜਾਵੇ ਤਾਂ ਹਰਗਿਜ ਵੀ ਆਪਣੀ ਪਿੱਠ ਨਾ ਭੁੰਵਾਈ। ਇਹ ਸਹੀ ਗੱਲ ਹੈ।

ਪਰ ਮੈਂ ਪੁੱਛਿਆ, "ਮੈਨੂੰ ਪੋਪ ਦੇ ਸਾਹਮਣੇ ਕੀ ਕਰਨਾ ਹੋਵੇਗਾ?"

345 ਉਹਨਾਂ ਨੇ ਕਿਹਾ, " ਚੰਗਾ, ਤੂੰ ਅੰਦਰ ਜਾ ਅਤੇ ਆਪਣਾ ਇੱਕ ਗੋਡਾ ਟੇਕ ਕੇ ਉਸਦੀ ਉਂਗਲੀ ਨੂੰ ਚੁੰਮੀਂ।"

346 ਮੈਂ ਆਖਿਆ . " ਇਹ ਨਹੀਂ ਹੋ ਸੱਕਦਾ।ਨਹੀਂ ਸ਼੍ਰੀਮਾਨ ਜੀ, ਮੈਂ ਇਸ ਤਰ੍ਹਾਂ ਨਹੀਂ ਕਰ ਸੱਕਦਾ।" ਮੈਂ ਕਿਹਾ, " ਮੈਂ ਕਿਸੇ ਵੀ ਆਦਮੀ ਨੂੰ ਭਾਈ ਕਹਾਂਗਾ ਜੋ ਕਿ ਭਾਈ ਬਣਨਾ ਚਾਹੁੰਦਾ ਹੋਵੇ।ਮੈਂ ਉਸਨੂੰ ਆਦਰਯੋਗ ਕਹਾਂਗਾ ਜੇ ਉਹ ਚਾਹੁੰਦਾ ਹੈ ਕਿ ਉਸਨੂੰ ਇਹ ਖਿਤਾਬ ਦਿੱਤਾ ਜਾਵੇ ਪ੍ਰੰਤੂ ਕਿਸੇ ਮਨੁੱਖ ਦੀ ਪੂਜਾ ਨਹੀਂ ਕਰ ਸੱਕਦਾ ਹਾਂ। ਸਾਰੀ ਮਹਿਮਾ ਅਤੇ ਆਦਰ ਤਾਂ ਯਿਸੂ ਮਸੀਹ ਦਾ ਹੈ।" ਨਹੀਂ, ਨਹੀਂ ਸ਼੍ਰੀਮਾਨ ਜੀ, ਮੈਂ ਕਿਸੇ ਮਨੁੱਖ ਦੇ ਹੱਥ ਨੂੰ ਇਸ ਤਰ੍ਹਾਂ ਨਹੀਂ ਚੁੰਮ ਸੱਕਦਾ ਹਾਂ। ਨਹੀਂ ਕਦੇ ਨਹੀਂ।ਸੋ ਮੈਂ ਇਹ ਨਾ ਕੀਤਾ।

347 ਪਰ ਮੈਂ ਸਾਰਾ ਵੈਟੀਕਨ ਸ਼ਹਿਰ ਘੁੰਮਿਆ। ਕਿਉਂ, ਤੁਸੀਂ ਇਸਨੂੰ ਲੱਖਾਂ ਖਰਬਾਂ ਡਾਲਰਾਂ ਵਿੱਚ ਵੀ ਨਹੀਂ ਖਰੀਦ ਸੱਕਦੇ ਹੋ।ਠੀਕ ਹੈ, ਤੁਸੀਂ ਤਾਂ ......ਅਤੇ ਜਰਾ ਸੋਚੋ, ਬਾਈਬਲ ਨੇ ਕਿਹਾ, " ਸਾਰੇ

ਹੁਣ ਧਿਆਨ ਦਿਓ।ਹੁਣ ਇਹਨਾਂ ਲੋਕਾਂ ਨੂੰ ਵੇਖੋ ; ਉਹ ਹੁਣ ਇਸ ਦੀਵਾਰ ਦੇ ਕੋਲ ਆਉਂਦੇ ਹਨ।

337 ਜਦ ਯਿਸੂ ਪੈਦਾ ਹੋਇਆ ਸੀ ਸਾਂ ਇੱਕ ਵੱਡਾ ਲਾਲ ਅਜਗਰ ਸਵਰਗ ਵਿੱਚ ਉਸ ਔਰਤ ਦੇ ਸਾਹਮਣੇ ਉੱਠ ਖਲੋਤਾ ਤਾਂ ਕਿ ਜਦ ਉਹ ਬੱਚਾ ਜਨਮ ਲਵੇ ਤਾਂ ਉਸਨੂੰ ਨਿਗਲ ਜਾਵੇ।ਕੀ ਇਹ ਠੀਕ ਹੈ ? [ ਸੰਗਤ ਆਖਦੀ ਹੈ, " ਆਮੀਨ।"-ਸੰਪਾ] ਇਹ ਕੋਣ ਸੀ ਜਿਸਨੇ ਇਹ ਯਤਨ ਕੀਤਾ ਸੀ ਕਿ ਜਦ ਉਹ ਬੱਚਾ ਪੈਦਾ ਹੋਵੇ ਤਾਂ ਨਿਗਲ ਲਵੇ ?[ ਸੰਗਤ ਆਖਦੀ ਹੈ, "ਰੋਮ। "] ਰੋਮ। ਸਮਝੇ? ਇਹ ਹੀ ਉਹ ਲਾਲ ਅਜਗਰ ਹੈ।ਇਹ ਹੀ ਉਹ ਪ੍ਰਧਾਨ ਹੈ।ਇਹ ਹੀ ਉਹ ਪਸੂ ਹੈ। ਸਮਝੇ ? ਉਹਨਾਂ ਵਿੱਚੋਂ ਹਰੇਕ ਉਸੇ ਤਰ੍ਹਾਂ ਹੀ ਹੈ -ਉਹ "ਬੱਚੇ ਨਿਗਲਣ ਵਾਲੇ ਹਨ।"ਵੇਖਿਆ? ਖੁਦਾ ਨੇ ਉਸ ਬੱਚੇ ਨੂੰ ਸਵਰਗ ਤੇ ਉਠਾ ਲਿਆ ਅਤੇ ਉਹ ਆਪਣੇ ਸਿੰਘਾਸਣ ਤੇ ਬੈਠਾ ਹੈ।ਇਹ ਹੀ ਉਹ ਸਥਾਨ ਹੈ ਜਿੱਥੇ ਮਸੀਹ ਉਸ ਠਹਿਰਾਏ ਹੋਏ ਸਮੇਂ ਤੱਕ ਬੈਠਾ ਹੋਇਆ ਹੈ।ਸਮਝੇ? ਹੁਣ ਵੇਖੋ ਉਹ ਅਜਗਰ ਕੀ ਕਰੇਗਾ।

338 ਹੁਣ ਮੇਰਾ ਯਕੀਨ ਹੈ ਕਿ ਮੈਂ ਇੱਥੇ ਕਿਸੇ ਦੇ ਨਾਲ ਗੱਲ ਬਾਤ ਕਰ ਰਿਹਾ ਸਾਂ।ਹੋ ਸੱਕਦਾ ਹੈ ਇਹ ਭਾਈ ਰੋਬਰਸਨ ਸਨ ਜਾਂ ਕੋਈ ਹੋਰ ਸੀ ਜਿਸਦੇ ਨਾਲ ਮੈਂ ਇੱਥੇ ਇਸ ਵਿਸ਼ੇ ਤੇ ਗੱਲਬਾਤ ਕਰ ਰਿਹਾ ਸੀ .......ਮੈਂ ਇੱਥੇ ਇਸਦੇ ਬਾਰੇ ਵਿੱਚ ਨਹੀਂ ਬਲਕਿ ਠੀਕ ਇਸੇ ਗੱਲ ਦੇ ਉੱਤੇ ਉਸਦੇ ਨਾਲ ਗੱਲ ਕਰ ਰਿਹਾ ਸੀ। ਮੈਂ ਉਮੀਦ ਕਰਦਾ ਹਾਂ ਕਿ ਜਿਆਦਾ ਸਮਾਂ ਨਹੀਂ ਹੋਇਆ ਹੈ ਜਦ ਇੱਥੇ ਮੈਂ ਇਸ ਤੇ ਪ੍ਰਚਾਰ ਕਰ ਰਿਹਾ ਸੀ ਕਿ ਇਸ ਸਯੁੰਕਤ ਰਾਜ ਅਮਰੀਕਾ ਦਾ ਆਰਥਿਕ ਮਾਮਲੇ ਵਿੱਚ ਕੀ ਹਾਲ ਹੋਵੇਗਾ।ਸਮਝੇ ? ਠੀਕ ਹੈ, ਹੁਣ ਅਸੀਂ ਅਪਣੇ ਟੈਕਸਾਂ ਦੇ ਕਰਜੇ ਦਾ ਭੁਗਤਾਨ ਕਰ ਰਹੇ ਹਾਂ, ਇਸਦਾ ਭੁਗਤਾਨ ਕਰਨ ਨੂੰ ਹੁਣ ਤੋਂ ਲੈ ਕੇ ਚਾਲੀ ਸਾਲ ਲੱਗ ਜਾਣਗੇ।ਵੇਖਿਆ ਅਸੀਂ ਕਿੰਨੇ ਪਿੱਛੇ ਹਾਂ। ਕੀ ਕਦੇ ਤੁਸੀਂ ਕੈਰ ਜਾਂ ਲਾਈਫ ਲਾਈਨ ਪ੍ਰੋਗਰਾਮ ਨੂੰ ਜੋ ਕਿ ਵਸ਼ਿੰਗਟਨ ਤੋਂ ਆਉਂਦਾ ਹੈ, ਕਦੇ ਰੇਡੀਓ ਤੇ ਸੁਣਿਆ ਹੈ ? ਅਸੀਂ ਆਰਥਿਕ ਤੌਰ ਤੇ ਪੂਰੀ ਤਰ੍ਹਾਂ ਖਤਮ ਹੋ ਚੁੱਕੇ ਹਾਂ। ਇਸਦੇ ਬਾਰੇ ਵਿੱਚ ਇਹੋ ਹੀ ਸੱਭ ਕੁਝ ਹੈ।

339 ਗੱਲ ਕੀ ਹੈ? ਸਾਰਾ ਸੋਨਾ ਜਮਾ ਕਰ ਲਿਆ ਗਿਆ ਹੈ, ਅਤੇ ਯਹੂਦੀਆਂ ਦੇ ਕੋਲ ਪਰਨੋਟ ਹੈ।ਹੁਣ ਇਹ ਰੋਮ ਦੇ ਕੋਲ ਜਾਣ ਵਾਲਾ ਹੈ।ਧਿਆਨ ਦਿਓ।ਅਸੀਂ ਜਾਣਦੇ ਹਾਂ ਕਿ ਵੱਡੇ-ਵੱਡੇ ਅਪਾਰਟਮੈਂਟਸ ਸਟੋਰਾਂ ਦਾ ਮਾਲਕ ਕੋਣ ਹੈ, ਪ੍ਰੰਤੂ ਰੋਮ ਦੇ ਕੋਲ ਸਾਰੇ ਸੰਸਾਰ ਦੀ ਦੋਲਤ ਦਾ ਸੱਭ ਤੋਂ ਵੱਡਾ ਭਾਗ ਹੈ।ਬਾਕੀ ਦਾ ਭਾਗ ਯਹੂਦੀਆਂ ਕੋਲ ਹੈ।ਹੁਣ ਇਸ ਤੇ ਧਿਆਨ ਕਰੋ। ਹੁਣ ਇਸਨੂੰ ਬਸ ਸੁਣੋ ਕਿੰਝ ਪਵਿੱਤਰ ਆਤਮਾ ਨੇ ਇਹ ਮੈਨੂੰ ਸਮਝਾਇਆ।

*ਅਤੇ ਉਹ ਬਹੁਤਿਆਂ ਦੇ ਨਾਲ ਇੱਕ ਸਾਤੇ ਲਈ ਪੱਕਾ ਨੇਮ ( ਹੁਣ ਵੇਖੋ) ਬੰਨ੍ਹੇਗਾ ਅਤੇ ਸਾਤੇ ਦੇ ਵਿੱਚਕਾਰ ਉਹ ਬਲੀਆਂ ਅਰ ਭੇਟਾਂ ਨੂੰ ਮੁਕਾ ਦੇਵੇਗਾ। ਅਤੇ ਘਿਣਾਉਣੀਆਂ ਵਸਤਾਂ ਦੇ ਪਰ ਉੱਤੇ ਇੱਕ ਆਵੇਗਾ ਜੋ ਉਜਾੜਦਾ ਹੈ ਅਤੇ ਪੂਰੇ ਅਤੇ ਠਹਿਰਾਏ ਹੋਏ ਅੰਤ ਤੀਕਰ ਕ੍ਰੋਧ ਉੱਜੜੇ ਹੋਇਆਂ ਉੱਤੇ ਪਾਇਆ ਜਾਵੇਗਾ।*

340 ਵੇਖੋ !ਆਹ, ਉਹ ਕਿੰਨਾ ਚਲਾਕ ਹੈ !ਉਹ ਇੱਥੇ ਹੈ। ਹੁਣ ਸਾਨੂੰ ਸਾਡੀ ਤਸਵੀਰ ਮਿਲ ਗਈ ਹੈ ਅਤੇ ਅਸੀਂ ਜਾਣਦੇ ਹਾਂ ਕਿ ਉਹ ਰੋਮ ਹੈ।ਸਾਨੂੰ ਪਤਾ ਹੈ ਕਿ ਉਹ ਚਿੱਟੇ ਘੋੜੇ ਦਾ ਸਵਾਰ ਹੈ।ਅਸੀਂ



67 ਅਤੇ ਫਿਰ ਇੱਕ ਹੋਰ ਭੇਤ ਸਾਹਮਣੇ ਆਉਂਦਾ ਹੈ। ਤਦ ਕੀ ਹੁੰਦਾ ਹੈ ? ਇੱਕ ਹੋਰ ਦੂਤ ਕਿਸੇ ਹੋਰ ਕਲੀਸਿਯਾਈ ਯੁੱਗ ਲਈ ਧਰਤੀ ਉੱਤੇ ਆਉਂਦਾ ਹੈ। ਸਮਝੇ ? ਅਤੇ ਜਦ ਉਹ ਆਉਂਦਾ ਹੈ, ਤਾਂ ਉਹ ਤੁਰ੍ਹੀ ਵਜਾਉਂਦਾ ਹੈ। ਉਹ ਯੁੱਧ ਦਾ ਐਲਾਨ ਕਰਦਾ ਹੈ। ਵੇਖਿਆ ? ਅਤੇ ਫਿਰ ਕੀ ਹੁੰਦਾ ਹੈ ? ਅਤੇ ਤਦ ਅੰਤ ਵਿੱਚ ਉਸਨੂੰ ਉਠਾ ਲਿਆ ਜਾਂਦਾ ਹੈ। ਅਤੇ ਜਦ ਉਹ ਚਲਾ ਜਾਂਦਾ ਹੈ ਤਾਂ ਬਾਦ ਵਿੱਚ ਬਵਾ ਆਉਂਦੀ ਹੈ, ਉਹਨਾਂ ਨੂੰ ਨਾਸ਼ ਕਰਨ ਲਈ ਜਿਨ੍ਹਾਂ ਉਸਦਾ ਸੰਦੇਸ਼ ਰੱਦਿਆ ਸੀ। ਨਾਮਧਾਰੀ ਕਲੀਸਿਯਾ ਉੱਤੇ ਆਤਮਿਕ ਮੌਤ ਆਉਂਦੀ ਹੈ, ਅਤੇ ਉਹ ਨਾਸ਼ ਹੋ ਜਾਂਦੀ ਹੈ, ਉਹ ਗਰੁੱਪ ਨਾਸ਼ ਹੋ ਜਾਂਦਾ ਹੈ।

ਇਸ ਤੋਂ ਬਾਦ ਉਹ ਕਿਸੇ ਦੂਸਰੇ ਦੇ ਕੋਲ ਚਲਾ ਜਾਂਦਾ ਹੈ। ਓਹ, ਇਹ ਖੁਦਾ ਦੀ ਮਹਾਨ ਯੋਜਨਾ ਹੈ।

68 ਜਦ ਤੱਕ ਆਖਰੀ ਦੂਤ ਨਹੀਂ ਆ ਜਾਂਦਾ ਹੈ। ਹੁਣ, ਉਸ ਆਖਰੀ ਦੂਤ ਦੇ ਕੋਲ ਕੋਈ ਨਿਸ਼ਚਿਤ ਭੇਤ ਨਹੀਂ ਹੈ। ਬਲਕਿ ਉਹ ਤਾਂ ਉਹਨਾਂ ਚੀਜ਼ਾਂ ਨੂੰ ਇਕੱਠਾ ਕਰਦਾ ਹੈ ਜੋ ਉਹਨਾਂ ਬਾਕੀ ਦੇ ਯੁੱਗਾਂ ਵਿੱਚ ਰਹਿ ਗਈਆਂ ਸਨ, ਉਹ ਉਹਨਾਂ ਸੱਭ ਸੱਚਾਈਆਂ ਨੂੰ ਇੱਕਠਾ ਕਰਦਾ ਹੈ ਜਿਹਨਾਂ ਨੂੰ ਹਾਲੇ ਤੱਕ ਅਸਲ ਵਿੱਚ ਪ੍ਰਗਟ ਨਹੀਂ ਕੀਤਾ ਗਿਆ ਹੈ, ਵੇਖੋ, ਜਦ ਉਸਦੇ ਕੋਲ ਪ੍ਰਕਾਸ਼ ਆਉਂਦਾ ਹੈ ਤਾਂ ਉਹ ਉਹਨਾਂ ਗੱਲਾਂ ਨੂੰ ਆਪਣੇ ਸਮੇਂ ਵਿੱਚ ਪ੍ਰਗਟ ਕਰਦਾ ਹੈ।ਜੇ ਤੁਸੀਂ ਇਸਨੂੰ ਪੜ੍ਹਨਾ ਚਾਹੁੰਦੇ ਹੋ ਤਾਂ ਇਹ ਪ੍ਰਕਾਸ਼ ਪੋਥੀ 10 :1 ਤੋਂ ...... ਲੱਗਭਗ 1ਤੋਂ 4 ਤੱਕ ਮਿਲ ਜਾਵੇਗਾ। ਠੀਕ ਹੈ। ਸਮਝੇ? "ਉਹ ਲੇਲਾ ਮੋਹਰਾਂ ਦੀ ਪੋਥੀ ਨੂੰ ਲੈਂਦਾ ਹੈ, ਅਤੇ ਉਹਨਾਂ ਮੋਹਰਾਂ ਨੂੰ ਤੋੜਦਾ ਹੈ। " ਅਤੇ ਉਹਨਾਂ ਨੂੰ ਸੱਤਵੇਂ ਦੂਤ ਨੂੰ ਵਿਖਾਉਂਦਾ ਹੈ ; ਕਿਉਂਕਿ ਇਹ ਹੀ ਇੱਕ ਅਜਿਹਾ ਦੂਤ ਹੈ ਜਿਸਦੀ ਸੇਵਕਾਈ ਖੁਦਾ ਦੇ ਭੇਤਾਂ ਨੂੰ ਪ੍ਰਗਟ ਕਰਨਾ ਹੈ। ਪ੍ਰਮੇਸ਼ੁਰ ਦੇ ਭੇਤਾਂ ਨੂੰ ਪ੍ਰਗਟ ਕਰਨਾ ਹੀ ਸੱਤਵੇਂ ਦੂਤ ਦੀ ਸੇਵਕਾਈ ਹੈ। ਹੁਣੇ ਕੁਝ ਦੇਰ ਪਹਿਲਾਂ ਹੀ ਅਸੀਂ ਕਲੀਸਿਯਾਈ ਯੁੱਗਾਂ ਦਾ ਅਧਿਐਨ ਕੀਤਾ ਸੀ, ਇੱਥੋਂ ਤੱਕ ਕਿ ਅਸੀਂ ਇਸਦਾ ਅਧਿਐਨ ਇਤਿਹਾਸ ਦੀ ਸਹਾਇਤਾ ਨਾਲ ਕੀਤਾ ਸੀ, ਅਤੇ ਇਸਨੂੰ ਸਿੱਧ ਕੀਤਾ ਸੀ। ਸਮਝੇ ? ਇਹ ਤਾਂ ਸੱਤਵੀਂ ਕਲੀਸਿਯਾ ਦੇ ਯੁੱਗ ਦੇ ਦੂਤ ਦਾ ਸੰਦੇਸ਼ ਹੈ, ਜੋ ਉਹਨਾਂ ਸਾਰੇ ਭੇਤਾਂ ਨੂੰ, ਉਹਨਾਂ ਸਾਰੀਆਂ ਗੱਲਾਂ ਨੂੰ ਪਰਗਟ ਕਰਦਾ ਹੈ ਜੋ ਬੀਤੇ ਸਮੇਂ ਵਿੱਚ ਸਨ। ਪ੍ਰਕਾਸ਼ ਪੋਥੀ 10:7 ਇਸੇ ਤਰ੍ਹਾਂ ਹੀ ਬਿਆਨ ਕਰਦਾ ਹੈ। ਹੁਣ, ਯਾਦ ਰੱਖੋ, " ਸੱਤਵੇਂ ਦੂਤ ਦੇ ਅਵਾਜ਼ ਦੇਣ ਦੇ ਦਿਨਾਂ ਵਿੱਚ ਜਦ ਉਹ ਤੁਰ੍ਹੀ ਵਜਾਉਂਦਾ ਹੈ, ਜਦ ਉਹ ਖੁਸ਼ਖਬਰੀ ਦੀ ਤੁਰ੍ਹੀ ਵਜਾਉਂਦਾ ਹੈ, ਤਾਂ ਉਹ ਖੁਦਾ ਦੇ ਸਾਰੇ ਭੇਤਾਂ ਨੂੰ ਸੰਪੂਰਣ ਕਰਦਾ ਹੈ। "

69 ਉਸੇ ਤਰ੍ਹਾਂ ਹੀ ਇੱਥੇ ਪਹਿਲੇ ਕਲੀਸਿਯਾਈ ਯੁੱਗ ਵਿੱਚ ਵੀ ਆਇਆ ਹੈ।ਥੋੜੀ ਦੇਰ ਬਾਦ ਅਸੀਂ ਇਹ ਵੇਖਾਂਗੇ ਕਿ ਕੋਈ ਸਿੱਖਿਆ ਕੀ ਹੁੰਦੀ ਹੈ।ਅਤੇ ਸਭ ਤੋਂ ਪਹਿਲਾਂ ਕੋਈ ਕਥਨ ਬਣਦਾ ਹੈ ;ਜੋ ਅੱਗੇ ਚੱਲ ਕੇ ਸਿਧਾਂਤ ਬਣ ਜਾਂਦਾ ਹੈ ;ਅਤੇ ਇਸ ਤੋਂ ਬਾਦ ਉਹ ਇੱਕ ਕਨੂੰਨ ਜਾਂ ਬਿਧੀ ਬਣ ਜਾਂਦੀ ਹੈ ;ਅਤੇ ਫਿਰ ਇੱਕ ਕਲੀਸਿਯਾ ਬਣ ਜਾਂਦੀ ਹੈ ਅਤੇ ਇਹ ਹੀ ਹਨੇਰ ਯੁੱਗ ਵਿੱਚ ਹੋਇਆ।

70 ਅਤੇ ਤਦ ਹਨੇਰ ਯੁੱਗ ਵਿੱਚੋਂ ਪਹਿਲਾ ਸੁਧਾਰਕ ਜੋ ਆਇਆ ਉਹ ਲੂਥਰ ਸੀ। ਅਤੇ ਉਹ ਆਪਣੇ ਨਾਲ ਸੱਭ ਕਿਸਮ ਦੀਆਂ ਭੇਤ ਭਰੀਆਂ ਗੱਲਾਂ ਲੈ ਕੇ ਆਇਆ ਜੋ ਕਿ ਉਸ ਕਲੀਸਿਯਾਈ ਕਾਲ ਵਿੱਚ ਹੋਈਆਂ ਸਨ, ਉਸਨੇ ਉਹਨਾਂ ਗੱਲਾਂ ਦਾ ਸੁਧਾਰ ਕੀਤਾ ਜੋ ਪਿਛਾਂਹ ਹੋਈਆਂ ਸਨ, ਪ੍ਰੰਤੂ ਉਸਨੇ ਕਦੇ ਵੀ ਇਹਨਾਂ ਦਾ ਸੰਪੂਰਣ ਰੂਪ ਵਿੱਚ ਸੁਧਾਰ ਨਹੀਂ ਕੀਤਾ ਸੀ।

71 ਇਸ ਤੋਂ ਬਾਦ ਵੈਜਲੀ ਪਵਿੱਤਰ ਠਹਿਰਾਏ ਜਾਣਾ ਦੇ ਸੰਦੇਸ਼ ਨਾਲ ਆਇਆ, ਉਸਨੇ ਇਸ ਵਿੱਚ ਥੋੜਾ ਹੋਰ ਸੁਧਾਰ ਕੀਤਾ। ਪ੍ਰੰਤੂ ਫਿਰ ਵੀ ਉਸਨੇ ਸੁਧਾਰ ਦੇ ਕੰਮ ਨੂੰ ਕਦੇ ਵੀ ਸੰਪੂਰਣ ਨਹੀਂ ਕੀਤਾ; ਉਹ ਸਭਨੀਂ ਥਾਂਈ ਕੁਝ ਨਾ ਕੁਝ ਅਧੂਰਾ ਛੱਡ ਗਿਆ, ਜਿਵੇਂ ਕਿ ਬਪਤਿਸਮੇਂ ਦੀ ਥਾਂ ਛਿੱਟਾ ਦੇਣਾ। ਅਤੇ ਲੂਥਰ ਨੇ ਬਪਤਿਸਮੇ ਲਈ " ਪ੍ਰਭੂ ਯਿਸੂ ਮਸੀਹ " ਦੇ ਨਾਮ ਵਿੱਚ ਬਪਤਿਸਮਾ ਦੇਣ ਦੀ ਬਜਾਏ, " ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ " ਦੇ ਅਹੁਦਿਆਂ ਦੀ ਵਰਤੋਂ ਕੀਤੀ।ਇਸੇ ਤਰ੍ਹਾਂ ਦੀਆਂ ਕਈ ਗੱਲਾਂ ਹਨ ਜੋ ਛੱਡ ਦਿੱਤੀਆਂ ਗਈਆਂ !

72 ਅਤੇ ਇਸ ਤੋਂ ਬਾਦ ਪੈਂਟੀਕਾਸਟਲ ਯੁੱਗ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਨਾਲ ਆਇਆ, ਅਤੇ ਉਹ ਉਸਦੇ ਉੱਤੇ ਹੀ ਸੁੰਘੜ ਕੇ ਰਹਿ ਗਏ। ਹੁਣ ਇਸ ਤੋਂ ਬਾਦ ਹੋਰ ਕੋਈ ਯੁੱਗ ਨਹੀਂ ਹੋ ਸੱਕਦਾ। ਇਹਨਾਂ ਕਲੀਸਿਯਾਈ ਯੁੱਗਾਂ ਦੇ ਬਾਰੇ ਵਿੱਚ ਬੱਸ ਇੰਨਾ ਹੀ ਹੈ। ਇਹ ਫਿਲਦਲਫੀਆ ਯੁੱਗ .........ਜਾਂ ਇਹ ਲਾਉਦੀਕੀਆ ਦਾ ਯੁੱਗ ਹੈ। ਪਰ ਤਦ ........

73 ਲਿਖਤਾਂ ਦਾ ਅਧਿਐਨ ਕਰਨ ਨਾਲ ਅਸੀਂ ਇਹ ਪਤਾ ਲਾਇਆ ਹੈ ਕਿ ਕਲੀਸਿਯਾਈ ਯੁੱਗ ਦਾ ਦੂਤ ਹਮੇਸ਼ਾਂ ਠੀਕ ਯੁੱਗ ਦੇ ਅੰਤ ਵਿੱਚ ਅਉਂਦਾ ਹੈ। ਪੋਲੂਸ ਆਪਣੇ ਯੁੱਗ ਦੇ ਅੰਤ ਵਿੱਚ ਆਇਆ। ਅਸੀਂ ਵੇਖਿਆ ਕਿ ਇਰੇਨੀਅਸ ਯੁੱਗ ਦੇ ਅੰਤ ਵਿੱਚ ਆਇਆ। ਮਾਰਟਿਨ ਆਪਣੇ ਯੁੱਗ ਦੇ ਆਖਰ ਵਿੱਚ ਆਇਆ ਸੀ।ਲੂਥਰ ਕੈਥੋਲਿਕ ਯੁੱਗ ਦੇ ਅੰਤ ਵਿੱਚ ਆਇਆ। ਅਤੇ ( ਕੌਣ ?) ਵੈਜ਼ਲੀ, ਲੂਥਰ ਯੁੱਗ ਦੇ ਆਖੀਰ ਵਿੱਚ ਆਇਆ ਸੀ। ਪਵਿੱਤਰ ਠਹਿਰਾਏ ਜਾਣ ਦੇ ਯੁੱਗ ਦੇ ਅੰਤ ਵਿੱਚ ਪੈਂਟੀਕਾਸਟਲ ਦੁਆਰਾ ਪਵਿੱਤਰ ਆਤਮਾ ਦਾ ਬਪਤਿਸਮਾ ਆਇਆ।

74 ਅਤੇ ਪੈਂਟੀਕਾਸਟਲ ਯੁੱਗ ਦੇ ਅੰਤ ਵਿੱਚ, ਖੁਦਾ ਦੇ ਵਚਨ ਅਨੁਸਾਰ ਸਾਨੂੰ ਇੱਕ ਦੂਤ ਮਿਲਣਾ ਹੈ, ਜਿਵੇਂ ਕਿ ਅੱਜ ਰਾਤ ਖੁਦਾ ਸਾਡੀ ਮੱਦਦ ਕਰੇ ਕਿ ਮੈਂ ਤੁਹਾਨੂੰ ਇੱਥੇ ਇਹ ਵਿਖਾਵਾਂ ਕਿ ਸਾਨੂੰ ਇੱਕ ਦੂਤ ਮਿਲੇਗਾ ਜੋ ਸਵਰਗ ਵਿੱਚ ਉਠਾਈ ਜਾਣ ਵਾਲੀ ਕਲੀਸਿਯਾ ਲਈ ਸਾਰੀਆਂ ਬਿਗੜੀਆਂ ਹੋਈਆਂ ਗੱਲਾਂ ਦਾ ਸੁਧਾਰ ਕਰੇਗਾ, ਅਤੇ ਪ੍ਰਮੇਸ਼ੁਰ ਦੇ ਸੰਪੂਰਣ ਗੁਪਤ ਭੇਤਾਂ ਨੂੰ ਪ੍ਰਗਟ ਕਰੇਗਾ।

75 ਅਤੇ ਤਦ ਭੇਦ ਭਰੀਆਂ ਗਰਜ਼ਾਂ ਆ ਰਹੀਆਂ ਹਨ ਜੋ ਕਿ ਲਿਖੀਆਂ ਹੋਈਆਂ ਵੀ ਨਹੀਂ ਹਨ। ਇਹ ਠੀਕ ਹੈ। ਅਤੇ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਅੰਤ ਦੇ ਦਿਨਾਂ ਵਿੱਚ ਉਹਨਾਂ ਸੱਤ ਗਰਜ਼ਾਂ ਦਾ ਭੇਤ ਪ੍ਰਗਟ ਹੋਣਾ ਹੈ ਤਾਂ ਕਿ ਦੁਲਹਨ ਉਠਾਏ ਜਾਣ ਵਾਲੇ ਵਿਸ਼ਵਾਸ਼ ਲਈ ਤਿਆਰ ਹੋ ਸਕੇ। ਕਿਉਂਕਿ ਜੋ ਵਿਸ਼ਵਾਸ਼ ਹੁਣ ਸਾਡੇ ਕੋਲ ਹੈ ਇਸਦੇ ਨਾਲ ਅਸੀਂ ਸੁਰਗ ਵਿੱਚ ਜਾਣ ਦੇ ਯੋਗ ਨਹੀਂ ਹੋ ਸੱਕਦੇ ਹਾਂ। ਕਿੱਧਰੇ ਕੁਝ ਹੈ ਜੋ ਅਸੀਂ ਪਾਉਣਾ ਹੈ। ਅਸੀਂ ਹਾਲੇ ਹੋਰ ਅੱਗੇ ਵੱਧਣਾ ਹੈ। ਸਾਡੇ ਕੋਲ ਤਾਂ ਅਜੇ ਏਨਾ ਵੀ ਵਿਸ਼ਵਾਸ਼ ਨਹੀਂ ਹੈ ਕਿ ਮੁਸ਼ਕਿਲ ਨਾਲ ਇਲਾਹੀ ਸ਼ਿਫਾ ਪਾ ਸਕੀਏ। ਅਸੀਂ ਤਾਂ ਹਾਲੇ ਏਨਾ ਵਿਸ਼ਵਾਸ਼ ਪ੍ਰਾਪਤ ਕਰਨਾ ਹੈ ਕਿ ਅਸੀਂ ਪਲ ਭਰ ਵਿੱਚ ਬਦਲ ਜਾਈਏ ਅਤੇ ਇਸ ਧਰਤੀ ਤੋਂ ਉਡ ਕੇ ਉੱਪਰ ਚਲੇ ਜਾਈਏ। ਜੇ ਖੁਦਾ ਦੀ ਮਰਜ਼ੀ ਹੋਈ ਤਾਂ ਅਸੀਂ ਥੋੜੀ ਦੇਰ ਬਾਦ ਇਹ ਵੇਖਾਂਗੇ ਕਿ ਇਹ ਕਿੱਥੇ ਲਿਖਿਆ ਹੋਇਆ ਹੈ।

76 ਇਸ ਤੋਂ ਬਾਦ ਬੁਰਿਆਈ ਕਰਨ ਵਾਲਿਆਂ ਦਾ ਨਿਆਂ ਹੋਵੇਗਾ। ਹੁਣ, ਵੇਖੋ, ਮੋਹਰਾਂ ਦੇ ਪਿਛਲੇ ਯੁੱਗਾਂ ਵਿੱਚ ਮੋਹਰਾਂ ਤੋੜੀਆ ਜਾਂਦੀਆਂ ਰਹੀਆ ਹਨ .ਜਦਕਿ ਹੁਣ ਆਖਰੀ ਮੋਹਰ ਤੋੜੀ



330 ਪ੍ਰੰਤੂ ਉਹ "ਕੰਜਰੀਆਂ ਦੀ ਮਾਂ " ਸੀ, ਵੇਖੋ, ਇਹੋ ਹੀ ਉਹ ਸੀ।ਇਸੇ ਤਰ੍ਹਾਂ ਹੀ ਹੈ।

331 ਕੀ ਹੋਇਆ ਸੀ ? ਜਦ ਸੁਧਾਰਕ ਮਰ ਗਿਆ ਤਾਂ ਉਸਦਾ ਸੰਦੇਸ਼ ਵੀ ਮਰ ਗਿਆ ਅਰਥਾਤ ਖਤਮ ਹੋ ਗਿਆ, ਤੁਸੀਂ ....ਉਸਨੂੰ ਜੱਥੇਬੰਦ ਕਰ ਦਿੱਤਾ, ਅਤੇ ਉਸ ਜੱਥੇਬੰਦੀ ਵਿੱਚ " ਵਾਹ ਹਯਾਤ" ਲੋਕਾਂ ਦੇ ਟੋਲੇ ਨੂੰ ਸ਼ਾਮਿਲ ਕਰ ਲਿਆ ਅਤੇ ਤੁਸੀਂ ਫਿਰ ਉਹਨਾਂ ਹੀ ਤੋਰ ਤਰੀਕਿਆਂ ਨੂੰ ਸ਼ੁਰੂ ਕਰ ਦਿੱਤਾ ਜਿਹਨਾਂ ਤੋਰ ਤਰੀਕਿਆਂ ਦੇ ਨਾਲ ਤੁਸੀਂ ਜੀਣਾ ਚਾਹੁੰਦੇ ਸੀ।ਤੁਸੀਂ ਵਚਨ ਤੇ ਦ੍ਰਿੜ ਅਤੇ ਮਜ਼ਬੂਤ ਬਣੇ ਰਹਿਣਾ ਨਾ ਚਾਹਿਆ। ਵਚਨ ਦੇ ਨਾਲ ਅੱਗੇ ਵੱਧਣ ਦੀ ਬਜਾਏ ਤੁਸੀਂ ਰੁਕ ਗਏ ਅਤੇ ਉਹਨਾਂ ਨੇ ਕਿਹਾ, " *ਇਹ* ਹੀ ਹੈ ਉਹ। " ਹਹ !ਤੁਸੀਂ ਇਸ ਤਰ੍ਹਾਂ ਨਾ ਕਰੋ।

332 ਧਿਅਨ ਦਿਓ ਕਿ ਇਹ ਇੱਕ ਭੇਤ ਹੈ। ਸਮਾਪਤ ਕਰਨ ਤੋਂ ਪਹਿਲਾਂ ਅਸੀਂ ਕੁਝ ਹੋਰ ਲਿਖਤਾਂ ਨੂੰ ਵੀ ਛੂਹਣਾ ਚਾਹੁੰਦੇ ਹਾਂ।

333 ਇਹ ਉਹ ਪਾਤਸ਼ਾਹ ਸੀ ਜਿਸਨੇ ਦਾਨੀਏਲ ਦੇ ਲੋਕਾਂ ਦਾ ਨਾਸ਼ ਕੀਤਾ। ਕੀ ਤੁਸੀਂ ਇਸਦਾ ਵਿਸ਼ਵਾਸ਼ ਕਰਦੇ ਹੋ? ਹੁਣ ਮੈਂ ਇਸਦੀ ਵਿਆਖਿਆ ਕਰਨ ਜਾ ਰਿਹਾ ਹਾਂ ਜੇ ਤੁਸੀਂ ਮੇਰੀ ਮੱਦਦ ਕਰੋ ਤੇ ਮੇਰੇ ਨਾਲ ਥੋੜੀ ਦੇਰ ਲਈ ਨਮਰ ਬਣੇ ਰਹੋ, ਜਿੰਨੀ ਛੇਤੀ ਹੋ ਸਕਿਆ ਮੈਂ ਇਸਦਾ ਖੁਲਾਸਾ ਕਰਨ ਦੀ ਕੋਸ਼ਿਸ਼ ਕਰਾਂਗਾ।ਪ੍ਰੰਤੂ ਮੈਂ ਇਹ ਪੱਕਾ ਕਰਨਾ ਚਾਹੁੰਦਾ ਹਾਂ ਕਿਉਂਕਿ ਮੈਂ ........ਪਵਿੱਤਰ ਆਤਮਾ ਨੇ ਹੀ ਮੈਨੂੰ ਇਹ ਦਿੱਤਾ ਹੈ, ਅਤੇ ਇਹ ਗੱਲ ਇੰਨੀ ਹੀ ਪੱਕੀ ਹੈ ਜਿੰਨਾ ਕਿ ਮੇਰਾ ਇੱਥੇ ਖੜੇ ਹੋਣਾ ਪੱਕਾ ਹੈ। ਸਮਝੇ ?ਵੇਖਿਆ ?

334 ਹੁਣ, ਆਓ ਅਸੀਂ ਥੋੜੀ ਦੇਰ ਲਈ ਦਾਨੀਏਲ ਦੀ ਕਿਤਾਬ ਫਿਰ ਪੜ੍ਹੀਏ। ਮੈਂ ਤੁਹਾਡੇ ਲਈ ਕੁਝ ਪੜ੍ਹਨਾ ਚਾਹੁੰਦਾ ਹਾਂ।ਕੀ .......ਜੇ ਤੁਸੀਂ ਇਸਨੂੰ ਦੁਬਾਰਾ ਨਹੀਂ ਕੱਢਣਾ ਚਾਹੁੰਦੇ ਹੋ ਤਾਂ ਕੋਈ ਗੱਲ ਨਹੀਂ। ਮੈਂ ਦਾਨੀਏਲ ਦੀ ਕਿਤਾਬ ਵਿੱਚੋਂ 9 ਬਾਬ ਪੜ੍ਹਨਾ ਚਾਹੁੰਦਾ ਹਾਂ, ਦਾਨੀਏਲ 9 . ਅਤੇ ਮੈਂ ਦਾਨੀਏਲ 9 ਬਾਬ ਦੀ 26 ਅਤੇ 27 ਆਇਤ ਪੜ੍ਹਨਾ ਚਾਹੁੰਦਾ ਹਾਂ। ਅਤੇ ਹੁਣ ਧਿਆਨ ਕਰੋ, ਇਹ ਦਾਨੀਏਲ ਦੇ ਲੋਕਾਂ ਨੂੰ ਨਾਸ਼ ਕਰਨ ਵਾਲਾ ਹੈ, ਹੁਣ ਉਹ ਕੀ ਕਰਨ ਜਾ ਰਿਹਾ ਹੈ।

*ਅਤੇ ਬਾਹਠਾਂ ਸਾਤਿਆਂ ਦੇ ਪਿੱਛੋਂ ਮਸੀਹ ਵੱਢਿਆ ਜਾਵੇਗਾ, ......*

335 ਦੇਖੋ, ਸੱਤਰ ਸਾਤਿਆਂ ਵਿੱਚੋਂ ਬਾਹਠ ਸਾਤੇ ਬੀਤਣ ਤੇ ਉਹ ਕੱਟਿਆ ਜਾਵੇਗਾ।

....*ਉਹਦੇ ਕੋਲ ਕੁਝ ਨਹੀਂ ; ਜਿਹੜਾ ਪਾਤਸ਼ਾਹ ਆਵੇਗਾ* ( ਇਹ ਪ੍ਰੋਹਿਤਵਾਦ ਹੈ) *ਜਿਹੜਾ ਆਵੇਗਾ* (ਜਿਹੜਾ ਆਵੇਗਾ ) *ਤੇ ਉਹਦੇ ਲੋਕ ਸ਼ਹਿਰ .......ਅਤੇ ਪਵਿੱਤਰ ਥਾਂ ਨੂੰ ਉਜਾੜਨਗੇ; ਅਤੇ ਹੜ੍ਹ ਦੇ ਜ਼ੋਰ ਨਾਲ ਉਹ ਦਾ ਛੇਕੜ ਹੋਵੇਗਾ ਅਤੇ ਅੰਤ ਤੀਕਰ ਲੜਾਈ ਰਹੇਗੀ ਅਤੇ ਠਹਿਰਾਈਆਂ ਹੋਈਆਂ ਉਜਾੜਾਂ ਹੋਣਗੀਆਂ।*

336 ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ। ਆਪਣੀ ਸਾਢੇ ਤਿੰਨ ਸਾਲ ਦੀ ਸੇਵਕਾਈ ਤੋਂ ਬਾਦ ਜਦ ਮਸੀਹ ਇਸ ਧਰਤੀ ਤੇ ਵੱਢਿਆ ਗਿਆ ਸੀ ਤਾਂ ਉਸ ਵੇਲੇ ਕਿਸ ਨੇ ਮੰਦਰ ਨੂੰ ਨਾਸ਼ ਕੀਤਾ ਸੀ?ਕਿਸਨੇ ਇਸਨੂੰ ਨਾਸ਼ ਕੀਤਾ ਸੀ ? ਰੋਮ ਨੇ, ਬਿਲਕੁੱਲ ਰੋਮ ਨੇ। ਕੰਸਟਨਟਾਈਨ ਨੇ ਜਾਂ ......ਨਹੀਂ ਮਾਫ ਕਰਨਾ ਰੋਮੀ ਹਾਕਮ ਤੀਤੁਸ ਨੇ ਉਸ ਪਾਤਸ਼ਾਹ ਦਾ ਨਾਸ਼ ਕੀਤਾ ਸੀ।

ਸਨ।ਮੇਰੇ ਖੁਦਾ !ਉਹ ਬਿਵਸਥਾ ਦੀ ਲਾਈਨ ਤੇ ਪੂਰਾ-ਪੂਰਾ ਚੱਲਦੇ ਸਨ।ਜੋ ਕੁਝ ਵੀ ਕਲੀਸਿਯਾ ਨੇ ਕਿਹਾ ਉਹਨਾਂ ਨੇ ਉਹ ਕੀਤਾ। ਜੇ ਉਹਨਾਂ ਨੇ ਨਾ ਪੂਰੀ ਕੀਤੀ ਤਾਂ ਉਹਨਾਂ ਨੂੰ ਪਥਰਾਓ ਕੀਤਾ ਗਿਆ। ਸੋ ਉਹ ਬਾਹਰ ......ਅਤੇ ਤੁਸੀਂ ਜਾਣਦੇ ਹੋ ਕਿ ਜਦ ਯਿਸੂ ਬਾਹਰ ਨਿੱਕਲਿਆ ਤਾਂ ਉਹ ਉਹਨਾਂ ਨੂੰ ਕੀ ਕਹਿੰਦਾ ਹੈ ? ਯੂਹੰਨਾ ਨੇ ਉਹਨਾਂ ਨੂੰ ਕਿਹਾ, " ਤੁਸੀਂ ਘਾਹ ਵਿੱਚ ਛੁਪੇ ਹੋਏ ਸੱਪਾਂ ਦੇ ਝੁੰਡ ਹੋ ! ਇਹ ਨਾ ਸੋਚੋ ਕਿ ਤੁਸੀਂ ਉਸ ਸੰਸਥਾ ਦੇ ਮੈਂਬਰ ਹੋ ਅਤੇ ਇਸ ਲਈ ਅਸੀਂ ਪ੍ਰਮੇਸ਼ੁਰ ਨਾਲ ਜੋ ਚਾਹੀਏ ਕਰ ਸੱਕਦੇ ਹਾਂ। "ਅਤੇ ਯਿਸੂ ਨੇ ਕਿਹਾ, " ਤੁਸੀਂ ਆਪਣੇ ਪਿਓ ਸ਼ੈਤਾਨ ਤੋਂ ਹੋ।" ਅਤੇ ਕਿਹਾ, " ਹਰ ਵਾਰ ਖੁਦਾ ਨੇ ਤੁਹਾਡੇ ਕੋਲ ਇੱਕ ਨਬੀ ਭੇਜਿਆ ਅਤੇ ਤੁਸੀਂ ਉਸਦੇ ਨਾਲ ਕੀ ਕੀਤਾ ? ਤੁਸੀਂ ਉਸਨੂੰ ਪਥਰਾਉ ਕੀਤਾ ਅਤੇ ਬਾਹਰ ਕਬਰ ਵਿੱਚ ਪਾ ਦਿੱਤਾ।ਅਤੇ ਹੁਣ ਤੁਸੀਂ ਉੱਥੇ ਜਾ ਕੇ ਉਸਦੀ ਕਬਰ ਤੇ ਚੂਨਾ ਫੇਰਦੇ ਹੋ।"

325 ਕੀ ਇਹੋ ਹੀ ਗੱਲ ਅੱਜ ਕੈਥੋਲਿਕ ਗਿਰਜੇ ਨੇ ਨਹੀਂ ਕੀਤੀ ? ਜਾੱਨ ਆੱਫ ਆਰਕ ਦੀ ਵੱਲ ਵੇਖੋ ਅਤੇ ਸੰਤ ਪੈਟਰਿਕ ਅਤੇ ਉਹਨਾਂ ਸਭਨਾਂ ਵੱਲ ਵੇਖੋ। ਇਹ ਉਹ ਹਨ ਜਿਹਨਾਂ ਨੂੰ ਉਹਨਾਂ ਨੇ ਕਬਰ ਵਿੱਚ ਪਾਇਆ। ਅਤੇ ਉਹਨਾਂ ਨੇ ਜਾੱਨ ਆੱਫ ਆਰਕ ਨੂੰ ਇਹ ਕਹਿ ਕੇ ਜਲਾ ਦਿੱਤਾ ਸੀ ਕਿ ਉਹ ਜਾਦੂਗਰਨੀ ਹੈ, ਅਤੇ ਸੈਂਕੜੇ ਸਾਲਾਂ ਬਾਦ ਉਸ ਦੀ ਕਬਰ ਨੂੰ ਫਿਰ ਪੁੱਟਿਆ ਅਤੇ ਉਸਦੀ ਮੁਰਦਾ ਦੇਹ ਨੂੰ ਨਦੀ ਵਿੱਚ ਸੁੱਟ ਦਿੱਤਾ।

326 "ਤੁਸੀਂ ਅਪਣੇ ਪਿਤਾ ਸ਼ੈਤਾਨ ਤੋਂ ਹੋ ਅਤੇ ਉਸੇ ਦੇ ਤੁਸੀਂ ਕੰਮ ਕਰਦੇ ਹੋ। " ਇਹ ਬਿਲਕੁੱਲ ਠੀਕ ਹੈ।ਇਹ ਸਾਰੇ ਸੰਸਾਰ ਵਿੱਚ ਜਾਵੇਗਾ। ਸਮਝੇ ? ਇਹ ਸੱਚ ਹੈ !ਇਹ ਹੀ ਯਿਸੂ ਨੇ ਕਿਹਾ ਸੀ।

327 ਅਤੇ ਤੁਸੀਂ ਸੋਚਦੇ ਹੋ ਕਿ ਸੱਭ ਠੀਕ ਹੈ ਇਹ ਚਿੱਟਾ ਘੋੜਾ ਦੇਖਣ ਨੂੰ ਬਹੁਤ ਵਧੀਆ ਲੱਗਦਾ ਹੈ। ਪਰ ਵੇਖੋ ਤੁਹਾਨੂੰ ਕੀ ਮਿਲਿਆ ਹੈ। ਬਿਲਕੁੱਲ ਠੀਕ ਇਹ ਹੀ ਇਸਨੂੰ ਦੌੜਾ ਰਿਹਾ ਹੈ।ਹੁਣ ਉਸਨੇ ਕਿਹਾ ਕਿ ਉਹ ਇਹ ਹੀ ਚਾਹੁੰਦੇ ਸਨ ਇਸ ਲਈ ਉਹ ਉਹਨਾਂ ਵਿੱਚ ਇੱਕ ਧੋਖੇ ਵਾਲਾ ਰੂਹ ਭੇਜੇਗਾ।

328 ਪ੍ਰਕਾਸ਼ ਪੋਥੀ 17 ਦੀ ਕੰਜਰੀ ਨੂੰ ਯਾਦ ਰੱਖੋ, ਉਹ ਇੱਕ ਭੇਤ ਸੀ, "*ਬਾਬਲ ਦਾ ਭੇਤ, ਕੰਜਰੀਆਂ ਦੀ ਮਾਂ* " ਅਤੇ ਯੂਹੰਨਾ ਨੇ ਉਸਦੀ ਸ਼ਲਾਘਾ ਕੀਤੀ।ਇਸ ਮਨੁੱਖ ਵਾਂਗੂ .......... ਵੇਖੋ, ਰੁਕੋ, ਅਸੀਂ ਇੱਥੇ ਦੇਖਦੇ ਹਾਂ ਕਿ ਯੂਹੰਨਾ ਉਸ ਘੋੜਸਵਾਰ ਨੂੰ ਵੇਖ ਰਿਹਾ ਹੈ। ਸਮਝੇ ? ਪ੍ਰੰਤੂ ਤੁਸੀਂ ਵੇਖੋ ਕਿ ਇਹ ਸੀ .......ਜੋ ਹੋਇਆ ਸੀ ਉਹ ਇਹ ਸੀ, ਕਿ "ਉਸਨੇ ਇਹਦੀ ਬਹੁਤ ਸ਼ਲਾਘਾ ਕੀਤੀ। " ਪ੍ਰੰਤੂ ਭੇਤ ਇਹ ਸੀ, ਕਿ, "ਉਸਨੇ ਮਸੀਹ ਦੇ ਸ਼ਹੀਦਾਂ ਦਾ ਲਹੂ ਪੀਤਾ ਸੀ। " ਇੱਕ ਸੁੰਦਰ ਕਲੀਸਿਯਾ ਉੱਥੇ ਬੈਠੀ ਸੀ ਤੇ ਉਹ ਬੈਂਗਨੀ ਵਸਤਰ ਅਤੇ ਸੋਨੇ ਦੇ ਨਾਲ ਸ਼ਿੰਗਾਰੀ ਹੋਈ ਸੀ, ਉਸਦੇ ਹੱਥ ਵਿੱਚ ਇੱਕ ਪਿਆਲਾ ਸੀ ਜੋ ਉਹ ਦੀਆਂ ਹਰਾਮਕਾਰੀਆਂ ਦੀ ਪਲੀਤਗੀ ਨਾਲ ਭਰਿਆ ਹੋਇਆ ਸੀ। "

329 ਹਰਾਮਕਾਰੀ ਕੀ ਹੈ ? ਅਧਾਰਮਿਕ ਢੰਗ ਨਾਲ ਜੀਉਣਾ। ਇਹ ਉਸਦੀ ਸਿੱਖਿਆ ਹੈ ਜਿਹੜੀ ਕਿ ਉਹ ਦੇਅ ਰਹੀ ਹੈ।ਉਹ ਪ੍ਰਮੇਸ਼ੁਰ ਦੇ ਵਚਨ ਨੂੰ ਲੈ ਕੇ ਉਸ ਵਿੱਚ "ਸਲਾਮ ਏ ਮਰਿਯਮ "ਅਤੇ ਇਸੇ ਤਰ੍ਹਾਂ ਦੀਆਂ ਹੋਰ ਦੂਸਰੀਆਂ ਗੱਲਾਂ ਮਿਲਾ ਕੇ ਵਚਨ ਨੂੰ ਬੇ ਅਸਰ ਕਰ ਰਹੀ ਹੈ। ਅਤੇ ਧਰਤੀ ਦੇ ਰਾਜਿਆਂ ਨੇ ਉਸਦੇ ਨਾਲ ਹਰਾਮਕਾਰੀ ਕੀਤੀ।

"ਅੱਛਾ ",ਤੁਸੀਂ ਕਹਿੰਦੇ ਹੋ, "ਇਹ ਤਾਂ ਕੈਥੋਲਿਕ ਕਲੀਸਿਯਾ ਹੈ। "



ਗਈ ਹੈ। ਹੁਣ ਜਦ ਪਿਛਲੇ ਸਮੇਂ ਵਿੱਚ ਲੋਕਾਂ ਨੇ ਇਹਨਾਂ ਮੋਹਰਾਂ ਤੇ ਧਿਆਨ ਦਿੱਤਾ ਤਾਂ ਉਹਨਾਂ ਨੇ ਸਿਰਫ ਇਹਨਾਂ ਦਾ ਅੰਦਾਜ਼ਾਂ ਹੀ ਲਗਾਇਆ। ਇਹ ਅੰਦਾਜ਼ਾ ਹੀ ਲਗਾਇਆ ਸੀ ਜੋ ਉਹ ਕਰ ਰਹੇ ਸਨ। ਹੁਣ ਕਲੀਸਿਯਾਈ ਯੁੱਗਾਂ ਦੇ ਅੰਤ ਵਿੱਚ ਇਹ ਬੁਰਿਆਈ ਕਰਨ ਵਾਲੇ ਆਉਣਗੇ ; ਸੱਤਾਂ ਮੋਹਰਾਂ ਦੇ ਇਹ ਸੱਭ ਬਦਕਾਰ ਜਿਹੜੇ ਕਿ ਬੜੇ ਭੇਤਭਰੇ ਢੰਗ ਦੇ ਨਾਲ ਕਲੀਸਿਯਾ ਦੇ ਵਿੱਚ ਕੰਮ ਕਰਦੇ ਆ ਰਹੇ ਹਨ, ਮਹਾਂ ਕਲੇਸ਼ ਵਿੱਚ ਜਾਣਗੇ।

77 ਅਤੇ ਇੱਕ ਮਿੰਟ ਵਿੱਚ ਅਸੀਂ ਵੇਖਾਂਗੇ ਕਿ, ਇੱਥੋਂ ਤੱਕ ਕਿ ਉਹਨਾਂ ਨੇ ਕਲੀਸਿਯਾ ਦੇ ਨਾਮ ਉੱਤੇ ਕੰਮ ਕੀਤੇ। ਅਤੇ ਇਸ ਤੇ ਵੀ ਉਹ ਆਪਣੇ ਆਪ ਨੂੰ " ਕਲੀਸਿਯਾ " ਕਹਿੰਦੇ ਹਨ। ਅਤੇ ਤੁਸੀਂ ਖੁਦ ਹੀ ਦੇਖੋ ਕਿ ਇਹ ਠੀਕ ਨਹੀਂ ਹੈ। ਕੋਈ ਹੈਰਾਨੀ ਨਹੀਂ ਕਿ ਮੈਂ ਫਿਰਕਾਪ੍ਰਸਤੀ ਦੇ ਬਹੁਤ ਵਿਰੁੱਧ ਰਿਹਾ ਹਾਂ, ਮੈਂ ਨਹੀਂ ਜਾਣਦਾ ਕਿ ਕਿਉਂ। ਵੇਖਿਆ ? ਸਮਝੇ ?

78 ਉਹ ਖਤਮ ਹੋ ਜਾਂਦੇ ਹਨ। ਹੁਣ, ਇਹ ਇੱਥੇ ਛੋਟੇ ਰੂਪ ਵਿੱਚ ਸ਼ੁਰੂ ਹੁੰਦਾ ਹੈ, ਤੇ ਬਸ ਇਹ ਹੋਰ ਵੀ ਬੁਰੇ ਤੋਂ ਬੁਰੇ ਹੁੰਦੇ ਜਾਂਦੇ ਹਨ ਜਦ ਤੱਕ ਕਿ ....... ਅਤੇ ਲੋਕ ਸਿੱਧੇ ਉਸ ਵਿੱਚ ਜਾਂਦੇ ਹਨ, ਅਤੇ ਕਹਿੰਦੇ ਹਨ, " ਓਹ, ਜੀ ਹਾਂ, *ਇਹ* ਬਹੁਤ ਵਧੀਆ ਹੈ। " ਪਰ ਅੰਤ ਦੇ ਦਿਨਾਂ ਵਿੱਚ ਇਹਨਾਂ ਗੱਲਾਂ ਨੂੰ ਪ੍ਰਗਟ ਕੀਤਾ ਜਾਣਾ ਹੈ। ਅਤੇ ਆਖਰ ਵਿੱਚ ਉਹ ਏਨੇ ਬੁਰੇ ਹੋ ਜਾਂਦੇ ਹਨ ਕਿ ਉਹ ਕਲੇਸ਼ ਵਿੱਚ ਚਲੇ ਜਾਣਗੇ।

79 ਅਤੇ ਕੋਈ ਆਦਮੀ ਇਹ ਕਿਸ ਤਰ੍ਹਾਂ ਕਹਿ ਸੱਕਦਾ ਹੈ ਕਿ ਮਸੀਹ ਦੀ ਦੁਲਹਨ ਕਸ਼ਟ ਕਾਲ ਵਿੱਚ ਦੀ ਜਾਵੇਗੀ ? ਮੈਨੂੰ ਇਸਦੀ ਸਮਝ ਨਹੀਂ ਆਉਂਦੀ। ਵੇਖਿਆ ? ਉਹ ਤਾਂ ਕਸ਼ਟ ਕਾਲ ਤੋਂ ਪਹਿਲਾਂ ਉਠਾ ਲਈ ਜਾਂਦੀ ਹੈ। ਜੇ -ਜੇ ਕਲੀਸਿਯਾ ਦਾ ਨਿਆਂ ਹੋ ਚੁੱਕਾ ਹੈ, ਅਤੇ ਉਹ ਆਪਣਾ ਨਿਆਂ ਕਰਾ ਚੁੱਕੇ ਹਨ, ਅਤੇ ਮਸੀਹ ਦੇ ਲਹੂ ਨੂੰ ਕਬੂਲ ਕਰ ਚੁੱਕੇ ਹਨ .ਤਾਂ ਪ੍ਰਮੇਸ਼ੁਰ ਉਸ ਮਨੁੱਖ ਦਾ ਕਿਵੇਂ ਨਿਆਂ ਕਰ ਸੱਕਦਾ ਹੈ ਜੋ ਪੂਰਣ ਰੂਪ ਵਿੱਚ ਪੂਰੀ ਤਰ੍ਹਾਂ ਪਾਪ ਤੋਂ ਰਹਿਤ ਹੈ ?

ਤੁਸੀਂ ਆਖਦੇ ਹੋ, " ਅਜਿਹਾ ਕੋਈ ਆਦਮੀ ਨਹੀਂ ਹੈ। "

80 ਹਰੇਕ ਨਵਾਂ ਜਨਮ ਪਾਇਆ ਵਿਸ਼ਵਾਸ਼ੀ, ਹਰੇਕ ਸੱਚਾ ਵਿਸ਼ਵਾਸ਼ੀ ਪ੍ਰਮੇਸ਼ੁਰ ਦੇ ਸਾਹਮਣੇ ਪਾਪ ਤੋਂ ਰਹਿਤ ਅਤੇ ਨਿਰਦੋਸ਼ ਹੈ। ਉਹ ਆਪਣੇ ਕੰਮਾਂ ਤੇ ਨਹੀਂ ਬਲਕਿ ਯਿਸੂ ਮਸੀਹ ਦੇ ਲਹੂ ਵਿੱਚ ਨਿਹਚਾ ਕਰਦਾ ਹੈ, ਜਿਸ ਵਿੱਚ ਉਸਦੇ ਪਾਪਾਂ ਦਾ ਇਕਰਾਰ ਆ ਕੇ ਡਿੱਗਾ ਹੈ।ਬਾਈਬਲ ਇੰਝ ਹੀ ਦੱਸਦੀ ਹੈ। ਸਮਝੇ ? " ਉਹ ਜਿਹੜਾ ਪ੍ਰਮੇਸ਼ੁਰ ਤੋਂ ਜੰਮਿਆ ਹੈ ਉਹ ਪਾਪ ਨਹੀਂ ਕਰ ਸੱਕਦਾ।" ਤੁਸੀਂ ਕਿਸੇ ਆਦਮੀ ਨੂੰ ਪਾਪੀ ਕਿਵੇਂ ਠਹਿਰਾ ਸੱਕਦੇ ਹੋ, ਜਦ ਕਿ ਮਸੀਹ ਦੇ ਲਹੂ ਦਾ ਰੰਗ ਕਾਟ ਉਸਦੇ ਅਤੇ ਖੁਦਾ ਦੇ ਵਿੱਚਕਾਰ ਹੈ ? ਯਿਸੂ ਮਸੀਹ ਦਾ ਲਹੂ ਪਾਪ ਨੂੰ ਤਦ ਤੱਕ ਖਿੰਡ ਪੁੰਡ ਕਰਦਾ ਹੈ ਜਦ ਤੱਕ ਕੁਝ ਵੀ ਬਾਕੀ ਨਾ ਰਹਿ ਜਾਏ। ਸਮਝੇ ? ਮਸੀਹ ਦਾ ਸ਼ੁੱਧ ਲਹੂ ਪਾਪ ਨੂੰ ਉੱਥੇ ਕਿਵੇਂ ਛੱਡ ਸੱਕਦਾ ਹੈ ? ਉਹ ਇਸ ਤਰ੍ਹਾਂ ਨਹੀਂ ਕਰ ਸੱਕਦਾ ਹੈ।

81 ਯਿਸੂ ਨੇ ਕਿਹਾ ਸੀ, " ਇਸ ਲਈ ਤੁਸੀਂ ਸੰਪੂਰਣ ਬਣੋ, ਜਿਵੇਂ ਤੁਹਾਡਾ ਸੁਰਗੀ ਪਿਤਾ ਸੰਪੂਰਣ ਹੈ। " ਅਸੀਂ ਸੰਪੂਰਣ ਹੋਣ ਦਾ ਵਿਚਾਰ ਤੱਕ ਵੀ ਕਿਵੇਂ ਕਰ ਸੱਕਦੇ ਹਾਂ। ਪ੍ਰੰਤੂ ਪ੍ਰਭੂ ਯਿਸੂ ਇਸਦੀ ਮੰਗ ਕਰਦਾ ਹੈ। ਜੇ ਯਿਸੂ ਇਸਦੀ ਮੰਗ ਕਰਦਾ ਹੈ ਤਾਂ, ਉਸਦੇ ਕੋਲ ਇਸਦਾ ਇੱਕ ਤਰੀਕਾ ਹੈ। ਅਤੇ ਜਿਹੜਾ ਉਸਦੇ ਕੋਲ ਤਰੀਕਾ ਹੈ ; ਉਹ ਹੈ ਉਸਦਾ ਆਪਣਾ ਲਹੂ !

82 ਹੁਣ, ਉਹ ਉਹਨਾਂ ਸਾਰੇ ਭੇਤਾਂ ਨੂੰ ਪ੍ਰਗਟ ਕਰਦਾ ਹੈ ਜੋ ਪਿਛਲੇ ਯੁੱਗਾਂ ਤੋਂ ਗੁਪਤ ਹਨ।ਹੁਣ ਇਹ ਵਿਚਾਰ ਹੈ ਕਿ, ਉਹ ਭੇਤ ਜਿਹੜੇ ਪਿਛਲੇ ਯੁੱਗਾਂ ਤੋਂ ਗੁਪਤ ਹਨ, ਅੰਤ ਦੇ ਸਮੇਂ ਵਿੱਚ ਮੋਹਰਾਂ ਦੇ ਤੋੜੇ ਜਾਣ ਤੇ, ਜਦ ਵਿਚੋਲਗੀ ਦਾ ਸਮਾਂ ਬਿਲਕੁੱਲ ਖਤਮ ਹੋਣ ਤੇ ਹੋਵੇਗਾ, ਉਸ ਸਮੇਂ ਪ੍ਰਗਟ ਹੋਣਗੇ।

83 ਤਦ ਨਿਆਂ ਉਹਨਾਂ ਲੋਕਾਂ ਦੀ ਉਡੀਕ ਕਰਦਾ ਹੈ ਜੋ ਬਾਕੀ ਰਹਿ ਜਾਂਦੇ ਹਨ। ਅਤੇ ਉਹਨਾਂ ਨੂੰ ਨਿਆਂ ਵਿੱਚੋਂ ਲੰਘਣਾ ਪਵੇਗਾ। ਇਹ ਉਸ ਸਮੇਂ ਹੋਵੇਗਾ ਜਦ ਦੁਲਹਨ ਨੂੰ ਦ੍ਰਿਸ਼ ਤੋਂ ਉਠਾ ਲਿਆ ਜਾਵੇਗਾ।

84 ਆਓ ਅਸੀਂ ਵਚਨ ਵਿੱਚੋਂ ਇੱਕ ਲਿਖਤ ਪੜ੍ਹੀਏ। ਕੀ ਤੁਸੀਂ ਸਾਰੇ ਵਚਨ ਦੀਆਂ ਲਿਖਤਾਂ ਨੂੰ ਲਿਖਣਾ ਚਾਹੁੰਦੇ ਹੋ ? ਆਓ ਅਸੀਂ ਕੁਝ ਦੇਰ ਲਈ 2 ਥੱਸਲੁਨੀਕੀਆ ਕੱਢੀਏ ਅਤੇ ਇਸਦਾ ਥੋੜੀ ਦੇਰ ਲਈ ਅਧਿਐਨ ਕਰੀਏ। ਇੱਥੇ ਬਹੁਤ ਹੀ ਸ਼ਾਨਦਾਰ ਤਸਵੀਰ ਦਿੱਤੀ ਗਈ ਹੈ !ਮੈਨੂੰ ਇਹ ਬਹੁਤ ਹੀ ਪਸੰਦ ਹੈ। ਆਓ ਅਸੀਂ ਇਸਨੂੰ ਵੇਖੀਏ। ਜੀ ਹਾਂ, ਦੂਸਰਾ ਥੱਸਲੁਨੀਕੀਆ। ਅਤੇ ਮੈਂ 2 ਬਾਬ ਦੀ 7 ਆਇਤ ਪੜ੍ਹਨਾ ਚਾਹੁੰਦਾ ਹਾਂ। ਆਓ 2 ਥੱਸਲੁਨੀਕੀਆ 2:7 ਨੂੰ ਵੇਖੀਏ। ਮੈਂ ਸੋਚਦਾ ਹਾਂ ਕਿ ਇਹ ਹੁਣ ਠੀਕ ਹੈ। ਮੈਂ ਇਸਨੂੰ ਡਰਦੇ ਅਤੇ ਕੰਬਦੇ ਹੋਏ ਲਿਖਿਆ ਸੀ।

*........ਕੁਧਰਮ ਦੀ ਭੇਤ ਹੁਣ ਵੀ ਤਾਂ ਅਸਰ ਕਰੀ ਜਾਂਦੀ ਹੈ : ਪਰ ਜਦ ਤਾਈਂ ........ਜਦ ਤਾਈਂ ਉਹ ਵਿੱਚੋਂ ਹਟ ਨਾ ਜਾਵੇ ਇੱਕ ਡੱਕਣ ਵਾਲਾ ਹੈ।*

85 ਕੌਣ ? " ਉਹ ਜਿਹੜਾ ਡੱਕਣ ਵਾਲਾ ਹੈ। " ਸਮਝੇ ? ਵੇਖੋ, ਭੇਤ, "ਕੁਧਰਮ ਦਾ ਭੇਤ", ਜੋ ਪਿਛਲੇ ਯੁੱਗ ਵਿੱਚ ਉਸ ਪਹਿਲੇ ਕਲੀਸਿਯਾਈ ਯੁੱਗ ਵਿੱਚ ਸੀ। ਜਿੱਥੇ ਪੌਲੁਸ ਇਹ ਲਿਖ ਰਿਹਾ ਹੈ, ਅਤੇ ਆਖ ਰਿਹਾ ਹੈ ਕਿ "ਕੁਧਰਮ ਦਾ ਭੇਤ। " ਕੁਧਰਮ ਕੀ ਹੈ ? ਕੁਧਰਮ ਉਹ ਹੁੰਦਾ ਹੈ ਜੋ ਤੁਹਾਨੂੰ ਪਤਾ ਹੁੰਦਾ ਹੈ ਕਿ ਇਹ ਨਹੀਂ ਕਰਨਾ ਚਾਹੀਦਾ ਪਰ ਤੁਸੀਂ ਫਿਰ ਵੀ ਇਹ ਕਰਦੇ ਹੋ। ਅਤੇ ਪੌਲੁਸ ਨੇ ਕਿਹਾ, ਕਿ ਅੱਜ ਧਰਤੀ ਉੱਤੇ ਕੁਧਰਮ ਕਰਨ ਵਾਲੇ ਹਨ। ਔਹ, ਜੇ ਤੁਸੀਂ ........ ਅਸੀਂ ਇਸ ਦੀਆਂ ਕੁਝ ਹੋਰ ਲਿਖਤਾਂ ਪੜ੍ਹਨ ਲਈ ਜਾ ਰਹੇ ਹਾਂ ......... ਆਓ ਅਸੀਂ ਉਸ ਭਾਗ ਨੂੰ ਥੋੜੀ ਦੇਰ ਲਈ ਪੜ੍ਹੀਏ। ਥੋੜਾ ਅਗਾਂਹ ਤੋਂ ਤੀਸਰੀ ਆਇਤ ਤੋਂ ਸ਼ੁਰੂ ਕਰੀਏ।

*ਕੋਈ ਤੁਹਾਨੂੰ ਕਿਸੇ ਤਰ੍ਹਾਂ ਨਾ ਭਰਮਾਵੇਂ ਕਿਉਂ ਜੋ ਉਹ ਦਿਨ ਨਹੀਂ ਆਵੇਗਾ ਜਿੰਨਾ ਚਿਰ ਤੱਕ ਪਹਿਲਾਂ ਧਰਮ ਤਿਆਗ ਨਾ ਹੋ ਲਵੇ*

*ਅਤੇ ਉਹ ਕੁਧਰਮ ਦਾ ਪੁਰਖ* ( ਪੁ-ਰ-ਖ ) *ਅਰਥਾਤ ਵਿਨਾਸ਼ ਦਾ ਪੁੱਤਰ ਪਰਗਟ ਨਾ ਹੋ ਜਾਵੇ;* ( ਇਹ ਠੀਕ ਗੱਲ ਹੈ )

*ਅਤੇ ਉਹ ਆਪਣੇ ਆਪ ਨੂੰ ਉੱਚਿਆਂ ਕਰਦਾ ਹੈ ਐਥੋਂ ਤੀਕ ਜੋ ਉਹ ਪ੍ਰਮੇਸ਼ੁਰ ਦੀ ਹੈਕਲ ਵਿੱਚ ਬਹਿੰਦਾ ਹੈ ਅਤੇ ਆਪਣੇ ਆਪ ਨੂੰ ਪ੍ਰਮੇਸ਼ੁਰ ਕਰਕੇ ਵਿਖਾਉਂਦਾ ਹੈ,* ਪਾਪ ਮਾਫ ਕਰਦਾ ਹੈ।

*ਕੀ ਤੁਹਾਨੂੰ ਚੇਤੇ ਨਹੀਂ ਭਈ ਤੁਹਾਡੇ ਕੋਲ ਹੁੰਦਿਆਂ ਮੈਂ ਤੁਹਾਨੂੰ ਇਹ ਗੱਲਾਂ ਆਖੀਆਂ ?*



ਮਸੀਹ ਦੀ ਦੇਹ ਕਿਹਾ ਜਾਂਦਾ ਹੈ "ਕਿਉਂਕਿ ਇਹ ਅਸਮਾਨ ਦੀ ਰਾਣੀ ਨੂੰ ਦਰਸਾਉਂਦੀ ਹੈ। " ਜਦ ਕੋਈ ਕੈਥੋਲਿਕ ਉੱਥੋਂ ਦੀ ਲੰਘਦਾ ਹੈ ਉਹ ਉਸਦੇ ਅੱਗੇ ਮੱਥਾ ਟੇਕਦਾ ਹੈ ਅਰਥਾਤ ਕਰੌਸ ਬਣਾਉਂਦਾ ਹੈ।ਕਿਉਂਕਿ ਉੱਥੇ ਬਲ ਰਹੀਆਂ ਰੋਸ਼ਨੀਆਂ ਤਾਂ ਕੋਸ਼ਰ ਰੋਟੀ ਹੈ ਜਿਹਨੂੰ ਪਾਦਰੀ ਦੀ ਸ਼ਕਤੀ ਨਾਲ ਪ੍ਰਮੇਸ਼ੁਰ ਵਿੱਚ ਬਦਲ ਦਿੱਤਾ ਜਾਂਦਾ ਹੈ। ਜਦ ਕਿ ਇਹ ਸੰਸਾਰ ਵਿੱਚ ਕੁਝ ਵੀ ਨਹੀਂ ਪਰ ਸਿੱਧੀ ਮੂਰਤੀ ਪੂਜਾ ਹੈ।ਸਮਝੇ ? ਇਹ ਸਹੀ ਹੈ।

316 ਮੈਂ ਪਹਿਲਾਂ ਇਸਨੂੰ ਨਹੀਂ ਸਮਝਦਾ ਸੀ। ਚੰਗਾ, ਜੀ ਮੈਂ ਸਮਝਦਾ ਹਾਂ। ਜੀ ਹਾਂ, ਸ਼੍ਰੀਮਾਨ! ਖੁਦਾ ਦੀ ਕਿਰਪਾ ਨਾਲ ਮੈਂ ਇਸਨੂੰ ਸਮਝਦਾ ਹਾਂ। ਯਕੀਨਨ।

317 ਹੁਣ ਧਿਆਨ ਦਿਓ।ਹੇ ਮੇਰੇ ਪ੍ਰਭੂ, ਉਹ ਇਸ ਤਰ੍ਹਾਂ ਕਿਵੇਂ ਕਰ ਸੱਕਦੇ ਹਨ! ਸਮਝੇ? ਅਤੇ ਉਹਨਾਂ ਨੂੰ ਉਹਨਾਂ ਦੀਆਂ ਮੁਰਾਦਾਂ ਮਿਲਦੀਆਂ ਹਨ।ਨਹੀਂ, ਇਹ ਸੱਚ ਹੈ, ਤੁਹਾਨੂੰ ਇੰਝ ਕਰਨ ਦੀ ਲੋੜ ਨਹੀਂ ਹੈ।ਨਹੀਂ ਸ਼੍ਰੀਮਾਨ ਜੀ।ਜੇ ਤੁਸੀਂ ਖੁਦਾ ਦੇ ਹੁਕਮਾਂ ਨੂੰ ਨਹੀਂ ਮੰਨਣਾ ਚਾਹੁੰਦੇ ਤਾਂ ਤੁਹਾਨੂੰ ਜਬਰਦਸਤੀ ਨਹੀਂ ਕਰਵਾਇਆ ਜਾਂਦਾ ਹੈ।ਜੇ ਤੁਸੀਂ ਖੁਦਾ ਦੇ ਢੰਗ ਦੇ ਨਾਲ ਜੀਉਣਾ ਅਤੇ ਚੀਜ਼ਾਂ ਅਤੇ ਉਪਾਸਨਾ ਆਦਿ ਨਹੀਂ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਇਹਨਾਂ ਨੂੰ ਕਰਨ ਦੀ ਕੋਈ ਲੋੜ ਨਹੀਂ ਹੈ। ਪ੍ਰਮੇਸ਼ੁਰ ਕਿਸੇ ਤੋਂ ਵੀ ਨਹੀਂ ਕਰਾਉਂਦਾ।

318 ਪਰ ਮੈਨੂੰ ਕੁਝ ਦੱਸਣ ਦਿਓ।ਪਰ ਜੇ ਤੁਹਾਡਾ ਨਾਮ ਉਸ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਲਿਖ ਦਿੱਤਾ ਗਿਆ ਸੀ ਤਾਂ ਤੁਸੀਂ ਇਸ ਤਰ੍ਹਾਂ ਕਰਨ ਵਿੱਚ ਅਨੰਦ ਹੋਵੋਗੇ।ਤੁਸੀਂ ਅਜਿਹਾ ਕਰਨ ਵਿੱਚ ਇੱਕ ਮਿੰਟ ਦੀ ਵੀ ਦੇਰੀ ਨਹੀਂ ਕਰੋਗੇ।

319 ਇੱਥੇ ਵੇਖੋ, ਤੁਸੀਂ ਆਖਦੇ ਹੋ, "ਮੈਂ ਤੈਨੂੰ ਸਮਝਾਉਂਦਾ ਹਾਂ ਕਿ ਮੈਂ ਬਹੁਤ ਹੀ ਧਾਰਮਿਕ ਹਾਂ!"ਚੰਗਾ, ਹੋ ਸੱਕਦਾ ਹੈ ਕਿ ਇਹ ਸੱਚ ਹੋਵੇ।

320 ਵੇਖੋ, ਕੌਣ ਕਹਿ ਸੱਕਦਾ ਹੈ ਕਿ ਪ੍ਰਭੂ ਯਿਸੂ ਦੇ ਦਿਨੀਂ ਉਹ ਜਾਜਕ ਧਾਰਮਿਕ ਨਹੀਂ ਸਨ? ਕੌਣ ਕਹਿ ਸੱਕਦਾ ਹੈ ਕਿ ਇਸਰਾਇਲ ਉਜਾੜ ਵਿੱਚ ਧਾਰਮਿਕ ਨਹੀਂ ਸੀ ? ਜਦ ਕਿ ਉਹ ਇੱਥੋਂ ਤੋੜੀ ਕਿ .........

321 "ਚੰਗਾ ਜੀ, "ਖੁਦਾ ਨੇ ਮੈਨੂੰ ਬਹੁਤ ਵਾਰ ਬਰਕਤਾਂ ਦਿੱਤੀਆਂ ਹਨ !"

322 ਉਹਨਾਂ ਨੇ ਕਿਹਾ "ਸਾਡੇ ਬਾਪ ਦਾਦਿਆਂ ਨੇ ਜੰਗਲ ਵਿੱਚ ਚਾਲੀ ਸਾਲ ਮੰਨਾ ਖਾਧਾ ਸੀ।"

323 ਯਿਸੂ ਨੇ ਕਿਹਾ, " ਉਹ ਸੱਭ ਦੇ ਸੱਭ ਮਰ ਗਏ, ਅਨੰਤਕਾਲ ਲਈ ਖੁਦਾ ਤੋਂ ਜੁਦਾ ਹੋ ਗਏ।" ਵੇਖਿਆ? ਅਤੇ ਯਿਸੂ ਨੇ ਕਿਹਾ, " ਮੈਂ ਜੀਵਨ ਦੀ ਰੋਟੀ ਹਾਂ, ਜਿਹੜੀ ਪ੍ਰਮੇਸ਼ੁਰ ਦੇ ਕੋਲੋਂ ਸਵਰਗ ਵਿੱਚੋਂ ਉੱਤਰੀ ਹੈ ਜੋ ਕੋਈ ਆਦਮੀ ਇਸ ਰੋਟੀ ਵਿੱਚੋਂ ਖਾਵੇਗਾ ਉਹ ਕਦੇ ਨਹੀਂ ਮਰੇਗਾ।" ਸਮਝੇ? ਉਹ ਤਾਂ ਜੀਵਨ ਦਾ ਰੁੱਖ ਹੈ।

324 ਧਿਆਨ ਦਿਓ ਕਿਵੇਂ ਅਤੇ ਕਿੱਜ ਯਿਸੂ ਆਇਆ। ਉਹ ਜਾਜਕ ਜਿਹੜੇ ਬਹੁਤ ਧਾਰਮਿਕ ਸਨ ਉਸਦੇ ਕੋਲ ਆਏ। ਮੁੰਡਿਓ ਕੋਈ ਵੀ ਨਹੀਂ ਆਖ ਸੱਕਦਾ ਕਿ ਉਹ ਭਲੇ ਆਦਮੀ ਨਹੀਂ

311 ਹੁਣ, ਕੀ ਅੱਜ ਇਹੋ ਹੀ ਗਿਰਜਿਆਂ ਦੀ ਇੱਛਾ ਨਹੀਂ ਹੈ ? [ਸੰਗਤ ਆਖਦੀ ਹੈ, "ਆਮੀਨ।"-ਸੰਪਾ]ਤੁਸੀਂ ਜਦ ਲੋਕਾਂ ਨੂੰ ਦੱਸਣ ਦਾ ਯਤਨ ਕਰਦੇ ਹੋ ਕਿ ਤੁਹਾਨੂੰ *ਇਹ, ਉਹ* ਜਾਂ *ਕੁਝ ਹੋਰ* ਕਰਨਾ ਚਾਹੀਦਾ ਹੈ ਤਾਂ ਉਹ ਛੇਤੀ ਹੀ ਤੁਹਾਨੂੰ ਜਾਣੂ ਕਰਵਾ ਦੇਣਗੇ ਕਿ ਉਹ ਮੈਥੋਡਿਸਟ ਪ੍ਰੈਸਬਾਈਟੇਰੀਅਨ ਜਾਂ ਕੋਈ ਹੋਰ ਹਨ, "ਉਹਨਾਂ ਨੂੰ ਤੁਹਾਡੀ ਕਿਸ਼ਤੀ ਵਿੱਚ ਬੈਠ ਕੇ ਪੈਡਲ ਮਾਰਨ ਦੀ ਜਰੂਰਤ ਨਹੀਂ ਹੈ।" ਸਮਝੇ ?ਬਿਲਕੁੱਲ। ਉਹ ਇਹਰੀ ਚਾਹੁੰਦੇ ਹਨ।

312 ਅਤੇ ਪ੍ਰਮੇਸ਼ੁਰ ਨੇ ਕਿਹਾ ਹੈ, " ਜੇ ਉਹ ਇਹ ਚਾਹੁੰਦੇ ਹਨ, ਤਾਂ ਮੈਂ ਉਹਨਾਂ ਨੂੰ ਇਹ ਹੀ ਦਿਆਂਗਾ।ਅਤੇ ਅਸਲ ਵਿੱਚ ਮੈਂ ਉਹਨਾਂ ਤੋਂ ਇਹ ਪ੍ਰਤੀਤ ਕਰਾਵਾਂਗਾ ਕਿ ਇਹ ਹੀ ਸੱਚ ਹੈ, ਕਿਉਂਕਿ ਮੈਂ ਉਹਨਾਂ ਵਿੱਚ ਇੱਕ ਧੋਖੇ ਦਾ ਅਸਰ ਘੱਲਾਂਗਾ ਤਾਂ ਕਿ ਉਹ ਝੂਠ ਤੇ ਵਿਸ਼ਵਾਸ਼ ਕਰਨ।" ਇੱਥੇ ਵੇਖੋ ਕਿ ਬਾਈਬਲ ਕੀ ਆਖਦੀ ਹੈ, " ਜਿਵੇਂ ਯਨੇਸ ਅਤੇ ਯੰਬਰੇਸ ਨੇ ਮੂਸਾ ਦਾ ਸਾਮ੍ਹਣਾ ਕੀਤਾ ਸੀ ਉਸੇ ਤਰ੍ਹਾਂ ਅੰਤ ਦੇ ਦਿਨਾਂ ਵਿੱਚ ਇਹ ਲੋਕ ਸੱਚ ਦੇ ਆਤਮਾ ਦਾ ਵਿਰੋਧ ਕਰਨਗੇ ਅਤੇ ਖੁਦਾ ਦੀ ਕਿਰਪਾ ਨੂੰ ਮੌਜ ਮਸਤੀ ਵਿੱਚ ਬਦਲ ਦੇਣਗੇ ਅਤੇ ਪ੍ਰਮੇਸ਼ੁਰ ਦਾ ਇਨਕਾਰ ਕਰਨਗੇ।"

313 ਹੁਣ ਤੁਸੀਂ ਵੇਖੋ ਕਿ ਇਹ ਕਿੱਥੇ ਹੈ, ਕੇਵਲ ਕੈਥੋਲਿਕ ਨਹੀਂ ਪਰ ਪ੍ਰੋਟੈਸਟੈਂਟ ਵੀ ਹਨ।ਇਹ ਹੀ ਸਾਰੀ ਗੱਲ ਹੈ।ਇਹ ਸਾਰੇ ਦਾ ਸਾਰਾ ਜੱਥੇਬੰਦਕ ਸੰਸਾਰ ਹੈ।ਇਹ ਚਿੱਟੇ ਘੋੜੇ ਦਾ ਸਵਾਰ ਹੈ ਜੋ ਆਪਣੇ ਆਪ ਨੂੰ (ਚਿੱਟੇ )ਧਾਰਮਿਕ ਕਲੀਸਿਯਾ ਪ੍ਰਗਟ ਕਰਦਾ ਹੈ ਪ੍ਰੰਤੂ ਦੇਖੋ ਉਹ ਮਸੀਹ ਵਿਰੋਧੀ ਹੈ।ਉਸਨੇ ਤਾਂ ਇੱਕੋ ਜਿਹਾ ਹੀ ਦਿਸਣਾ ਹੈ।ਜਿਵੇਂ ਮਸੀਹ ਘੋੜੇ ਉੱਤੇ ਆ ਰਿਹਾ ਹੈ ਉਸੇ ਤਰ੍ਹਾਂ ਹੀ ਉਹ ਵੀ ਘੋੜੇ ਤੇ ਆ ਰਿਹਾ ਹੈ।ਵੇਖਿਆ? ਓਹ, ਉਹ ਤਾਂ ਵਿਰੋਧੀ ਹੈ, ਉਹ ਏਨਾ ਨੇੜੇ ਹੋਵੇਗਾ ਕਿ ਜੇ ਹੋ ਸੱਕਦਾ ਤਾਂ ਉਹ ਚੁਣਿਆ ਹੋਇਆਂ ਨੂੰ ਵੀ ਭੁਲਾਵੇ ਵਿੱਚ ਪਾ ਦਿੰਦਾ!ਅਤੇ ਇੱਥੇ ਉਹ ਹੈ।ਉਹ ਮਸੀਹ ਵਿਰੋਧੀ ਹੈ।

314 ਉਸਨੇ ਪਹਿਲੇ ਕਲੀਸਿਯਾਈ ਯੁੱਗ ਤੋਂ ਸਵਾਰੀ ਕਰਨੀ ਸ਼ੁਰੂ ਕਰ ਦਿੱਤੀ। ਅਤੇ ਹੁਣ ਉਹ ਹਰੇਕ ਕਲੀਸਿਯਾਈ ਕਾਲ ਵਿੱਚੋਂ ਦੌੜਦਾ ਹੋਇਆ ਆਇਆ ਹੈ। ਹੁਣ ਤੁਸੀਂ ਉਸ ਤੇ ਧਿਆਨ ਕਰੋ।"ਤੁਸੀਂ ਕਹਿੰਦੇ ਹੋ ਕੀ ਉਹ ਪਿੱਛੇ ਰਸੂਲਾਂ ਦੇ ਸਮੇਂ ਵਿੱਚ ਸੀ ?" ਉਹਨੂੰ ਉੱਥੇ "ਨਿਕੁਲਾਈ" ਆਖਿਆ ਗਿਆ ਇਸ ਤੋਂ ਬਾਦ ਉਹ ਉਸ ਤੋਂ ਅਗਲੀ ਕਲੀਸਿਯਾ ਦੇ ਯੁੱਗ ਵਿੱਚ "ਇੱਕ ਸਿੱਖਿਆ "ਬਣ ਗਿਆ ਸੀ। ਪਹਿਲਾਂ ਉਹ ਸਿਰਫ ਇੱਕ "ਕਥਨ" ਸੀ ਪਰ ਬਾਦ ਵਿੱਚ ਇੱਕ "ਸਿੱਖਿਆ " ਬਣ ਗਿਆ।

315 ਫੁੱਲੇ ਹੋਏ, ਸ਼ਾਹੀ ਲੋਕ, ਵਧੀਆ ਕੱਪੜੇ ਪਾਏ ਹੋਏ ਲੋਕ, ਉੱਚ ਕੋਟੀ ਦੇ ਲੋਕ, ਉਹਨਾਂ ਸੱਭ ਗੱਲਾਂ ਨੂੰ ਕਲੀਸਿਯਾ ਵਿੱਚ ਨਹੀਂ ਚਾਹੁੰਦੇ ਸਨ। ਨਹੀਂ ਜੀ, ਉਹ ਪਵਿੱਤਰ ਆਤਮਾ ਦੇ ਉਹਨਾਂ ਸੱਭ ਕੰਮਾਂ ਨੂੰ ਨਹੀਂ ਚਾਹੁੰਦੇ ਸਨ।ਇੱਕ ਗਿਰਜਾ ਹੋਣਾ ਚਾਹੀਦਾ ਹੈ।"ਅਸੀਂ ਰੋਮ ਦੀ ਨੀਸੀਆ ਸਭਾ ਅਤੇ ਹੋਰ ਪਾਸੇ ਜਾਵਾਂਗੇ।" ਫਿਰ ਜਦ ਉਹ ਉੱਥੇ ਗਏ ਤਾਂ ਉਹਨਾਂ ਨੇ ਕਲੀਸਿਯਾ ਨੂੰ ਆਪਣੇ ਕਾਬੂ ਵਿੱਚ ਲੈ ਲਿਆ, ਅਤੇ ਕਲੀਸਿਯਾ ਵਿੱਚ ਮੂਰਤੀ ਪੂਜਾ, ਮੂਰਤੀ ਪੂਜਕ ਰੋਮ ਅਤੇ ਕੁਝ ਅੰਧਵਿਸ਼ਵਾਸ਼ ਘ ਸੋੜ ਦਿੱਤਾ।ਅਤੇ ਉਹਨਾਂ ਨੇ ਅਸਤਾਰੇਥ ਦੇਵੀ ਨੂੰ ਜੋ ਅਕਾਸ਼ ਦੀ ਰਾਣੀ ਸਦਾਉਂਦੀ ਸੀ ਨੂੰ ਲੈ ਕੇ ਮਾਤਾ ਮਰਿਯਮ ਵਿੱਚ ਬਦਲ ਦਿੱਤਾ।ਮਰੇ ਹੋਏ ਲੋਕਾਂ ਵਿੱਚੋਂ ਵਿਚੋਲੀਏ ਅਤੇ ਹੋਰ-ਹੋਰ ਬਣਾ ਲਏ।ਅਤੇ ਉਹਨਾਂ ਨੇ ਕੋਸ਼ਰ ਦੇ ਗੋਲ ਪਤਾਸੇ ਲਏ ਜਿਹਨੂੰ ਉਹ ਅੱਜ ਵੀ ਵਰਤਦੇ ਹਨ ਅਤੇ ਉਸਨੂੰ



86 ਮੈਂ ਚਾਹੁੰਦਾ ਕਿ ਮੈਂ ਪੋਲੂਸ ਦੀਆਂ ਕੁਝ ਸਿੱਖਿਆਵਾਂ ਨੂੰ ਬੈਠ ਕੇ ਸੁਣਾਂ। ਕੀ ਤੁਸੀਂ ਇਸ ਤਰ੍ਹਾਂ ਨਹੀਂ ਕਰਨਾ ਚਾਹੋਗੇ ?

*ਹੁਣ ਤੁਸੀਂ ਉਹਨੂੰ ਜਾਣਦੇ ਹੋ ਜੋ ਡੱਕੀ ਬੈਠਾ ਹੈ ਭਈ ਉਹ ਆਪਣੇ ਸਮੇਂ ਸਿਰ ਪ੍ਰਗਟ ਹੋਵੇ।*

87 ਤਦ ਨਹੀਂ, ਉਸ ਸਮੇਂ ਨਹੀਂ ; ਪ੍ਰੰਤੂ ਉਸਨੇ ਤਾਂ " ਆਪਣੇ ਸਮੇਂ ਵਿੱਚ " ਪ੍ਰਗਟ ਹੋਣਾ ਹੈ, ਵੇਖੋ ਉਸਨੇ ਤਾਂ ਉਸ ਮੋਹਰ ਦੇ ਟੁੱਟਣ ਦੇ ਸਮੇਂ ਪ੍ਰਗਟ ਹੋਣਾ ਹੈ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਉਹ ਕੌਣ ਸੀ। ਇਹ ਕੁਧਰਮ ਦਾ ਪੁਰਖ ਕੌਣ ਹੈ ? ਉਹ ਪਾਪ ਦਾ ਮਨੁੱਖ ਕੌਣ ਹੈ, ਇਹ ਪੁਰਖ ਜੋ ਕੁਧਰਮ ਦਾ ਕੰਮ ਕਰ ਰਿਹਾ ਹੈ ? "ਪਰ ਉਸਨੇ ਆਪਣੇ ਸਮੇਂ ਸਿਰ ਪ੍ਰਗਟ ਹੋਣਾ ਹੈ। "

*ਕੁਧਰਮ ਦੀ ਭੇਤ ਹੁਣ ਵੀ ਤਾਂ ਅਸਰ ਕਰੀ ਜਾਂਦੀ ਹੈ* (ਤੁਸੀਂ ਵੇਖੋ ਕਿ ਧੋਖੇਬਾਜ਼, ਕਈ ਗੱਲਾਂ ਵਿੱਚ ਲੋਕਾਂ ਨੂੰ ਭਰਮਾਂ ਰਹੇ ਹਨ ): ..... *ਪਰ ਹਾਲੇ ਇੱਕ ਡੱਕਣ ਵਾਲਾ ਹੈ* (ਉਹ ਪ੍ਰਮੇਸ਼ੁਰ ਹੈ ) .....*ਅਤੇ ਜਦ ਤੱਕ ਉਹ* ......( ਕਲੀਸਿਯਾ, ਮਸੀਹ, ਦੁਲਹਨ ) ..... *ਦੂਰ ਨਾ ਹੋ ਜਾਵੇ, ਉਹ ਡੱਕੀ ਰੱਖੇਗਾ।*

88 ਪੋਲੂਸ ਨੇ ਕਿਹਾ, "ਉਹ ਮੇਰੇ ਸਮੇਂ ਵਿੱਚ ਨਹੀਂ ਬਲਕਿ ਆਪਣੇ ਸਮੇਂ ਵਿੱਚ ਪ੍ਰਗਟ ਹੋਵੇਗਾ।" ਉਹ "ਮੋਹਰ ਦੇ ਤੋੜੇ ਜਾਣ "ਤੇ ਪ੍ਰਗਟ ਹੋਵੇਗਾ। ਸਮਝੇ ?

89 ਅਸੀਂ ਇਸਨੂੰ ਥੋੜੀ ਦੇਰ ਬਾਦ ਵੇਖਾਂਗੇ, " ਆਪਣੇ ਮੂੰਹ ਦੇ ਆਤਮਾ ਨਾਲ। " ਵੇਖਾਂਗੇ ਕਿ ਇਹ ਕੀ ਹੈ ?

*...... ਅਤੇ ਆਪਣੇ ਆਉਣ ਦੇ ਪ੍ਰਕਾਸ਼ ਦੇ ਨਾਲ ਨਾਸ਼ ਕਰੇਗਾ : ਉਸ ਕੁਧਰਮੀ ਦਾ ਆਉਣਾ ਸ਼ੈਤਾਨ ਦੇ ਅਮਲ ਅਨੁਸਾਰ .......*

90 ਅਤੇ " ਉਹ ", ਉਹ ਪੁਰਖ ਹੈ ਜੋ ਸ਼ੈਤਾਨ ਦੇ ਅਮਲ ਅਨੁਸਾਰ ਕੰਮ ਕਰਦਾ ਹੈ।

*......... ਹਰ ਪ੍ਰਕਾਰ ਦੀ ਸ਼ਕਤੀ, ਝੂਠੀਆਂ ਨਿਸ਼ਾਨੀਆਂ ਅਤੇ ਅਸਚਰਜ਼ ਕੰਮਾਂ ਨਾਲ ਹੋਵੇਗਾ। ਨਾਲੇ ਉਹਨਾਂ ਦੇ ਲਈ ਜਿਹੜੇ*

*ਨਾਸ਼ ਹੋ ਰਹੇ ਹਨ,* ( ਇਹ ਦੁਲਹਨ ਨਹੀਂ ਹੈ ) *ਹਰ ਪ੍ਰਕਾਰ ਦੇ ਛਲ ਨਾਲ, ਲੋਕਾਂ ਨੂੰ ਕੁਧਰਮ ਨਾਲ ਧੋਖਾ ਦੇਣਾ, ਉਹ ਜਿਹੜੇ ਅਜਿਹੀ ਚੀਜ਼ ਜਾਂ ਧੋਖੇ ਦੀ ਉਡੀਕ ਵਿੱਚ ਹਨ, ਇਸ ਕਾਰਨ ਜੋ ਉਹਨਾਂ ਨੇ ਸੱਚਿਆਈ ਦੇ ਪ੍ਰੇਮ ਨੂੰ ਕਬੂਲ ਨਾ ਕੀਤਾ, ..........*

91 ਅਤੇ ਮਸੀਹ ਹੀ ਸੱਚ ਹੈ, ਅਤੇ ਮਸੀਹ ਵਚਨ ਹੈ ; ਪ੍ਰੰਤੂ ਉਹ ਤਾਂ ਧਰਮ ਜਾਂ ਅਕੀਦੇ ਅਪਨਾਉਣਾ ਚਾਹੁੰਦੇ ਹਨ। ਆਹਾ !ਸਮਝੇ ?

*............. ਜਿਸ ਤੋਂ ਉਹਨਾਂ ਦੀ ਮੁਕਤੀ ਹੋ ਜਾਂਦੀ।*

*ਸੋ ਇਸੇ ਕਰਕੇ ਪ੍ਰਮੇਸ਼ੁਰ ਉਹਨਾਂ ਦੇ ਉੱਤੇ ਧੋਖੇ ਦਾ ਅਸਰ ਘੱਲਦਾ ਹੈ ਭਈ ਉਹ ਝੂਠ ਨੂੰ ਸੱਚ ਮੰਨਣ।*

92 ਜਿਵੇਂ ਮੈਂ ਇਸਨੂੰ ਸ਼ਬਦਕੋਸ਼ ਵਿੱਚ ਵੇਖਿਆ ਇਸਦਾ ਤਰਜ਼ਮਾ ਤਾਂ ਇੱਥੇ ਹੋਣਾ ਚਾਹੀਦਾ ਹੈ ਝੂਠ (THE LIE ) ਨਾ ਕਿ ਇੱਕ ਝੂਠ (A LIE ) ਇਹੋ ਹੀ ਝੂਠ (THE LIE) ਉਸਨੇ ਹੱਵਾਹ ਨੂੰ ਵੀ ਦੱਸਿਆ।

*ਤਾਂ ਜੋ ਉਹ ਸੱਭੇ ਦੋਸ਼ੀ ਠਹਿਰਨ ਜਿਹਨਾਂ ਸੱਚ ਨੂੰ ਨਾ ਮੰਨਿਆ ਸਗੋਂ ਕੁਧਰਮ ਉੱਤੇ ਪਰਸੰਨ ਰਹੇ।*

93 ਕਿਹੋ ਜਿਹਾ ਬਿਆਨ ਹੈ !ਮੇਰੇ ਪ੍ਰਭੂ !ਦੁਲਹਨ ਦੇ ਉੱਪਰ ਉਠਾ ਲਏ ਜਾਣ ਤੋਂ ਬਾਦ, ਇਹ ਪਾਪ ਦਾ ਪੁਰਖ ਆਪਣੇ ਆਪ ਨੂੰ ਪ੍ਰਗਟ ਕਰੇਗਾ।

94 ਮਸੀਹ ਦੀ ਦੁਲਹਨ ਹਰ ਇੱਕ ਕਲੀਸਿਯਾਈ ਯੁੱਗ ਵਿੱਚੋਂ ਚੁਣੀ ਗਈ ਹੈ।

95 ਹੁਣ, ਕਿਸੇ ਦਿਨ ਮੈਂ ਇੱਕ ਬਿਆਨ ਦਿੱਤਾ ਸੀ, " ਦੁਲਹਨ ਆਪਣੇ ਘਰ ਚਲੀ ਜਾਵੇਗੀ ਅਤੇ ਤੁਹਾਨੂੰ ਉਸਦੇ ਬਾਰੇ ਵਿੱਚ ਕੁਝ ਵੀ ਪਤਾ ਨਹੀਂ ਹੋਵੇਗਾ। " ਇਹ ਸਹੀ ਗੱਲ ਹੈ।

96 ਅਤੇ ਤਦ ਕਿਸੇ ਨੇ ਕਿਹਾ, " ਠੀਕ ਹੈ ਭਾਈ ਬ੍ਰਾਨਹਾਮ, ਉਹ ਇੱਕ ਬਹੁਤ ਹੀ ਛੋਟਾ ਸਮੂਹ ਹੋਵੇਗਾ। "

97 ਯਿਸੂ ਨੇ ਕਿਹਾ, " ਜਿਵੇਂ ਨੂਹ ਦੇ ਦਿਨਾਂ ਵਿੱਚ ਹੋਇਆ ", ਹੁਣ ਤੁਸੀਂ ਇਸਦੇ ਬਾਰੇ ਉਹਦੇ ਨਾਲ ਗੱਲ ਕਰੋ, ਜਦੋਂ ਸਿਰਫ ਅੱਠ ਜਾਨਾਂ ਹੀ ਜਲ ਪਰਲੋ ਤੋਂ ਬਚੀਆਂ ਸਨ, ਇਸੇ ਤਰ੍ਹਾਂ ਹੀ ਮਨੁੱਖ ਦੇ ਪੁੱਤਰ ਦੇ ਆਉਣ ਦੇ ਦਿਨਾਂ ਵਿੱਚ ਹੋਵੇਗਾ। " ਸਮਝੇ ? ਜੇ ਅੱਜ ਰਾਤ ਅੱਠ ਸੌ ਲੋਕ ਸਵਰਗ ਵਿੱਚ ਉਠਾਏ ਜਾਣ ਵਿੱਚ ਸ਼ਾਮਿਲ ਹੁੰਦੇ ਹਨ ਤਾਂ ਤੁਸੀਂ ਕੱਲ ਜਾਂ ਅਗਲੇ ਦਿਨ ਜਾਂ ਕਿਸੇ ਵੀ ਹੋਰ ਦਿਨ ਇਸਦੇ ਬਾਰੇ ਵਿੱਚ ਕੋਈ ਵੀ ਸ਼ਬਦ ਨਹੀਂ ਸੁਣੋਂਗੇ। ਉਹਨਾਂ ਨੂੰ ਸਵਰਗ ਤੇ ਚੁੱਕ ਵੀ ਲਿਆ ਜਾਵੇਗਾ, ਅਤੇ ਤੁਹਾਨੂੰ ਇਸਦੇ ਬਾਰੇ ਵਿੱਚ ਕੁਝ ਵੀ ਪਤਾ ਨਹੀਂ ਹੋਵੇਗਾ। ਵੇਖੋ, ਬਿਲਕੁੱਲ ਇਸੇ ਤਰ੍ਹਾਂ ਹੀ ਹੋਵੇਗਾ।

98 ਕੀ ਤੁਸੀਂ ਸਮਝੇ ਕਿ ਮੈ ਕੀ ਕਹਿਣ ਦੀ ਕੋਸ਼ਿਸ਼ ਕਰ ਰਿਹਾਂ ਹਾਂ ? ਮੈਂ ਤੁਹਾਨੂੰ ਡਰਾਉਣ ਜਾਂ ਚਿੰਤਾ ਵਿੱਚ ਪਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਹਾਂ। ਮੈਂ ਤਾਂ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਪੈਰਾਂ ਉੱਤੇ ਖੜੇ ਹੋ ਜਾਓ। ਹਰ ਵੇਲੇ ਤਿਆਰ ਰਹੋ, ਜਾਗਦੇ ਰਹੋ। ਵਿਅਰਥ ਦੀਆਂ ਗੱਲਾਂ ਨੂੰ ਛੱਡ ਦਿਓ। ਖ਼ੁਦਾ ਦੇ ਨਾਲ ਤਕੜੇ ਹੋ ਕੇ ਚੱਲੋ, ਕਿਉਂਕਿ ਇਹ ਤੁਹਾਡੇ ਸੋਚਣ ਤੋਂ ਵੀ ਪਹਿਲਾਂ ਹੋ ਜਾਵੇਗਾ।

ਹੁਣ ਤੁਸੀਂ ਸੱਚੀ ਦੁਲਹਨ ਨੂੰ ਯਾਦ ਰੱਖੋ !

99 ਹੁਣ, ਇੱਕ ਝੂਠੀ ਦੁਲਹਨ ਹੈ। ਅਸੀਂ ਇਸਨੂੰ ਪ੍ਰਕਾਸ਼ ਦੀ ਪੋਥੀ 17 ਵਿੱਚ ਵੇਖਦੇ ਹਾਂ। ਉਹ ਕਹਿੰਦੀ ਹੈ , " ਮੈਂ ਇੱਕ ਵਿਧਵਾ ਹਾਂ ਮੈਨੂੰ ਕਾਸੇ ਦੀ ਲੋੜ ਨਹੀਂ ਹੈ ", ਤੁਸੀਂ ਵੇਖੋ ਕਿ ਉਹ ਕਿਰਮਚੀ ਰੰਗ ਦੇ ਦਰਿੰਦੇ ਉੱਤੇ ਬੈਠੀ ਹੋਈ ਹੈ। ਉਹ ਪਸ਼ੂ ਉੱਤੇ ਬੈਠੀ ਹੋਈ ਹੈ।

100 ਪ੍ਰੰਤੂ ਹੁਣ, ਸੱਚੀ ਦੁਲਹਨ ਹਜ਼ਾਰਾਂ ਹੀ ਹਜ਼ਾਰ ਲੋਕਾਂ ਵਿੱਚੋਂ ਬਣੇਗੀ, ਉਹ ਹਰ ਇੱਕ ਕਲੀਸਿਯਾ ਦੇ ਯੁੱਗ ਵਿੱਚੋਂ ਚੁਣੇ ਹੋਏ ਲੋਕ ਹੋਣਗੇ। ਹਰ ਬਾਰ ਇੱਕ ਸੰਦੇਸ਼ ਭੇਜਿਆ ਜਾਂਦਾ ਹੈ, ਅਤੇ



307 ਧਿਆਨ ਨਾਲ ਪੜ੍ਹੋ !ਪੜ੍ਹੋ ਅਤੇ ਵੇਖੋ ਕਿੰਝ ਦਾਨੀਏਲ ਆਖਦਾ ਹੈ ਕਿ ਉਹ ਕਲੀਸਿਯਾ ਦੇ ਰਾਜ ਨੂੰ ਆਪਣੇ ਹੱਥਾਂ ਵਿੱਚ ਲੈ ਲਵੇਗਾ।ਕੀ ਤੁਸੀਂ ਇਸਨੂੰ ਪੜ੍ਹਨਾ ਚਹੁੰਦੇ ਹੋ ? [ਸੰਗਤ ਆਖਦੀ ਹੈ, "ਆਮੀਨ।"-ਸੰਪਾ]ਸਾਡੇ ਕੋਲ ਇਸਦਾ ਅਧਿਐਨ ਕਰਨ ਲਈ ਸਮਾਂ ਹੈ, ਕੀ ਸਾਡੇ ਕੋਲ ਨਹੀਂ ਹੈ? ["ਆਮੀਨ।"] ਠੀਕ ਹੈ। ਸੁਣੋ।ਆਓ ਅਸੀਂ ਥੋੜੀ ਦੇਰ ਲਈ ਪਿੱਛੇ ਦਾਨੀਏਲ ਦੀ ਕਿਤਾਬ ਵਿੱਚ ਚਲੀਏ ਅਤੇ ਅਸੀਂ ਥੋੜ੍ਹੀ ਦੇਰ ਲਈ ਇਸ ਵਿੱਚੋਂ ਪੜ੍ਹਾਂਗੇ। ਅਤੇ ਹੋ ਸੱਕਦਾ ਹੈ ਕਿ ਅਸੀਂ ਅਗਲੇ ਵੀਹ ਜਾਂ ਤੀਹ ਮਿੰਟ ਜਾਂ ਕੁਝ ਏਨਾ ਹੀ ਸਮਾਂ ਅਧਿਐਨ ਨਾ ਕਰੀਏ।ਕੀ ਇਹ ਠੀਕ ਹੋਵੇਗਾ ? ["ਆਮੀਨ। "]

308 ਆਓ ਦਾਨੀਏਲ 11 ਬਾਬ ਕੱਢੀਏ ਅਤੇ ਉਸਦੀ 21ਆਇਤ ਪੜ੍ਹੀਏ। ਇੱਥੇ ਦਾਨੀਏਲ ਹੈ, ਦਾਨੀਏਲ ਦੱਸ ਰਿਹਾ ਹੈ ਕਿ ਕਿਸ ਤਰ੍ਹਾਂ ਉਹ ਪਾਤਸ਼ਾਹ ਰਾਜ ਪ੍ਰਾਪਤ ਕਰ ਲਵੇਗਾ।

*ਅਤੇ ਫਿਰ ਉਹਦੇ ਥਾਂ ਇੱਕ ਪਖੰਡੀ ਉੱਠੇਗਾ* (ਰੋਮ ਬਾਰੇ ਬੋਲ ਰਿਹਾ ਹੈ )*ਜਿਸ ਨੂੰ ਉਹ ਪਾਤਸ਼ਾਹ ਦੀ ਪੱਤ ਨਾ ਦੇਣਗੇ ਪਰ ਉਹ ਅੰਤ ਦੇ ਵੇਲੇ ਆਵੇਗਾ ਅਤੇ ਲੱਲੋ-ਪੱਤੋ ਕਰਕੇ ਰਾਜ ਲੈ ਜਾਵੇਗਾ।*

309 ਬਿਲਕੁੱਲ ਇਸੇ ਤਰ੍ਹਾਂ ਹੀ ਉਸਨੇ ਕੀਤਾ ਹੈ!ਇਹੋ ਕੁਝ ਹੀ ਦਾਨੀਏਲ ਨੇ ਆਖਿਆ ਹੈ ਕਿ ਮਸੀਹ ਵਿਰੋਧੀ ਇਹ ਕਰੇਗਾ ਤੇ ਉਹ ਲੋਕਾਂ ਦੇ ਲਈ ਇੱਕ ਢੁੱਕਵਾਂ ਆਦਮੀ ਹੋਵੇਗਾ।ਜੀ ਹਾਂ, ਇਹ ਇਸ ਦਿਨ ਲਈ ਗਿਰਜਿਆਂ ਲਈ ਢੁੱਕਵਾਂ ਖਾਣਾ ਹੋਵੇਗਾ।ਕਿਉਂਕਿ ਇਸ ਕਲੀਸਿਯਾਈ ਕਾਲ ਵਿੱਚ ਉਹਨਾਂ ਨੂੰ ਮਸੀਹ, ਵਚਨ ਨਹੀਂ ਚਾਹੀਦਾ ਹੈ ਪਰ ਉਹਨਾਂ ਨੂੰ ਗਿਰਜਾ ਚਾਹੀਦਾ ਹੈ।ਜੇ ਤੁਸੀਂ ਇੱਕ ਸੱਚੇ ਮਸੀਹੀ ਹੋ ਤਾਂ ਉਹ ਤੁਹਾਡੇ ਕੋਲੋਂ ਪਹਿਲੀ ਗੱਲ ਇਹ ਨਹੀਂ ਪੁੱਛਦੇ ਕਿ ਤੁਸੀਂ ਮਸੀਹੀ ਹੋ। ਪਰ "ਤੁਸੀਂ ਕਿਹੜੀ ਕਲੀਸਿਯਾ ਦੇ ਮੈਂਬਰ ਹੋ?ਤੁਹਾਡਾ ਚਰਚ ਕਿਹੜਾ ਹੈ?" ਉਹ ਮਸੀਹ ਨੂੰ ਜੋ ਕਿ ਵਚਨ ਹੈ ਨਹੀਂ ਚਾਹੁੰਦੇ ਹਨ।ਤੁਸੀਂ ਜਾਓ ਅਤੇ ਉਹਨਾਂ ਨੂੰ ਦੱਸੋ ਕਿ ਕਿਵੇਂ ਮਸੀਹ ਵਿੱਚ ਦ੍ਰਿੜਤਾ ਨਾਲ ਖੜੇ ਹੋਣਾ ਹੈ, ਉਹ ਇਹ ਨਹੀਂ ਚਾਹੁੰਦੇ ਹਨ।ਉਹ ਤਾਂ ਕੁਝ ਅਜਿਹਾ ਚਾਹੁੰਦੇ ਹਨ ਜਿਸ ਨਾਲ ਉਹ ਉਸ ਢੰਗ ਨਾਲ ਜੀ ਸਕਣ ਜਿਸ ਢੰਗ ਨਾਲ ਉਹ ਜੀਣਾ ਚਾਹੁੰਦੇ ਹਨ ਅਤੇ ਇਸਦੇ ਬਾਵਜੂਦ ਵੀ ਕਿਸੇ ਕਲੀਸਿਯਾ ਦੇ ਮੈਂਬਰ ਹਨ ਅਤੇ ਆਪਣੀ ਗਵਾਹੀ ਨੂੰ ਕਾਇਮ ਰੱਖਦੇ ਹਨ।ਵੇਖਿਆ?ਸਮਝੇ?ਇਸ ਲਈ ਉਹ ਉਹਨਾਂ ਦੀ ਜਰੂਰਤ ਅਨੁਸਾਰ ਪੂਰਤੀ ਕਰੇਗਾ।ਅਤੇ ਯਾਦ ਰੱਖੋ ਕਿ ਬਾਈਬਲ ਵਿੱਚ ਉਹ ਅੰਤ ਵਿੱਚ "ਔਰਤ", ਅਖਵਾਇਆ ਅਤੇ ਉਹ ਕੰਜਰੀ ਸੀ ਅਤੇ ਉਸ ਦੀਆਂ ਧੀਆਂ ਸਨ।ਜੋ ਲੋਕਾਂ ਨੂੰ ਚਾਹੀਦਾ ਹੈ ਉਹ ਬਿਲਕੁੱਲ ਉਸਦੇ ਅਨੁਸਾਰ ਫੱਬਦਾ ਹੋਵੇਗਾ।ਇਸੇ ਤਰ੍ਹਾਂ ਹੀ ਹੈ।

310 ਖ਼ੁਦਾ ਨੇ ਇਸਦਾ ਵਾਇਦਾ ਕੀਤਾ ਹੈ।ਜਦ ਵਚਨ ਦਾ ਇਨਕਾਰ ਕੀਤਾ ਜਾਂਦਾ ਹੈ ਤਾਂ ਉਹ ਅਪਣੀਆਂ ਇੱਛਾਵਾਂ ਵੱਲ ਮੁੜ ਜਾਂਦੇ ਹਨ।ਆਓ ਅਸੀਂ ਥੱਸਲੁਨੀਕੀਆਂ ਨੂੰ ਫਿਰ ਪੜ੍ਹੀਏ। ਮੈਂ ਚਾਹੁੰਦਾ ਹਾਂ ਕਿ ਥੋੜੀ ਦੇਰ ਲਈ ਤੁਸੀਂ ਇਸ ਤੇ ਧਿਆਨ ਦਿਓ।ਹਾਂ ਜੀ, ਅਸੀਂ ਇਸਨੂੰ ਪੜ੍ਹ ਚੁੱਕੇ ਹਾਂ। ਦੂਸਰਾ ਥੱਸਲੁਨੀਕੀਆਂ 2:9-11. ਇੱਥੇ ਕਿਹਾ ਗਿਆ ਹੈ ਕਿ ਉਹ ਇਸ ਤਰ੍ਹਾਂ ਕਰਨਗੇ। " ਉਹ ਸੱਚਾਈ ਨੂੰ ਰੱਦ ਦੇਣਗੇ, ਉਹਨਾਂ ਨੂੰ ਇੱਕ ਧੋਖਾ ਦੇਣ ਵਾਲੀ ਆਤਮਾ ਦੀ ਸ਼ਕਤੀ ਦੇ ਅਧੀਨ ਕਰ ਦਿੱਤਾ ਜਾਵੇਗਾ ਅਤੇ ਉਹ ਝੂਠ ਦੀ ਪ੍ਰਤੀਤ ਕਰਨਗੇ ਅਤੇ ਉਹ ਉਸੇ ਦੇ ਨਾਲ ਨਾਸ਼ ਹੋ ਜਾਣਗੇ।"ਹੁਣ ਇਹ ਉਹੋ ਹੈ --ਇਹੋ ਹੀ ਪਵਿੱਤਰ ਆਤਮਾ ਨੇ ਕਿਹਾ ਸੀ।

301 ਵੇਖੋ, ਅੰਤ ਵਿੱਚ ਜਦ ਨਿਕੁਲਾਈਆਂ ਨੇ, ਮਸੀਹ ਵਿਰੋਧੀ ਨੇ ਮਨੁੱਖ ਦਾ ਰੂਪ ਧਾਰਨ ਕਰ ਲਿਆ ਤਾਂ ਤਦ ਉਸਨੇ ਮੁਕਟ ਪਾਇਆ। ਉਹ ਇੱਕ ਆਤਮਾ ਹੈ, ਜਦ ਉਹ ਬਾਹਰ ਨਿੱਕਲਦਾ ਹੈ ਤਾਂ ਉਹ ਨਿਕੁਲਾਈਆਂ ਦੇ ਆਤਮਾ ਦੇ ਰੂਪ ਵਿੱਚ ਕਲੀਸਿਯਾ ਦੇ ਵਿੱਚ ਆਉਂਦਾ ਹੈ। ਅਤੇ ਤੁਸੀਂ ਆਤਮਾ ਨੂੰ ਮੁਕਟ ਨਹੀਂ ਪਹਿਨਾ ਸੱਕਦੇ ਹੋ।ਪ੍ਰੰਤੂ ਤਿੰਨ ਸੌ ਸਾਲ ਬਾਦ ਉਹ ਪੋਪ ਬਣ ਜਾਂਦਾ ਹੈ, ਅਤੇ ਫਿਰ ਉਹ ਉਸਦੇ ਮੁਕਟ ਪਹਿਨਾਉਂਦੇ ਹਨ। ਵੇਖੋ, ਸ਼ੁਰੂ ਵਿੱਚ ਉਸਦੇ ਕੋਲ ਮੁਕਟ ਨਹੀਂ ਸੀ, ਪ੍ਰੰਤੂ ਬਾਦ ਵਿੱਚ ਉਸਨੂੰ ਮੁਕਟ ਮਿਲ ਗਿਆ ਸੀ। ਉਸਨੂੰ ਉਦੋਂ ਮੁਕਟ ਮਿਲਿਆ ਜਦ ਉਸ ਆਤਮਾ ਨੇ ਮਨੁੱਖ ਦਾ ਰੂਪ ਧਾਰਨ ਕਰ ਲਿਆ। ਸਮਝੇ ? ਉਹ ਇੱਕ ਮਨੁੱਖ ਬਣ ਗਿਆ ਸੀ। ਨਿਕੁਲਾਈਆਂ ਦੀ ਸਿੱਖਿਆ ਇੱਕ ਮਨੁੱਖ ਬਣ ਗਈ ਸੀ, ਅਤੇ ਤਦ ਉਹ ਉਸਨੂੰ ਇੱਕ ਮੁਕਟ ਪਹਿਨਾ ਸਕੇ। ਉਸ ਸਮੇਂ, ਸ਼ੁਰੂ ਵਿੱਚ, ਉਹ ਉਸਨੂੰ ਮੁਕਟ ਨਹੀਂ ਪਹਿਨਾ ਸਕੇ ਸਨ ਕਿਉਂਕਿ ਤਦ ਉਹ ਕੇਵਲ ਇੱਕ ਸਿੱਖਿਆ ਜਾਂ ਸਿਧਾਂਤ ਦੇ ਰੂਪ ਵਿੱਚ ਸੀ।

302 ਮਹਿਮਾਂ ਹੋਵੇ !ਧਿਆਨ ਦਿਓ !ਅਤੇ ਜਦ ਇਹ ਪਵਿੱਤਰ ਆਤਮਾ ਜੋ ਕਿ ਸਾਡੇ ਕੋਲ ਹੈ, ਸਾਡੇ ਅੰਦਰ ਦੇਹ ਧਾਰ ਲੈਂਦਾ ਹੈ, ਉਹ ਜੋ ਹੁਣ ਸਾਡੇ ਵਿਚਕਾਰ ਪਵਿੱਤਰ ਆਤਮਾ ਦੇ ਰੂਪ ਵਿੱਚ ਹਾਜ਼ਰ ਹੈ, ਜਦ ਉਹ ਮਸੀਹ ਦੇ ਵਿਅਕਤੀਤਵ ਵਿੱਚ, ਜਦ ਪ੍ਰਭੂ ਯਿਸੂ ਮਸੀਹ ਸਾਡੇ ਵਿੱਚ ਦੇਹ ਧਾਰ ਲੈਂਦਾ ਹੈ, ਤਾਂ ਅਸੀਂ ਉਸਨੂੰ ਰਾਜਿਆਂ ਦਾ ਰਾਜਾ ਕਰਕੇ ਮੁਕਟ ਪਹਿਨਾਉਂਦੇ ਹਾਂ।ਇਹ ਠੀਕ ਹੈ। ਸਮਝੇ ?

303 ਹੁਣ, ਯਾਦ ਰੱਖੋ, ਜਦ ਮਸੀਹ ਸਿੰਘਾਸਣ ਤੇ ਆਉਂਦਾ ਹੈ, ਉਸ ਸਮੇਂ ਮਸੀਹ ਵਿਰੋਧੀ, ਯਹੂਦਾ ਵੀ ਸਿੰਘਾਸਣ ਤੇ ਆਉਂਦਾ ਹੈ। ਜਿਸ ਸਮੇਂ ਮਸੀਹ ਧਰਤੀ ਤੋਂ ਚਲਾ ਗਿਆ ਉਸ ਸਮੇਂ ਯਹੂਦਾ ਵੀ ਧਰਤੀ ਤੋਂ ਚਲਿਆ ਗਿਆ। ਠੀਕ ਉਸ ਸਮੇਂ ਜਦ ਪਵਿੱਤਰ ਆਤਮਾ ਵਾਪਿਸ ਆਇਆ, ਤਦ ਮਸੀਹ ਵਿਰੋਧੀ ਵੀ ਵਾਪਿਸ ਆ ਗਿਆ।

304 ਤੁਸੀਂ ਜਾਣਦੇ ਹੋ, ਯੂਹੰਨਾ ਨੇ ਇੱਥੇ ਆਖਿਆ, " ਹੇ ਛੋਟੇ ਬੱਚਿਓ ਮੈਂ ਨਹੀਂ ਚਾਹੁੰਦਾ ਕਿ ਤੁਸੀਂ ਅਨਜਾਣ ਰਹੋ, ਤੁਸੀਂ ਮਸੀਹ ਵਿਰੋਧੀ ਦੇ ਬਾਰੇ ਸੁਣਿਆ ਸੀ, ਜੋ ਕਿ ਆ ਚੁੱਕਿਆ ਹੈ ਅਤੇ ਅਣ ਆਗਿਆਕਾਰੀ ਦੇ ਬੱਚਿਆ ਵਿੱਚ ਕੰਮ ਕਰ ਰਿਹਾ ਹੈ।" ਇਸ ਤੋਂ ਬਾਦ ਮਸੀਹ ਵਿਰੋਧੀ ਉੱਥੇ ਨਿਕੁਲਾਈਆਂ ਦੇ ਆਤਮਾ ਦੇ ਰੂਪ ਵਿੱਚ ਸੀ, ਤਾਂ ਕਿ ਇੱਕ ਜੱਥੇਬੰਦੀ ਬਣਾਵੇ।

305 ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਮੈਂ ਉਸ ਚੀਜ਼ ਨੂੰ ਨਫਰਤ ਕਰਦਾ ਹਾਂ! ਵੇਖਿਆ ?ਸਮਝੇ ? ਇਹ ਹੈ ਗੱਲ। ਇਹ ਮੈਂ ਨਹੀਂ ਸੀ ; ਇਹ ਤਾਂ ਕੋਈ ਸੀ ਜੋ ਇੱਥੇ ਸੀ।ਉੱਥੇ ਇਹ ਚੀਜ ਸੀ।ਇਹ ਬਾਹਰ ਨਿੱਕਲ ਆਈ ਹੈ।ਕੀ ਤੁਸੀਂ ਇਸਨੂੰ ਵੇਖਦੇ ਹੋ ?[ ਸੰਗਤ ਆਖਦੀ ਹੈ, "ਆਮੀਨ"-ਸੰਪਾ]ਮੈਂ ਇਸਦੇ ਸੱਭ ਪਾਸਿਆਂ ਦੇ ਦੁਆਲੇ ਸੀ, ਤੇ ਹੁਣ ਤੱਕ ਮੈਂ ਇਸਨੂੰ ਵੇਖ ਨਹੀਂ ਸਕਿਆ ਸੀ।ਅਤੇ ਹੁਣ ਮੈਂ ਇਸਦੇ ਬਾਰੇ ਜਾਣਦਾ ਹਾਂ।ਇਹ ਉੱਥੇ ਹੈ। ਇਹ ਨਿਕੁਲਾਈਆਂ ਦਾ ਆਤਮਾ ਹੈ ਜਿਸ ਤੋਂ ਖੁਦਾ ਘ੍ਰਿਣਾ ਕਰਦਾ ਹੈ।

306 ਅਤੇ ਹੁਣ ਉਹ ਆਤਮਾ ਦੇਹਧਾਰੀ ਹੋ ਗਿਆ ਅਤੇ ਉਹਨਾਂ ਨੇ ਉਸਨੂੰ ਮੁਕਟ ਪਹਿਨਾਇਆ। ਅਤੇ ਇੱਥੇ ਠੀਕ ਉਹ ਗੱਲ ਹੈ ਜਿਹਦੇ ਬਾਰੇ ਵਚਨ ਦੱਸਦਾ ਹੈ ਕਿ ਉਹ ਉਸਦੇ ਨਾਲ ਇਸੇ ਤਰ੍ਹਾਂ ਹੀ ਕਰਨਗੇ।ਖੁਦਾ ਦਾ ਵਚਨ ਸਿੱਧ ਹੈ। ਹੇ ਮੇਰੇ ਖੁਦਾ !ਦੇਹਧਾਰੀ!ਉਹ ਆਦਮੀ ਬਣ ਗਿਆ ਤਦ ਉਹਨਾਂ ਨੇ ਉਸਨੂੰ ਮੁਕਟ ਪਹਿਨਾ ਦਿੱਤਾ।



ਕੁਝ ਲੋਕ ਇਸਦਾ ਵਿਸ਼ਵਾਸ਼ ਕਰਦੇ ਹਨ ਅਤੇ ਉਸ ਸੰਦੇਸ਼ ਨੂੰ ਉਸਦੀ ਸਾਰੀ ਰੋਸ਼ਨੀ ਵਿੱਚ ਕਬੂਲ ਕਰਦੇ ਹਨ, ਤਦ ਉਹਨਾਂ ਦੇ ਉੱਤੇ ਜਿਹਨਾਂ ਇਸਨੂੰ ਕਬੂਲ ਕੀਤਾ, ਛੁਟਕਾਰੇ ਦੇ ਦਿਨ ਤੱਕ ਲਈ ਮੋਹਰ ਲਾ ਦਿੱਤੀ ਗਈ ਸੀ।

101 ਕੀ ਯਿਸੂ ਨੇ ਇਹ ਹੀ ਗੱਲ ਨਹੀਂ ਸਿਖਾਈ ਸੀ, ਜਦ ਉਸਨੇ ਇਹ ਕਿਹਾ ਸੀ, " ਸੱਤਵੀਂ ਘੜੀ ਵਿੱਚ ਅਵਾਜ਼ ਆਈ " ? ਇਹ ਕਲੀਸਿਯਾ ਦਾ ਆਖਰੀ ਯੁੱਗ ਹੈ। ਸਮਝ ਲੱਗੀ ? ਅਤੇ ਉਸਨੇ ਕਿਹਾ ਸੀ, " ਵੇਖੋ ਦੁਲ੍ਹਾ ਆ ਰਿਹਾ ਹੈ, ਉਸਦੇ ਨਾਲ ਮਿਲਣ ਲਈ ਬਾਹਰ ਚਲੋ। "

102 ਤਦ ਸੁੱਤੀਆਂ ਹੋਈਆਂ ਕੁਆਰੀਆਂ ਵੀ ਆਈਆਂ ਉਹਨਾਂ ਨੇ ਆਪਣੀਆਂ ਅੱਖਾਂ ਮਲੀਆਂ ਅਤੇ ਆਖਿਆ, " ਚਾਹੀਦਾ ਸੀ ਕਿ ਮੇਰੇ ਕੋਲ ਵੀ ਉਸ ਤੇਲ ਵਿੱਚੋਂ ਕੁਝ ਤੇਲ ਹੁੰਦਾ, ਸੋ ਹੋ ਸੱਕਦਾ ਹੈ ਕਿ ਤੁਹਾਡੇ ਕੋਲ ਕੁਝ ਤੇਲ ਹੋਵੇ।"

103 ਅਤੇ ਜਿਹੜੀ ਸੱਚੀ, ਅਤੇ ਅਸਲੀ ਦੁਲਹਨ ਹੈ ਜੋ ਉੱਥੇ ਖੜੀ ਸੀ ਉਸਨੇ ਉਹਨਾਂ ਨੂੰ ਆਖਿਆ, " ਸਾਡੇ ਕੋਲ ਤਾਂ ਸਾਡੇ ਆਪਣੇ ਲਈ ਹੀ ਤੇਲ ਹੈ। ਸਾਡੇ ਕੋਲ ਤਾਂ ਬਸ ਏਨਾ ਹੀ ਤੇਲ ਹੈ ਕਿ ਅਸੀਂ ਅੰਦਰ ਜਾ ਸਕੀਏ। ਅਸੀਂ ਤਾਂ ਤੁਹਾਨੂੰ ਕੁਝ ਵੀ ਨਹੀਂ ਦੇ ਸੱਕਦੇ। ਜੇ ਤੁਸੀਂ ਕੁਝ ਤੇਲ ਚਾਹੁੰਦੀਆਂ ਹੋ ਤਾਂ ਤੁਸੀਂ ਜਾ ਕੇ ਦੁਆ ਕਰੋ।"

104 ਅਤੇ ਜਦ ਮੂਰਖ ਕੁਆਰੀਆਂ ਗਈਆਂ ਹੋਈਆਂ ਸਨ ਤਾਂ ਲਾੜਾ ਆਇਆ ਅਤੇ ਲਾੜੀ ਚਲੀ ਗਈ। ਅਤੇ ਉੱਥੇ ਬਾਕੀ ਬਚੇ ਹੋਏ ਜਿਹੜੇ ਲੋਕ ਰਹਿ ਜਾਂਦੇ ਹਨ, ਉਹ ਕਿਸੇ ਸਮੇਂ ਪੂਰੀ ਤਰ੍ਹਾਂ ਗੁਣਵਾਨ ਕਲੀਸਿਯਾ ਸੀ, ਜੋ ਬਾਹਰ ਰਹਿ ਗਈ ਸੀ। ਅਤੇ ਉਸਨੇ ਕਿਹਾ, " ਫਿਰ ਉੱਥੇ ਰੋਣਾ ਅਤੇ ਚਿਲਾਉਣਾ ਅਤੇ ਕਚੀਚੀਆਂ ਵੱਟਣਾ ਹੋਵੇਗਾ। "

105 ਹੁਣ ਵੇਖੋ, ਇਹ ਤਾਂ ਚੁਣੇ ਹੋਏ ਹਨ।ਅਤੇ ਜਦ ਉਹ ਅਵਾਜ਼ ਆਈ ਕਿ " ਵੇਖੋ ਦੁਲ੍ਹਾ ਆਉਂਦਾ ਹੈ ", ਤਾਂ ਉਹਨਾਂ ਵਿੱਚੋਂ ਹਰੇਕ ਜਿਹੜੇ ਪਿਛਲੇ ਕਲੀਸਿਯਾਈ ਯੁੱਗਾਂ ਵਿੱਚ ਸੌਂ ਗਏ ਸਨ, ਉਹ ਜਾਗ ਜਾਂਦੇ ਹਨ। ਪ੍ਰਮੇਸ਼ੁਰ ਅਜਿਹਾ ਨਹੀਂ ਕਰੇਗਾ ਜਿਵੇਂ ਕਿ ਅਸੀਂ ਸੋਚਦੇ ਹਾਂ, ਇਸ ਯੁੱਗ ਵਿੱਚੋਂ ਕੁਝ ਹਜਾਰ ਲੋਕ ਖੁਦਾ ਨੂੰ ਲੱਭਣਗੇ ਅਤੇ ਉਹ ਉਹਨਾਂ ਨੂੰ ਲੈ ਲਵੇਗਾ। ਇਹ ਹਰ ਇੱਕ ਕਲਸਿਯਾਈ ਯੁੱਗ ਵਿੱਚੋਂ ਚੁਣੇ ਹੋਏ ਖਾਸ ਲੋਕ ਹਨ ਜੋ ਦੁਲਹਨ ਦੇ ਮੈਂਬਰ ਹਨ। ਅਤੇ ਇਹੋ ਹੀ ਕਾਰਨ ਹੈ ਕਿ ਮਸੀਹ ਨੇ ਇੱਥੇ ਪਿਛਾਂਹ ਵਿਚੋਲਗੀ ਦੀ ਗੱਦੀ ਉੱਤੇ ਰਹਿਣਾ ਹੈ, ਜਦ ਤੱਕ ਕਿ ਆਖਰੀ ਯੁੱਗ ਦਾ ਚੁਣਿਆ ਹੋਇਆ ਆਖਰੀ ਮਨੁੱਖ ਨਹੀਂ ਆ ਜਾਂਦਾ ਹੈ। ਅਤੇ ਫਿਰ ਇਹ ਪ੍ਰਕਾਸ਼ ਕਿ ਉਹ ਕੀ ਰਹੇ ਹਨ, ਲੋਕਾਂ ਉੱਤੇ ਪ੍ਰਗਟ ਹੋ ਜਾਵੇਗਾ ਅਤੇ ਉਹ ਵੇਖਣਗੇ ਕਿ ਕੀ ਵਾਪਰ ਗਿਆ ਹੈ। ਸਮਝੇ ? ਹੁਣ ਤੁਸੀਂ ਇਸਨੂੰ ਸਮਝ ਲਿਆ ? [ ਸੰਗਤ, "ਆਮੀਨ" ਆਖਦੀ ਹੈ - ਸੰਪਾ] ਠੀਕ ਹੈ।

106 ਧਿਆਨ ਦਿਓ, " ਬਾਕੀ ਦੇ ਮੁਰਦੇ ", ਕਲੀਸਿਯਾ ਦੇ ਮੈਂਬਰ, "ਇੱਕ ਹਜ਼ਾਰ ਸਾਲ ਬੀਤ ਜਾਣ ਤੀਕਰ ਜੀ ਨਾ ਉੱਠੇ।" ਕਲੀਸਿਯਾ ਦੇ ਮੈਂਬਰ, ਮਸੀਹੀ ਲੋਕ, ਕਲੀਸਿਯਾ ਉਹ ਹਜਾਰ ਸਾਲ ਦੇ ਪੂਰਾ ਹੋਣ ਤੱਕ ਜੀ ਨਾ ਉੱਠੇ। ਅਤੇ ਇਹ ਸੱਚ ਹੈ, ਕਿ ਫਿਰ ਉਹ ਦੁਲਹਨ ਦੇ ਸਾਹਮਣੇ ਖੜੇ ਹੋਣ ਲਈ ਆਉਂਦੇ ਹਨ ਜਦ ਉਹ ਰਾਜੇ ਅਤੇ ਰਾਣੀ ਦੇ ਸਾਹਮਣੇ ਖੜੇ ਹੋਣਗੇ। ਮਹਿਮਾਂ ਹੋਵੇ!

ਕਈ ਚਰਚ ਅੱਜ ਆਪਣੇ ਆਪ ਨੂੰ, " ਸਵਰਗ ਦੀ ਰਾਣੀ ਕਹਾਉਂਦੇ ਹਨ।"

107 ਸਵਰਗ ਦੀ ਰਾਣੀ ਮਸੀਹ ਦੀ ਚੁਣੀ ਹੋਈ ਦੁਲਹਨ ਹੈ, ਅਤੇ ਉਹ ਉਸਦੇ ਨਾਲ ਆਉਂਦੀ ਹੈ। ਦਾਨੀਏਲ ਨੇ ਇਹ ਵੇਖਿਆ ਅਤੇ ਆਖਿਆ, " ਹਜ਼ਾਰਾਂ ਹੀ ਹਜਾਰ ਉਹਦੀ ਟਹਿਲ ਕਰਦੇ ਸਨ।" ਹੁਣ ਜੇ ਤੁਸੀਂ ਦਾਨੀਏਲ ਦੀ ਕਿਤਾਬ ਵਿੱਚ ਇਸਨੂੰ ਵੇਖੋਗੇ ਤਾਂ ਪਤਾ ਲੱਗੇਗਾ, " ਸਿੰਘਾਸਣ ਰੱਖੇ ਗਏ, ਅਤੇ ਪੋਥੀਆਂ ਖੋਲ੍ਹੀਆਂ ਗਈਆਂ। " ਹੁਣ ਯਾਦ ਰੱਖੋ ਕਿ ਜਦ ਉਹ ਆਵੇਗਾ ਤਾਂ ਉਹ ਆਪਣੀ ਦੁਲਹਨ ਦੇ ਨਾਲ ਆਵੇਗਾ। ਪਤਨੀ ਆਪਣੇ ਪਤੀ ਦੀ ਟਹਿਲ ਸੇਵਾ ਕਰਦੀ ਹੈ। " ਅਤੇ ਹਜ਼ਾਰਾਂ ਹੀ ਹਜ਼ਾਰਾਂ ਉਸਦੀ ਸੇਵਾ ਟਹਿਲ ਕਰਦੇ ਸਨ।ਨਿਆਂ ਦਾ ਸਿੰਘਾਸਣ ਲੱਗਾ ਸੀ ਅਤੇ ਪੋਥੀਆਂ ਖੋਲ੍ਹੀਆਂ ਗਈਆਂ। " "ਅਤੇ ਇੱਕ ਹੋਰ ਪੋਥੀ ਖੋਲੀ ਗਈ ਜਿਹੜੀ ਜੀਵਨ ਦੀ ਪੋਥੀ ਹੈ। " ਇਹ ਦੁਲਹਨ ਨਹੀਂ ਹੈ ਜਿਸਦਾ ਨਿਆਂ ਹੋ ਰਿਹਾ ਹੈ, ਉਹ ਤਾਂ ਉੱਪਰ ਉਠਾਈ ਜਾ ਚੁੱਕੀ ਹੈ ਅਤੇ ਵਾਪਿਸ ਆਉਂਦੀ ਹੈ, ਅਤੇ ਉੱਥੇ ਉਹਨਾਂ ਪੀੜ੍ਹੀਆਂ ਦਾ ਨਿਆਂ ਕਰਨ ਲਈ ਖੜ੍ਹੀ ਹੈ ਜਿਹਨਾਂ ਨੇ ਖੁਸ਼ਖਬਰੀ ਦੇ ਸੰਦੇਸ਼ ਨੂੰ ਰੱਦ ਦਿੱਤਾ ਸੀ।

108 ਕੀ ਯਿਸੂ ਨੇ ਨਹੀਂ ਕਿਹਾ ? " ਦੱਖਣ ਦੀ ਰਾਣੀ ਨਿਆਂ ਦੇ ਦਿਨ ਇਸ ਯੁੱਗ ਦੀ ਪੀਹੜੀ ਦੇ ਨਾਲ ਖੜੀ ਹੋ ਕੇ ਇਸ ਪੀਹੜੀ ਦੇ ਲੋਕਾਂ ਨੂੰ ਦੋਸ਼ੀ ਠਹਿਰਾਏਗੀ, ਕਿਉਂਕਿ ਉਹ ਸੁਲੇਮਾਨ ਦਾ ਗਿਆਨ ਸੁਣਨ ਲਈ ਆਈ ਸੀ, ਅਤੇ ਜੋ ਇੱਥੇ ਹੈ ਉਹ ਸੁਲੇਮਾਨ ਤੋਂ ਵੱਡਾ ਹੈ। " ਅਤੇ ਉੱਥੇ ਸ਼ਬਾ ਦੀ ਰਾਣੀ ਜੋ ਕਿ ਦੱਖਣ ਤੋਂ ਆਈ ਸੀ ਉੱਥੇ ਖੜੀ ਹੋਵੇਗੀ ਅਤੇ ਇਹ ਉਸਦੀ ਆਪਣੀ ਗਵਾਹੀ ਹੋਵੇਗੀ।

109 ਅਤੇ ਐਥੋਂ ਤੋੜੀ ਕਿ ਕੋਈ ਯਹੂਦੀ ਵੀ ਉਸ ਪੀੜ੍ਹੀ ਦੇ ਨਾਲ ਨਹੀਂ ਆਇਆ ਜੋ ਯਹੂਦੀ ਸਨ। ਅਤੇ ਉਹ ਅੰਨੇ ਸਨ, ਅਤੇ ਉਸਨੂੰ ਪਛਾਣ ਨਾ ਸਕੇ। ਕਿਉਂਕਿ, ਉਹ ਉਸਦੀ ਉਡੀਕ ਕਰ ਰਹੇ ਸਨ, ਪਰ ਉਹ ਇੰਨੇ ਸਧਾਰਨ ਢੰਗ ਨਾਲ ਆਇਆ ਕਿ ਉਸਦੀ ਸਧਾਰਨਤਾ ਇਸ ਤਰ੍ਹਾਂ ਉਹਨਾਂ ਦੇ ਸਿਰ ਦੇ ਉੱਤੋਂ ਦੀ ਲੰਘ ਗਈ।

110 ਅਤੇ ਉੱਥੇ ਉਸ ਮਹਾਨ ਰਾਣੀ ਨੇ ਆਪਣੇ ਆਪ ਨੂੰ ਨੀਵਾਂ ਕੀਤਾ, ਆਈ ਅਤੇ ਸੰਦੇਸ਼ ਨੂੰ ਕਬੂਲ ਕੀਤਾ। ਯਿਸੂ ਮਸੀਹ ਨੇ ਆਖਿਆ, " ਉਹ ਨਿਆਂ ਵਾਲੇ ਦਿਨ ਖੜੀ ਹੋਵੇਗੀ ", ਅਤੇ "ਉਸ ਪੀੜ੍ਹੀ ਨੂੰ ਦੋਸ਼ੀ ਠਹਿਰਾਵੇਗੀ। "

111 ਹੁਣ ਤੁਸੀਂ ਹਮੇਸ਼ਾਂ ਹੀ ਤਿੰਨ ਕਿਸਮ ਦੇ ਲੋਕਾਂ ਨੂੰ ਵੇਖਦੇ ਹੋ। ਇੱਕ ਪੋਥੀ ਵਿੱਚੋਂ ਮੁਰਦਿਆਂ ਦਾ ਨਿਆਂ ਕੀਤਾ ਗਿਆ, ਅਤੇ ਦੂਸਰੀ ਪੋਥੀ ਜੀਵਨ ਦੀ ਪੋਥੀ ਹੈ, ਇਹ ਉਹਨਾਂ ਦੀ ਹੈ ਜਿਹਨਾਂ ਦੇ ਨਾਮ ਜੀਵਨ ਦੀ ਪੋਥੀ ਵਿੱਚ ਲਿਖੇ ਗਏ।

112 ਉਹ ਕਹਿੰਦੇ ਹਨ, " ਜੇ ਤੁਹਾਡਾ ਨਾਮ ਜੀਵਨ ਦੀ ਪੋਥੀ ਵਿੱਚ ਹੈ ਤਾਂ ਇਹ ਬਹੁਤ ਹੀ ਵਧੀਆ ਗੱਲ ਹੈ, ਔਹ ?" ਨਹੀਂ ਜੀ ਸ਼੍ਰੀ ਮਾਨ !

113 ਵੇਖੋ ਯਹੂਦਾ ਇਸਕਰਿਯੋਤੀ ਦਾ ਨਾਮ ਵੀ ਜੀਵਨ ਦੀ ਪੋਥੀ ਵਿੱਚ ਸੀ। ਹੁਣ ਤੁਸੀਂ ਕਹਿੰਦੇ ਹੋਵੋਗੇ ਕਿ ਇਹ ਗਲਤ ਗੱਲ ਹੈ ? ਯਿਸੂ ਨੇ ਮੱਤੀ 10 ਅਧਿਆਏ ਵਿੱਚ ਉਹਨਾਂ ਨੂੰ ਭੂਤਾਂ ਨੂੰ ਕੱਢਣ, ਬੀਮਾਰਾਂ ਨੂੰ ਚੰਗਾ ਕਰਨ, ਕੋੜੀਆਂ ਨੂੰ ਸ਼ੁੱਧ ਕਰਨ, ਅਤੇ ਮਰਿਆਂ ਹੋਇਆਂ ਨੂੰ ਜਿਵਾਉਣ ਦੇ ਲਈ ਸ਼ਕਤੀ ਦੇ ਕੇ ਘੱਲਿਆ ਸੀ। ਅਤੇ ਉਹ ਬਾਹਰ ਗਏ ਅਤੇ ਉਹ ਵਾਪਿਸ ਆਏ ਤਾਂ ਯਹੂਦਾ ਇਸਕਰਿਯੋਤੀ



ਲਾਗੂ " ਕਰ ਦਿੱਤਾ ਗਿਆ, ਅਤੇ ਤਦ ਉਹਨਾਂ ਨੇ ਨੀਸੀਆ ਸਭਾ ਬੁਲਾਈ ਤੇ ਫਿਰ ਇਹ ਕਲੀਸਿਯਾ ਵਿੱਚ ਇੱਕ ਸਿੱਖਿਆ ਬਣ ਗਈ। ਤਦ ਪਹਿਲਾ ਕੰਮ ਕੀ ਹੋਇਆ ਸੀ? ਇਸ ਨਾਲ ਇੱਕ ਜੱਥੇਬੰਦੀ ਨਿੱਕਲੀ ਸੀ !ਹੁਣ, ਕੀ ਇਹ ਗੱਲ ਠੀਕ ਹੈ? ["ਆਮੀਨ।"]

296 ਤੁਸੀਂ ਮੈਨੂੰ ਦੱਸੋ ਕਿ ਪਹਿਲੀ ਜੱਥੇਬੰਦ ਕਲੀਸਿਯਾ ਕਿੱਥੋਂ ਆਈ ਸੀ ? ਇਹ ਰੋਮਨ ਕੈਥੋਲਿਕ ਕਲੀਸਿਯਾ ਤੋਂ ਆਈ !ਮੈਨੂੰ ਦੱਸੋ ਕਿ ਪ੍ਰਕਾਸ਼ ਪੋਥੀ ਦਾ 17 ਬਾਬ ਇਹ ਨਹੀਂ ਕਹਿੰਦਾ ਕਿ, " ਉਹ ਇੱਕ ਵੱਡੀ ਕੰਜ਼ਰੀ ਸੀ, ਅਤੇ ਉਹ ਦੀਆਂ ਧੀਆਂ ਕੰਜ਼ਰੀਆਂ ਸਨ।" ਇਹ ਉਹੋ ਹੀ ਚੀਜ਼ ਹੈ ਜਿਹਨੇ ਉਸਦੇ ਨਾਲ ਜੱਥੇਬੰਦੀ ਕੀਤੀ, ਕੰਜ਼ਰੀਆਂ।"ਸਿੱਖਿਆ ਦੇ ਲਈ ਉਸ ਦੀਆਂ ਹਰਾਮਕਾਰੀਆਂ ਦੀ ਪਲੀਤਗੀ ਅਤੇ ਘਿਣਾਉਣੇਪਨ ਨੂੰ ਸਵੀਕਾਰ ਕੀਤਾ। " " ਮਨੁੱਖਾਂ ਦੀਆਂ ਗੱਲਾਂ ਨੂੰ ਸਿੱਖਿਆ ਬਣਾ ਕੇ ਸਿਖਾਇਆ। " ਧਿਆਨ ਦਿਓ।

297 ਵੇਖੋ, ਉਹ ਜਿੱਤਣ ਨੂੰ ਨਿੱਕਲ ਤੁਰਿਆ। ਧਿਆਨ ਦਿਓ, ਉਸਦੇ ਕੋਲ ਕੋਈ ਮੁਕਟ ਨਹੀਂ ਹੈ। ਮੈਂ ਇੱਥੇ ਚਿੱਟੇ ਘੋੜੇ ਦੇ ਸਵਾਰ ਬਾਰੇ ਬੋਲ ਰਿਹਾ ਹਾਂ। ਸਮਝੇ ? "ਅਤੇ ਬਾਦ ਵਿੱਚ ਉਸਨੂੰ ਇੱਕ ਕਮਾਣ ; ਅਤੇ ਇੱਕ ਮੁਕਟ ਦਿੱਤਾ ਜਾਂਦਾ ਹੈ।" ਸਮਝੇ ? ਸ਼ੁਰੂ ਵਿੱਚ ਉਸਦੇ ਕੋਲ ਕੋਈ ਵੀ ਮੁਕਟ ਨਹੀਂ ਸੀ, ਪ੍ਰੰਤੂ ਇੱਕ ਮੁਕਟ ਉਸਨੂੰ ਦਿੱਤਾ ਗਿਆ ਸੀ।ਧਿਆਨ ਦਿਓ, ਬਾਦ ਵਿੱਚ ਉਹਨੂੰ ਇੱਕ ਮੁਕਟ ਦਿੱਤਾ ਗਿਆ, ਹਾਂ ਜੀ, ਉਹਨਾਂ ਵਿੱਚੋਂ ਤਿੰਨ, ਇੱਕ ਉੱਤੇ ਤਿੰਨ। ਅਜਿਹਾ ਤਿੰਨ ਸੋ ਸਾਲ ਨੀਸੀਆ ਦੀ ਸਭਾ ਵਿੱਚ ਹੋਇਆ ਸੀ।ਜਦ ਉਹ ਬਾਹਰ ਨਿੱਕਲਦਾ ਹੈ ਤਾਂ ਲੋਕਾਂ ਦੇ ਵਿੱਚ ਨਿਕੁਲਾਈਆਂ ਦਾ ਆਤਮਾ ਇੱਕ ਜੱਥੇਬੰਦੀ ਬਣਾਉਣ ਲਈ ਬਾਹਰ ਨਿੱਕਲਦਾ ਹੈ।ਅਤੇ ਇਸ ਤੋਂ ਬਾਦ ਉਹ ਅੱਗੇ ਵੱਧਦਾ ਰਹਿੰਦਾ ਹੈ, ਅਤੇ "ਇੱਕ ਵਿਚਾਰ "ਬਣਦਾ ਹੈ ਅਤੇ ਫਿਰ "ਇੱਕ ਸਿੱਖਿਆ "ਬਣ ਜਾਂਦੀ ਹੈ।

298 ਤੁਹਾਨੂੰ ਯਾਦ ਹੋਵੇਗਾ, ਪਿੱਛੇ ਕਲੀਸਿਯਾ ਨਾਲ ਗੱਲਾਂ ਕਰਦੇ ਹੋਏ ਮਸੀਹ ਨੇ ਕਿਹਾ ਸੀ, " ਤੂੰ ਇਹਨਾਂ ਨਿਕੁਲਾਈਆਂ ਦੇ ਕੰਮਾਂ ਤੋਂ ਨਫਰਤ ਕਰਦਾ ਹੈਂ ਜਿਹਦੇ ਨਾਲ ਮੈਂ ਵੀ ਨਫਰਤ ਕਰਦਾ ਹਾਂ। " ਜਿੱਤਣ ਦਾ ਯਤਨ ਕਰਨਾ, ਪਵਿੱਤਰ ਆਤਮਾ ਨੂੰ ਸਿਰਫ ਇੱਕ ਹੀ ਪਵਿੱਤਰ ਆਦਮੀ ਨੇ ਲੈਣ ਦੀ ਕੋਸ਼ਿਸ਼ ਕੀਤੀ ਤਾਂ ਕਿ ਉਹ ਪਾਪਾਂ ਦੀ ਮਾਫੀ ਅਤੇ ਸੱਭ ਕੁਝ ਕਰ ਸਕੇ।

299 ਅਸੀਂ ਇਸਨੂੰ ਥੋੜੀ ਹੀ ਦੇਰ ਪਹਿਲਾਂ ਪੜ੍ਹਿਆ ਸੀ, ਪੌਲੂਸ ਨੇ ਇਸਦੇ ਬਾਰੇ ਵਿੱਚ ਦੱਸਿਆ ਹੈ। ਅਤੇ ਉਹ ਚੀਜ਼ ਅੰਤ ਦੇ ਦਿਨਾਂ ਵਿੱਚ ਹੋਵੇਗੀ। ਅਤੇ ਉਸਨੂੰ ਅੰਤ ਦੇ ਦਿਨਾਂ ਤੱਕ ਪ੍ਰਗਟ ਨਹੀਂ ਕੀਤਾ ਜਾ ਸੱਕਦਾ। "ਫਿਰ ਉਹ ਜੋ ਉਸਨੂੰ ਡੱਕੇ ਹੋਏ ਹੈ, ਉੱਥੋਂ ਪਵਿੱਤਰ ਆਤਮਾ ਨੂੰ ਹਟਾ ਦੇਵੇਗਾ ਅਤੇ ਤਦ ਉਹ ਆਪਣੇ ਆਪ ਨੂੰ ਪ੍ਰਗਟ ਕਰੇਗਾ।"

300 ਅੱਜ ਉਹ ਚਿੱਟੇ ਘੋੜੇ ਦੇ ਧੋਖੇ ਦੇ ਥੱਲੇ ਛਿਪਿਆ ਹੋਇਆ ਹੈ। ਤੁਸੀਂ ਥੋੜੀ ਦੇਰ ਬਾਦ ਵੇਖਿਓ ਕਿ ਉਹ ਕਿਵੇਂ ਚਿੱਟੇ ਘੋੜੇ ਤੋਂ ਕਿਵੇਂ ਆਪਣਾ ਰੂਪ ਬਦਲਦਾ ਹੈ।ਉਹ ਸਿਰਫ ਚਿੱਟਾ ਘੋੜਾ ਹੀ ਨਹੀਂ ਬਣਦਾ, ਉਹ ਇੱਕ ਪਸ਼ੂ ਬਣ ਜਾਂਦਾ ਹੈ ਜਿਸਦੇ ਕਈ ਸਿੰਙ ਅਤੇ ਸਿਰ ਹਨ। ਸਮਝੇ ?ਸਮਝੇ ? ਵੇਖੋ, ਉਹ ਚਿੱਟਾ ਘੋੜਾ, ਹੁਣ ਉਹ ਇੱਕ ਧੋਖੇਬਾਜ਼ ਹੈ, ਅਤੇ ਇਹੋ ਹੀ ਕਾਰਨ ਹੈ ਕਿ ਇਹਨਾਂ ਸਾਰੇ ਸਮਿਆਂ ਵਿੱਚ ਲੋਕ ਇਸਨੂੰ ਨਹੀਂ ਸਮਝ ਸਕੇ ਸਨ। ਉਹਨਾਂ ਨੇ ਇਸਦੇ ਬਾਰੇ ਵਿੱਚ ਸੋਚਿਆ ਤਾਂ ਸੀ ਪ੍ਰੰਤੂ ਹੁਣ ਇੱਥੇ ਇਹ ਹੈ ਕਿ ਇਹ ਵਚਨ ਦੇ ਰਾਹੀਂ ਪ੍ਰਗਟ ਹੋਣ ਜਾ ਰਿਹਾ ਹੈ।

ਹੈ। ਜਿਵੇਂ ਉਸਨੇ ਮੂਸਾ ਨੂੰ ਆਖਿਆ, " ਤੂੰ ਉੱਥੇ ਜਾ ਕੇ ਖੜਾ ਹੋ ਅਤੇ ਆਪਣੀ ਲਾਠੀ ਨੂੰ ਅੱਗੇ ਵਧਾ ਕੇ ਤੇ ;ਮੱਖੀਆਂ ਬਣਾ ਦੇ, " ਅਤੇ ਮੱਖੀਆਂ ਬਣ ਗਈਆਂ ਸਨ। ਯਕੀਨਨ ਹੀ ਇਸੇ ਤਰ੍ਹਾਂ ਹੋਇਆ ਸੀ। ਜੋ ਕੁਝ ਵੀ ਮੂਸਾ ਨੇ ਕਿਹਾ ਉਹੋ ਕੁਝ ਹੀ ਪ੍ਰਮੇਸ਼ੁਰ ਨੇ ਕੀਤਾ ; ਅਤੇ ਪ੍ਰਮੇਸ਼ੁਰ ਦਾ ਜੀਉਂਦਾ ਵਚਨ ਪੂਰਾ ਹੋਇਆ।ਪ੍ਰਮੇਸ਼ੁਰ ਅਤੇ ਉਸਦਾ ਵਚਨ ਆਪਣੇ ਆਪ ਵਿੱਚ ਇੱਕ ਹੀ ਵਿਅਕਤੀ ਹੈ।ਪ੍ਰਮੇਸ਼ੁਰ ਵਚਨ ਹੈ।

292 ਫਿਰ ਪਹਿਲੇ ਯੁੱਗ ਦਾ ਇਹ ਭੇਦ ਭਰਿਆ ਸਵਾਰ ਕੌਣ ਹੈ? ਉਹ ਕੌਣ ਹੈ ? ਆਓ ਅਸੀਂ ਇਸਦੇ ਉੱਤੇ ਵਿਚਾਰ ਕਰੀਏ।ਇਹ ਭੇਦ ਭਰਿਆ ਸਵਾਰ ਕੌਣ ਹੈ ਜਿਹੜਾ ਕਿ ਪਹਿਲੇ ਯੁੱਗ ਵਿੱਚ ਨਿੱਕਲਿਆ ਅਤੇ ਸਵਾਰ ਹੋ ਕੇ ਅੰਤ ਤੱਕ, ਸਦੀਪਕਤਾ ਵਿੱਚ ਜਾਂਦਾ ਹੈ।

293 ਦੂਸਰੀ ਮੋਹਰ ਖੁੱਲ੍ਹਦੀ ਹੈ ਅਤੇ ਅੱਗੇ ਅੰਤ ਤੱਕ ਵੱਧਦੀ ਹੈ।ਤੀਜੀ ਮੋਹਰ ਖੁੱਲ੍ਹਦੀ ਹੈ ਅੱਗੇ ਵੱਧਦੀ ਹੈ ਅਤੇ ਖਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਚੌਥੀ, ਪੰਜਵੀਂ, ਛੇਵੀਂ, ਸੱਤਵੀਂ ਮੋਹਰ ਖੁੱਲਦੀ ਹੈ, ਹਰ ਇੱਕ ਮੋਹਰ ਅੰਤ ਦੇ ਸਮੇਂ ਵਿੱਚ ਖੁੱਲ੍ਹਦੀ ਹੈ। ਅਤੇ ਅੰਤ ਦੇ ਸਮੇਂ, ਇਹ ਪੋਥੀਆਂ ਜੋ ਇੱਕ ਦੂਸਰੀ ਦੇ ਉੱਪਰ ਲਪੇਟ ਕੇ ਬੰਦ ਕੀਤੀਆਂ ਗਈਆਂ ਸਨ, ਅਤੇ ਜਿਨ੍ਹਾਂ ਵਿੱਚ ਇਹ ਭੇਤ ਛੁਪੇ ਹੋਏ ਸਨ, ਤੋੜ ਦਿੱਤੀਆਂ ਜਾਂਦੀਆਂ ਹਨ। ਤਦ ਉਹ ਭੇਤ ਜਿਹੜੇ ਇਹਨਾਂ ਵਿੱਚ ਲੁਕੇ ਹੋਏ ਸਨ ਬਾਹਰ ਨਿੱਕਲ ਕੇ ਆਉਂਦੇ ਹਨ, ਕਿ ਇਹ ਪਤਾ ਲੱਗ ਜਾਏ ਕਿ ਇਹ ਕੀ ਹਨ। ਪ੍ਰੰਤੂ ਹਕੀਕਤ ਵਿੱਚ ਇਹ ਪਹਿਲੇ ਕਲੀਸਯਾਈ ਯੁੱਗ ਵਿੱਚ ਹੀ ਖੁੱਲ੍ਹਣੇ ਸ਼ੁਰੂ ਹੋ ਗਏ ਸਨ, ਕਿਉਂਕਿ ਪਹਿਲੀ ਕਲੀਸਿਯਾ ਨੂੰ ਪਹਿਲੇ ਕਲੀਸਯਾਈ ਯੁੱਗ ਨੇ ਇਸੇ ਤਰ੍ਹਾਂ ਹੀ ਸੰਦੇਸ਼ ਕਬੂਲ ਕੀਤਾ। [ ਭਾਈ ਬ੍ਰਾਨਹਾਮ ਤਿੰਨ ਵਾਰ ਪੁਲਪਿਟ ਖੜਕਾਉਂਦੇ ਹਨ-ਸੰਪਾ ]

294 "ਇੱਕ ਚਿੱਟੇ ਘੋੜੇ ਦਾ ਸਵਾਰ ਬਾਹਰ ਨਿੱਕਲਿਆ।" ਸਮਝੇ ? ਉਹ ਕੌਣ ਹੈ ? ਉਹ ਆਪਣੀ ਜਿੱਤਣ ਦੀ ਸ਼ਕਤੀ ਵਿੱਚ ਬਹੁਤ ਸਾਮਰਥੀ ਹੈ। ਉਹ ਆਪਣੀ ਫਤਹਿ ਪਾਉਣ ਦੀ ਸ਼ਕਤੀ ਵਿੱਚ ਬਹੁਤ ਮਹਾਨ ਹੈ। ਕੀ ਤੁਸੀਂ ਚਾਹੁੰਦੇ ਹੋ ਕਿ ਮੈਂ ਤੁਹਾਨੂੰ ਦੱਸਾਂ ਕਿ ਉਹ ਕੌਣ ਹੈ? ਉਹ ਮਸੀਹ ਵਿਰੋਧੀ ਹੈ। ਬਿਲਕੁੱਲ ਉਹ ਇਹੋ ਹੀ ਹੈ।ਹੁਣ ਤੁਸੀਂ ਵੇਖੋ ਕਿ ਕੀ ਉਹ ਮਸੀਹ ਵਿਰੋਧੀ ਹੈ ; ਕਿਉਂਕਿ ਯਿਸੂ ਨੇ ਕਿਹਾ ਸੀ, " ਉਹ ਦੋਨੋਂ ਐਨੇ ਨੇੜੇ ਹੋਣਗੇ ਕਿ ਜੇ ਹੋ ਸਕਿਆ ਤਾਂ ਚੁਣਿਆਂ ਹੋਇਆਂ ( ਦੁਲਹਨ ਨੂੰ) ਨੂੰ ਵੀ ਭੁਲਾਵੇ ਵਿੱਚ ਪਾ ਦੇਣਗੇ।" ਮਸੀਹ ਵਿਰੋਧੀ, ਇਹ ਤਾਂ ਮਸੀਹ ਵਿਰੋਧੀ ਆਤਮਾ ਹੈ।

295 ਯਾਦ ਰੱਖੋ, ਕਲੀਸਿਯਾਈ ਯੁੱਗਾਂ ਦਾ ਅਧਿਐਨ ਕਰਦੇ ਹੋਏ ਜਦ ਅਸੀਂ ਪਹਿਲੀ ਕਲੀਸਿਯਾ ਦਾ ਯੁੱਗ ਵੇਖਿਆ ਸੀ ਤਾਂ ਅਸੀਂ ਵੇਖਿਆ ਸੀ ਕਿ ਪਵਿੱਤਰ ਆਤਮਾ ਇੱਕ ਖਾਸ ਚੀਜ਼ ਦੇ ਵਿਰੁੱਧ ਸੀ ਜੋ ਉਹਨਾਂ ਨੇ ਉਸ ਪਹਿਲੇ ਕਲੀਸਿਯਾ ਦੇ ਯੁੱਗ ਵਿੱਚ ਅਰੰਭ ਕਰ ਲਈ ਸੀ, ਅਤੇ ਉਹ "ਨਿਕੁਲਾਈਆਂ ਦੇ ਕੰਮ " ਅਖਵਾਉਂਦੇ ਸਨ।ਕੀ ਤੁਹਾਨੂੰ ਇਹ ਯਾਦ ਹੈ ? [ ਸੰਗਤ ਆਖਦੀ ਹੈ, "ਆਮੀਨ"-ਸੰਪਾ] *ਨਿਕੋ*ਦਾ ਅਰਥ ਹੈ, " ਜਿੱਤਣਾ। " *ਲੇਟੀ*ਦਾ ਅਰਥ ਹੈ, "ਕਲੀਸਿਯਾ।" *ਨਿਕੁਲਾਈਆਂ* ਦਾ ਅਰਥ ਹੁੰਦਾ ਹੈ "ਕਲੀਸਿਯਾ ਦੇ ਆਮ ਲੋਕਾਂ ਨੂੰ ਜਿੱਤਣਾ। " "ਕਲੀਸਿਯਾ ਵਿੱਚੋਂ ਪਵਿੱਤਰ ਆਤਮਾ ਨੂੰ ਬਾਹਰ ਕੱਢ ਦੇਣਾ ਅਤੇ ਵਚਨ ਨੂੰ ਇੱਕ ਹੀ ਆਦਮੀ ਨੂੰ ਸੌਂਪ ਦੇਣਾ ਕਿ ਉਹ ਇਹਨਾਂ ਸੱਭ ਚੀਜ਼ਾਂ ਦਾ ਪ੍ਰਧਾਨ ਹੋਵੇ।" ਤੁਸੀਂ ਨਿਕੁਲਾਈਆਂ ਦੇ ਕੰਮਾਂ ਦਾ ਅਧਿਐਨ ਕਰ ਚੁੱਕੇ ਹੋ। ਧਿਆਨ ਦਿਓ ਪਹਿਲੇ ਕਲੀਸਿਯਾ ਯੁੱਗ ਦੇ ਅੰਦਰ ਨਿਕੁਲਾਈ "ਇੱਕ ਵਿਚਾਰ " ਸੀ। ਇਸ ਤੋਂ ਅਗਲੇ ਕਲੀਸਿਯਾਈ ਯੁੱਗ ਵਿੱਚ ਇਹ ਇੱਕ "ਸਿੱਖਿਆ "ਬਣ ਗਿਆ। ਅਤੇ ਤੀਸਰੇ ਕਲੀਸਿਯਾਈ ਯੁੱਗ ਵਿੱਚ ਇਸਨੂੰ "ਜਬਰਦਸਤੀ



ਵੀ ਉਹਨਾਂ ਦੇ ਨਾਲ ਸੀ। ਅਤੇ ਉਹਨਾਂ ਨੇ ਭੂਤਾਂ ਨੂੰ ਕੱਢਿਆ ਸੀ, ਅਤੇ ਸਭ ਤਰ੍ਹਾਂ ਦੇ ਚਮਤਕਾਰ ਕੀਤੇ ਸਨ। ਅਤੇ ਉਹ ਵਾਪਿਸ ਪਰਤੇ ਅਤੇ ਆਖਿਆ, " ਇੱਥੋਂ ਤੱਕ ਕਿ ਸ਼ੈਤਾਨ ਵੀ ਸਾਡੇ ਵੱਸ ਵਿੱਚ ਹੈ। "

114 ਯਿਸੂ ਨੇ ਕਿਹਾ, " ਇਸ ਤੋਂ ਖੁਸ਼ ਨਾ ਹੋਵੋ ਜੋ ਸ਼ੈਤਾਨ ਤੁਹਾਡੇ ਵੱਸ ਵਿੱਚ ਹੈ ਬਲਕਿ ਇਸ ਲਈ ਖੁਸ਼ ਹੋਵੋ ਕਿਉਂਕਿ ਤੁਹਾਡੇ ਨਾਮ ਸੁਰਗ ਵਿੱਚ ਲਿਖੇ ਹੋਏ ਹਨ।" ਅਤੇ ਯਹੂਦਾ ਉਹਨਾਂ ਵਿੱਚੋਂ ਇੱਕ ਸੀ। ਪ੍ਰੰਤੂ ਕੀ ਹੋਇਆ ?ਪਰ ਜਦ ਚੁਣੇ ਹੋਏ ਝੁੰਡ ਦੀ ਗੱਲ ਆਉਂਦੀ ਹੈ, ਕਿ ਉੱਥੇ ਪੈਂਤੇਕੁਸ਼ਤ ਦੇ ਲਈ ਜਾਣ ਅਤੇ ਅਸਲ ਵਿੱਚ ਪਵਿੱਤਰ ਆਤਮਾ ਪਾਉਣ, ਤਦ ਯਹੂਦਾ ਇਸਕਰਿਯੋਤੀ ਨੇ ਆਪਣੇ ਰੰਗ ਵਿਖਾ ਦਿੱਤੇ। ਉਹ ਨਿਆਂ ਵਾਲੇ ਦਿਨ ਉੱਥੇ ਹੋਵੇਗਾ।

115 ਸੋ ਪੋਥੀਆਂ ਖੋਲ੍ਹੀਆਂ ਗਈਆਂ ; ਅਤੇ ਇੱਕ ਪੋਥੀ ਜੋ ਕਿ ਜੀਵਨ ਦੀ ਪੋਥੀ ਸੀ ਖੋਲ੍ਹੀ ਗਈ; ਅਤੇ ਹਰੇਕ ਮਨੁੱਖ ਦਾ ਨਿਆਂ ਉਹਨਾਂ ਦੇ ਅਨੁਸਾਰ ਕੀਤਾ ਗਿਆ। ਇਸ ਵਕਤ ਦੁਲਹਨ ਮਸੀਹ ਦੇ ਨਾਲ ਜਗਤ ਦਾ ਨਿਆਂ ਕਰਨ ਲਈ ਖੜੀ ਹੈ। ਕੀ ਨਹੀਂ ......ਪੌਲੁਸ ਆਖਦਾ ਹੈ, " ਕੀ ਤੁਹਾਡੇ ਵਿੱਚੋਂ ਕਿਸੇ ਦਾ ਇਹ ਹਿਆਂ ਪੈਂਦਾ ਹੈ ", ਲਾੜੀ ਦੇ ਬਾਰੇ ਗੱਲ ਕਰ ਰਿਹਾ ਹੈ, " ਕਿ ਜਦ ਇੱਕ ਦੂਸਰੇ ਨਾਲ ਝਗੜਾ ਜਾਂ ਗਿਲਾ ਹੋਵੇ, ਤਾਂ ਫੈਸਲੇ ਲਈ ਕੁਧਰਮੀਆਂ ਕੋਲ ਜਾਏ ਅਤੇ ਸੰਤਾਂ ਕੋਲ ਨਾ ? ਕੀ ਤੁਸੀਂ ਨਹੀਂ ਜਾਣਦੇ ਕਿ ਸੰਤ ਜਨ ਜਗਤ ਦਾ ਨਿਆਂ ਕਰਨਗੇ ? " ਵੇਖਿਆ ? ਇਹ ਹੈ ਗੱਲ। ਸੰਤ ਜਨ ਧਰਤੀ ਦਾ ਨਿਆਂ ਕਰਨਗੇ ਅਤੇ ਇਸਦੇ ਵਾਰਸ ਹੋਣਗੇ। ਇਹ ਸੱਚ ਹੈ।

116 ਤੁਸੀਂ ਆਖਦੇ ਹੋ, " ਇੱਕ ਛੋਟੇ ਜਿਹੇ ਝੁੰਡ ਲਈ ਜਗਤ ਵਿੱਚ ਇਸ ਤਰ੍ਹਾਂ ਕਿਵੇਂ ਹੋ ਸੱਕਦਾ ਹੈ ? " ਮੈਂ ਨਹੀਂ ਜਾਣਦਾ ਕਿ ਇਹ ਕਿਸ ਤਰ੍ਹਾਂ ਹੋਣ ਜਾ ਰਿਹਾ ਹੈ। ਪ੍ਰੰਤੂ ਉਸਨੇ ਆਖਿਆ ਹੈ ਕਿ ਇਸ ਤਰ੍ਹਾਂ ਹੋਵੇਗਾ, ਇਸ ਲਈ ਇਹ ਹੀ ਇਸ ਗੱਲ ਦਾ ਨਬੇੜਾ ਕਰਦਾ ਹੈ, ਜਿੱਥੇ ਤੱਕ ਮੈਂ ਜਾਣਦਾ ਹਾਂ।

117 ਹੁਣ ਵੇਖੋ,। ਹੁਣ ਧਿਆਨ ਦਿਓ। " ਬਾਕੀ ਦੇ ਮੁਰਦੇ ", ਕਲੀਸਿਯਾ ਦੇ ਮੈਂਬਰ, ਮਰੀ ਹੋਈ ਕਲੀਸਿਯਾ ਦੇ ਮੈਂਬਰ, "ਤਦ ਤੱਕ ਜੀ ਨਹੀਂ ਉੱਠਦੇ ਹਨ ਜਦ ਤੱਕ ਕਿ ਹਜਾਰ ਸਾਲ ਪੂਰਾ ਨਹੀਂ ਹੋ ਜਾਂਦਾ ਹੈ। " ਅਤੇ ਹਜਾਰ ਸਾਲ ਤੋਂ ਬਾਦ ਇੱਕ ਹੋਰ ਕਿਆਮਤ ਹੁੰਦੀ ਹੈ ਜਿਹੜੀ ਕਿ ਦੂਜੀ ਕਿਆਮਤ ਹੈ ; ਅਤੇ ਉਹ ਸੱਭ ਇੱਕਠੇ ਹੁੰਦੇ ਹਨ। ਅਤੇ ਮਸੀਹ ਅਤੇ ਕਲੀਸਿਯਾ, ਦੁਲਹਨ, ਨਾਮਧਾਰੀ ਕਲੀਸਿਯਾ ਨਹੀਂ, ਪ੍ਰੰਤੂ ਲਾੜੀ ....... ਮਸੀਹ ਅਤੇ ਦੁਲਹਨ ਉੱਥੇ ਖੜੇ ਹੋਣਗੇ।

118 ਅਤੇ ਉੱਥੇ ਉਹਨਾਂ ਨੂੰ ਬਿਲਕੁੱਲ ਉਸ ਤਰ੍ਹਾਂ ਹੀ ਅਲੱਗ ਕੀਤਾ ਜਾਂਦਾ ਹੈ ਜਿਵੇਂ ਭੇਡਾਂ ਨੂੰ ਬੱਕਰੀਆਂ ਤੋਂ ਅਲੱਗ ਕੀਤਾ ਜਾਂਦਾ ਹੈ। ਇਹ ਠੀਕ ਗੱਲ ਹੈ। ਉਦੋਂ ਉੱਥੇ ਨਾਮਧਾਰੀ ਕਲੀਸਿਯਾ ਦੇ ਮੈਂਬਰ ਖੜੇ ਹੋਣਗੇ ਅਤੇ ਜੋ ਉਹਨਾਂ ਨੇ ਸੱਚਾਈ ਸੁਣੀ ਸੀ ਅਤੇ ਉਸ ਸੱਚਾਈ ਨੂੰ ਠੁਕਰਾਇਆ ਸੀ ਤਾਂ ਫਿਰ ਉੱਥੇ ਉਸ ਬਹੁਤ ਵੱਡੇ ਪਰਦੇ ਤੇ ਕੀ ਕਿਹਾ ਜਾਵੇਗਾ ਜਦ ਉਸ ਪਰਦੇ ਤੇ ਸੱਭ ਕੁਝ ਵਿਖਾਇਆ ਜਾ ਰਿਹਾ ਹੋਵੇਗਾ, ਇੱਥੋਂ ਤੱਕ ਕਿ ਤੁਹਾਡੀਆਂ ਸੋਚਾਂ ਵੀ ਉਸ ਪਰਦੇ ਤੇ ਵਿਖਾਈਆਂ ਜਾ ਰਹੀਆਂ ਹੋਣਗੀਆਂ, ਤੁਸੀਂ ਸੱਚਾਈ ਦੇ ਬਾਰੇ ਕੀ ਸੋਚਦੇ ਹੋ ? ਤੁਸੀਂ ਇਸ ਤੋਂ ਕਿਵੇਂ ਭੱਜੋਗੇ, ਅਤੇ ਅਕਾਸ਼ ਦੇ ਪਰਦੇ ਉੱਤੇ ਅਤੇ ਖੁਦਾ ਦੇ ਵੱਡੇ ਸਾਰੇ ਟੈਲੀਵਿਜ਼ਨ ਉੱਤੇ ਇਸਨੂੰ ਦਿਖਾਇਆ ਜਾਵੇਗਾ। ਇਹ ਤੁਹਾਡੇ ਆਪਣੇ ਵਿਚਾਰਾਂ ਨੂੰ ਵਿਖਾ ਰਿਹਾ ਹੋਵੇਗਾ। ਉਸ ਵੇਲੇ ਤੁਹਾਡੇ ਆਪਣੇ ਵਿਚਾਰ ਹੀ ਤੁਹਾਡੇ ਵਿਰੁੱਧ ਬੋਲਣਗੇ।

119 ਸੋ ਜੇ ਤੁਸੀਂ ਇੱਕ ਗੱਲ ਬੋਲਦੇ ਹੋਵੋ ਅਤੇ ਸੋਚਦੇ ਕੋਈ ਦੂਜੀ ਗੱਲ ਹੋਵੇ ਤਾਂ ਤੁਹਾਡੇ ਲਈ ਠੀਕ ਇਹ ਹੀ ਹੋਵੇਗਾ ਕਿ ਤੁਸੀਂ ਇਸ ਤਰ੍ਹਾਂ ਕਰਨਾ ਛੱਡ ਦਿਓ। ਆਪਣੀਆਂ ਸੋਚਾਂ ਨੂੰ ਖੁਦਾ ਤੇ ਲਗਾਏ ਰੱਖੋ। ਆਪਣੇ ਵਿਚਾਰਾਂ ਨੂੰ ਸ਼ੁੱਧ ਰੱਖੋ, ਠੀਕ ਉਹਨਾਂ ਦੇ ਨਾਲ ਟਿਕੇ ਰਹੋ, ਅਤੇ ਹਮੇਸ਼ਾਂ ਇੱਕ ਹੀ ਗੱਲ ਬੋਲੋ। ਸਮਝੇ ? ਇਹ ਨਾ ਆਖੋ, " ਠੀਕ ਹੈ, ਮੈਂ ਕਰਾਂਗਾ ਕਿ ਮੈਂ ਇਸਦਾ ਵਿਸ਼ਵਾਸ਼ ਕਰਾਂਗਾ, ਪਰ ਮੈਂ ਜਾ ਕੇ ਪਤਾ ਕਰਾਂਗਾ। " ਜੇ ਤੁਸੀਂ ਵਚਨ ਦਾ ਵਿਸ਼ਵਾਸ਼ ਕਰਦੇ ਹੋ ! ਆਮੀਨ।

120 ਇਹਨਾਂ ਨਮੂਨਿਆਂ ਉੱਤੇ ਧਿਆਨ ਦਿਓ, ਉਹਨਾਂ ਦੇ ਮਰਨ ਦਾ ਕਾਰਨ ਇਹ ਹੀ ਹੈ ਅਤੇ ਉਹ ਕਸ਼ਟ ਕਾਲ ਦੇ ਸਮੇਂ ਦੇ ਨਿਆਂ ਵਿੱਚੋਂ ਦੀ ਲੰਘ ਕੇ ਸਾਫ ਹੁੰਦੇ ਹਨ ਕਿਉਂਕਿ ਅਸਲ ਵਿੱਚ ਉਹ ਲਹੂ ਦੇ ਥੱਲੇ ਨਹੀਂ ਹਨ। ਉਹ ਦਾਅਵਾ ਤਾਂ ਕਰਦੇ ਹਨ ਕਿ ਉਹ ਲਹੂ ਦੇ ਥੱਲੇ ਹਨ ਪਰ ਹਕੀਕਤ ਵਿੱਚ ਉਹ ਲਹੂ ਦੇ ਥੱਲੇ ਨਹੀਂ ਹਨ। ਆਪਣੇ ਆਪ ਨੂੰ ਸ਼ੁੱਧ ਕਰਨ ਲਈ ਉਹ ਪਰਤਾਵੇ ਦੇ ਵਿੱਚ ਦੀ ਕਿਸ ਤਰ੍ਹਾਂ ਲੰਘ ਸੱਕਦੇ ਹਨ ਜਦ ਕਿ ਰੰਗ ਕਾਟ ਅਰਥਾਤ ਬਲੀਚ ਜੋ ਕਿ ਯਿਸੂ ਮਸੀਹ ਦਾ ਲਹੂ ਹੈ ਜਿਹੜਾ ਕਿ ਹਰ ਇੱਕ ਪਾਪ ਦੇ ਲੱਛਣ ਅਤੇ ਦਾਗਾਂ ਨੂੰ ਦੂਰ ਦੁਰਾਡੇ ਲੈ ਜਾਂਦਾ ਹੈ ? ਅਤੇ ਤੁਸੀਂ ਮਰ ਚੁੱਕੇ ਹੋ ਅਤੇ ਤੁਹਾਡਾ ਜੀਵਨ ਉਸਦੇ ਵਿੱਚ ਛੁਪਿਆ ਹੋਇਆ ਹੈ ਅਤੇ ਉਸ ਉੱਤੇ ਪਵਿੱਤਰ ਆਤਮਾ ਦੀ ਮੋਹਰ ਲੱਗੀ ਹੋਈ ਹੈ। " ਤਾਂ ਫਿਰ ਤੁਹਾਡਾ ਕਿਸ ਤਰ੍ਹਾਂ ਨਿਆਂ ਹੋਵੇਗਾ ? ਤੁਹਾਡਾ ਸ਼ੁੱਧ ਹੋਣਾ ਕਿੱਥੇ ਹੋਵੇਗਾ ? ਕਿਸ ਚੀਜ ਤੋਂ ਤੁਹਾਡਾ ਸ਼ੁੱਧੀਕਰਣ ਹੋਣਾ ਚਾਹੀਦਾ ਹੈ, ਜਦ ਕਿ ਤੁਸੀਂ ਸੰਪੂਰਣ ਤੋਰ ਤੇ ਮਸੀਹ ਵਿੱਚ ਪਾਪ ਰਹਿਤ ਹੋ ? ਕਿਵੇਂ ...... ਨਿਆਂ ਕਿਸ ਲਈ ਹੈ ? ਪ੍ਰੰਤੂ ਇਹ ਨਿਆਂ ਤਾਂ ਉਹਨਾਂ ਸੁੱਤੇ ਹੋਏ ਲੋਕਾਂ ਦੇ ਲਈ ਹੈ ਜਿਹਨਾਂ ਨੇ ਆਪਣੇ ਆਪ ਨੂੰ ਮਸੀਹ ਦੇ ਲਹੂ ਨਾਲ ਸ਼ੁੱਧ ਨਹੀਂ ਕੀਤਾ ਹੈ।

121 ਤੁਸੀਂ ਵੇਖਦੇ ਹੋ ਕਿ ਉਹਨਾਂ ਨੇ ਕਈ ਸਾਲਾਂ ਤੋਂ ਇਸ ਤਰ੍ਹਾਂ ਨਹੀਂ ਕੀਤਾ, ਪਰ ਇਹ ਤਾਂ ਪਰਕਾਸ਼ ਦਾ ਸਮਾਂ ਹੈ, ਸਮਝੇ, ਵੇਖਿਆ, ਇਹ ਤਾਂ ਲਾੜੀ ਦੇ ਆਉਣ ਦੇ ਸਮੇਂ ਹੀ ਪ੍ਰਗਟ ਕੀਤਾ ਜਾ ਰਿਹਾ ਹੈ ; ਆਖਰੀ ਚੀਜ਼ਾਂ ਆ ਰਹੀਆਂ ਹਨ। ਦੋਸਤੋ, ਮੈਂ ਨਿਹਚਾ ਕਰਦਾ ਹਾਂ ਕਿ ਇਹ ਖਾਤਮੇ ਦੀ ਵੱਲ ਆ ਰਿਹਾ ਹੈ। ਕਦ ? ਮੈਂ ਨਹੀਂ ਜਾਣਦਾ ਹਾਂ। ਮੈਂ ਤੁਹਾਨੂੰ ਨਹੀਂ ਦੱਸ ਸੱਕਦਾ। ਪ੍ਰੰਤੂ ਕੁਝ ਵੀ ਹੋਵੇ ....... ਮੈਂ ਅੱਜ ਰਾਤ ਇਸ ਢੰਗ ਨਾਲ ਜੀਉਣਾ ਚਾਹੁੰਦਾ ਹਾਂ ਕਿ ਮੰਨੋ ਅੱਜ ਰਾਤ ਮੈਂ ਤਿਆਰ ਹਾਂ। ਸਮਝੇ ? ਹੋ ਸੱਕਦਾ ਹੈ ਕਿ ਉਹ ਅੱਜ ਰਾਤ ਆ ਜਾਵੇ, ਅਤੇ ਇਹ ਵੀ ਹੋ ਸੱਕਦਾ ਹੈ ਕਿ ਉਹ ਵੀਹ ਸਾਲਾਂ ਤੱਕ ਨਾ ਆਏ। ਮੈਂ ਨਹੀਂ ਜਾਣਦਾ ਕਿ ਉਹ ਕਦ ਆਵੇਗਾ। ਪ੍ਰੰਤੂ ਜਦ ਕਦੇ ਉਸਦਾ ਆਉਣਾ ਹੁੰਦਾ ਹੈ ........ ਅਤੇ ਹੋ ਸੱਕਦਾ ਹੈ, ਮੇਰਾ ਜੀਵਨ ਖਤਮ ਹੋ ਜਾਵੇ, ਅਤੇ ਤਦ ਜੋ ਕੁਝ ਵੀ ਮੈਂ ਇੱਥੇ ਕੀਤਾ ਹੈ ਉਹ ਉਸੇ ਵੇਲੇ ਖਤਮ ਹੋ ਜਾਵੇਗਾ। ਤਦ ਫਿਰ ਮੈਂ ਉਸਨੂੰ ਅੰਤ ਦੇ ਦਿਨ ਮਿਲਾਂਗਾ, ਜਿਸ ਤਰ੍ਹਾਂ ਮੈਂ ਇੱਥੋ ਗਿਆ ਸਾਂ। "ਜਿਸ ਪਾਸੇ ਨੂੰ ਰੁੱਖ ਝੁਕਦਾ ਹੈ ਉਸੇ ਹੀ ਪਾਸੇ ਵੱਲ ਨੂੰ ਉਹ ਡਿੱਗਦਾ ਹੈ। "

122 ਯਾਦ ਰੱਖੋ, ਜਦ ਉਹ ਤੇਲ ਖਰੀਦਣ ਲਈ ਗਈਆਂ ......." ਔਹ ",ਤੁਸੀਂ ਕਹਿੰਦੇ ਹੋ, ਭਾਈ ਬ੍ਰਾਨਹਾਮ, " ਇੱਕ ਪਲ ਰੁਕੋ, ਮੈਂ ਇਹਦੇ ਬਾਰੇ ਨਹੀਂ ਜਾਣਦਾ ਹਾਂ। ਯਾਦ ਰੱਖੋ, ਉਹ ਤੇਲ ਖਰੀਦਣ ਦੇ ਲਈ ਗਈਆਂ, ਜਦ ਉਹ ਵਾਪਸ ਆਈਆਂ ਤਾਂ ਦੁਲਹਨ ਜਾ ਚੁੱਕੀ ਸੀ, ਅਤੇ ਬੂਹਾ ਬੰਦ ਹੋ ਚੁੱਕਾ ਸੀ। ਅਤੇ ਉਹਨਾਂ ਨੇ ਬੂਹਾ ਖੜਕਾਇਆ ਅਤੇ ਕਿਹਾ, " ਸਾਨੂੰ ਅੰਦਰ ਆਉਣ ਦਿਓ! ਸਾਨੂੰ ਅੰਦਰ ਆਉਣ ਦਿਓ !" [ਭਾਈ ਬ੍ਰਾਨਹਾਮ ਕਈ ਵਾਰ ਪੁਲਪਿਟ ਨੂੰ ਖੜਕਾਉਂਦੇ ਹਨ-ਸੰਪਾ] ਪ੍ਰੰਤੂ ਉਹ ਬਾਹਰ ਘੋਰ ਹਨੇਰੇ ਵਿੱਚ ਰਹਿ ਗਈਆਂ ਸਨ।



285 ਇੱਥੇ ਜਿਹੜਾ ਚਿੱਟੇ ਘੋੜੇ ਤੇ ਆਉਂਦਾ ਹੈ ਉਹ ਮਸੀਹ ਹੈ। *ਇੱਥੇ* ਇਹ ਮਸੀਹ ਹੈ ;ਜੋ *ਇੱਥੇ* ਘੋੜੇ ਉੱਤੇ ਸਵਾਰ ਹੈ ਉਹ ਮਸੀਹ ਨਹੀਂ ਹੈ।ਤੁਸੀਂ ਫਰਕ ਵੇਖੋ। *ਇੱਥੇ* ਉਹ ਪੋਥੀ ਨੂੰ ਆਪਣੇ ਹੱਥ ਵਿੱਚ ਲੈ ਕੇ ਖੜਾ ਹੈ, ਅਤੇ ਛੁਟਕਾਰੇ ਦਾ ਕੰਮ ........ਉਸਨੇ ਹਾਲੇ ਤੱਕ ਆਪਣਾ ਸਥਾਨ ਗ੍ਰਹਿਣ ਨਹੀਂ ਕੀਤਾ ਹੈ।ਇਸ ਲਈ ਇਹ ਮਸੀਹ ਜਾਂ ਪਵਿੱਤਰ ਆਤਮਾ ਨਹੀਂ ਹੈ।

286 ਮੈਂ ਉਹਨਾਂ ਮਹਾਨ ਆਦਮੀਆਂ ਦੇ ਨਾਲ ਅਸਹਿਮਤ ਨਹੀਂ ਹਾਂ। ਨਹੀਂ ਸ਼੍ਰੀ ਮਾਨ ਜੀ, ਮੈਂ ਇਸ ਤਰ੍ਹਾਂ ਨਹੀਂ ਕਰਦਾ ਹਾਂ।ਮੈਂ ਇਸ ਤਰ੍ਹਾਂ ਨਹੀਂ ਕਰਨਾ ਚਾਹਾਂਗਾ, ਪ੍ਰੰਤੂ ਇਹ ਉਹ ਹੈ ਜੋ - ਮੇਰਾ ਇਸ ਦੇ ਉੱਤੇ ਪ੍ਰਕਾਸ਼ ਹੈ। ਸਮਝੇ ? ਜੇ ਤੁਹਾਡੇ ਕੋਲ ਇਸਦੇ ਸਬੰਧ ਵਿੱਚ ਕੁਝ ਵੱਖਰਾ ਹੈ, ਤਾਂ ਠੀਕ ਹੈ, ਪ੍ਰੰਤੂ ਇਹ ਮੇਰੇ ਹਿਸਾਬ ਨਾਲ ਠੀਕ ਨਹੀਂ ਹੈ।ਤੁਸੀਂ ਸਮਝਦੇ ਹੋ ਕਿ, ਮੈਂ ਇਸਦਾ ਇਸ ਢੰਗ ਨਾਲ ਵਿਸ਼ਵਾਸ਼ ਕਰਦਾ ਹਾਂ, ਵੇਖੋ, ਹੁਣ, ਤੁਸੀਂ ਜਾਣਦੇ ਹੋ ਕਿ ਮੈਂ ਕੀ ਕਹਿ ਰਿਹਾਂ ਹਾਂ। ਸਮਝੇ?

287 ਅਤੇ ਧਿਆਨ ਦਿਓ, ਮਸੀਹ ਇਸਤੋਂ ਬਾਦ ਫਿਰ ਵਿਖਾਈ ਨਹੀਂ ਦਿੰਦਾ ਹੈ।ਪ੍ਰੰਤੂ ਮਸੀਹ ਚਿੱਟੇ ਘੋੜੇ ਉੱਤੇ ਹੈ।ਜੇ ਇਹ ਆਦਮੀ ਚਿੱਟੇ ਘੋੜੇ ਉੱਤੇ ਸਵਾਰ ਹੈ ਤਾਂ ਇਹ ਫਿਰ ਮਸੀਹ ਦੀ ਨਕਲ ਕਰਨ ਵਾਲਾ ਹੈ।ਸਮਝੇ ? ਕੀ ਤੁਸੀਂ ਇਸਨੂੰ ਸਮਝ ਗਏ? [ ਸੰਗਤ ਆਖਦੀ ਹੈ, "ਆਮੀਨ "-ਸੰਪਾ]

288 ਧਿਆਨ ਦਿਓ, ਕਿ ਜੋ ਸਵਾਰ ਚਿੱਟੇ ਘੋੜੇ ਉੱਤੇ ਬੈਠਾ ਹੈ ਉਸਦਾ ਕੋਈ ਨਾਮ ਨਹੀਂ ਹੈ। ਉਹ ਦੋ ਜਾਂ ਤਿੰਨ ਖਿਤਾਬਾਂ ਦਾ ਪ੍ਰਯੋਗ ਤਾਂ ਕਰ ਸੱਕਦਾ ਹੈ, ਵੇਖੋ, ਪਰ ਉਸਦਾ ਕੋਈ ਨਾਮ ਨਹੀਂ ਹੈ।

289 ਪ੍ਰੰਤੂ ਮਸੀਹ ਦਾ ਇੱਕ ਨਾਮ ਹੈ ! ਇਹ ਕੀ ਹੈ ? ਪ੍ਰਮੇਸ਼ੁਰ ਦਾ ਸ਼ਬਦ।ਉਹ ਇਹ ਹੀ ਹੈ। "ਆਦ ਵਿੱਚ ਵਚਨ ਸੀ ਵਚਨ ਪ੍ਰਮੇਸ਼ੁਰ ਦੇ ਸੰਗ ਸੀ ਅਤੇ ਵਚਨ ਹੀ ਪ੍ਰਮੇਸ਼ੁਰ ਸੀ, ਅਤੇ ਵਚਨ ਦੇਹਧਾਰੀ ਹੋਇਆ। " ਸਮਝੇ ? ਉਸ ਸਵਾਰ ਦਾ ਕੋਈ ਨਾਮ ਨਹੀਂ ਹੈ, ਪੰਤੂ ਮਸੀਹ " ਪ੍ਰਮੇਸ਼ੁਰ ਦਾ ਸ਼ਬਦ," ਅਖਵਾਉਂਦਾ ਹੈ।ਇਹ ਹੀ ਉਹ ਹੈ।ਉਹ ਇਹ ਹੀ ਅਖਵਾਉਂਦਾ ਹੈ।ਹੁਣ ਉਸਦਾ ਇੱਕ ਨਾਮ ਹੈ ਜਿਸਨੂੰ ਕੋਈ ਮਨੁੱਖ ਨਹੀਂ ਜਾਣਦਾ ਹੈ ;ਪ੍ਰੰਤੂ ਉਹ "ਪ੍ਰਮੇਸ਼ੁਰ ਦਾ ਵਚਨ ਅਖਵਾਉਂਦਾ ਹੈ।

ਵੇਖੋ, ਇਹ ਸਵਾਰ ਤਾਂ ਕੁਝ ਵੀ ਨਹੀਂ ਅਖਵਾਉਂਦਾ ਹੈ, ਪਰ ਉਹ ਚਿੱਟੇ ਘੋੜੇ ਉੱਤੇ ਬੈਠਾ ਹੈ।

290 ਇਸ ਸਵਾਰ ਦੇ ਕੋਲ ਆਪਣੇ ਕਮਾਣ ਦੇ ਲਈ ਕੋਈ ਤੀਰ ਨਹੀਂ ਹੈ।ਕੀ ਤੁਸੀਂ ਧਿਆਨ ਦਿੱਤਾ ਹੈ? ਉਸਦੇ ਕੋਲ ਕਮਾਣ ਸੀ।ਕੀ ਉਸਦੇ ਕੋਲ ਕੋਈ ਤੀਰ ਹੈ ਇਸਦੇ ਬਾਰੇ ਵਿੱਚ ਕੁਝ ਵੀ ਨਹੀਂ ਆਖਿਆ ਗਿਆ ਹੈ, ਇਸ ਲਈ ਉਹ ਜਰੂਰ ਧੋਖੇਬਾਜ਼ ਹੈ।ਠੀਕ ਹੈ। ਹੋ ਸੱਕਦਾ ਹੈ ਕਿ ਉਸਦੇ ਕੋਲ ਬਹੁਤ ਸਾਰੀਆਂ ਗਰਜ਼ਾਂ ਹੋਣ, ਪਰ ਲਿਸ਼ਕਾਂ ਨਾ ਹੋਣ।ਪ੍ਰੰਤੂ ਤੁਸੀਂ ਵੇਖੋ ਕਿ ਮਸੀਹ ਦੇ ਕੋਲ ਗਰਜਨਾਂ ਅਤੇ ਲਿਸ਼ਕਾਂ ਦੋਨੋਂ ਹੀ ਹਨ ਕਿਉਂਕਿ ਉਹਦੇ ਮੂੰਹ ਵਿੱਚੋਂ ਦੋ ਧਾਰੀ ਤਿੱਖੀ ਤਲਵਾਰ ਨਿੱਕਲਦੀ ਹੈ ਅਤੇ ਉਹ ਉਸਦੇ ਨਾਲ ਕੋਮਾਂ ਨੂੰ ਮਾਰਦਾ ਹੈ। ਇਹ ਵਿਅਕਤੀ ਕਿਸੇ ਨੂੰ ਨਹੀਂ ਮਾਰ ਸੱਕਦਾ, ਪ੍ਰੰਤੂ ਉਹ ਤਾਂ ਇੱਕ ਪਖੰਡੀ ਦਾ ਕਿਰਦਾਰ ਅਦਾ ਕਰ ਰਿਹਾ ਹੈ।ਉਹ ਇੱਕ ਚਿੱਟੇ ਘੋੜੇ ਉੱਤੇ ਬਾਹਰ ਨਿੱਕਲ ਰਿਹਾ ਹੈ, ਉਹ ਜਿੱਤ ਪ੍ਰਾਪਤ ਕਰਨ ਲਈ ਜਾ ਰਿਹਾ ਹੈ।

291 ਧਿਆਨ ਦਿਓ, ਮਸੀਹ ਦੇ ਕੋਲ ਤਿੱਖੀ ਤਲਵਾਰ ਹੈ, ਇਹ ਉਸਦੇ ਮੂੰਹ ਦੇ ਵਿੱਚੋਂ ਨਿੱਕਲਦੀ ਹੈ।ਇਹ ਜੀਉਂਦਾ ਵਚਨ ਹੈ, ਇਹ ਪ੍ਰਮੇਸ਼ੁਰ ਦਾ ਵਚਨ ਹੈ ਜੋ ਉਸਦੇ ਦਾਸਾਂ ਉੱਤੇ ਪ੍ਰਗਟ ਹੋਇਆ

280 ਕੀ ਇਹ ਸਹੀ ਗੱਲ ਹੈ ? [ਸੰਗਤ ਆਖਦੀ ਹੈ, " ਆਮੀਨ। "-ਸੰਪਾ] ਹਰੇਕ ਜਿੱਤ ਪਾਉਣ ਵਾਲਾ।

281 ਸ਼ਮਾਊਨ ਇੱਕ ਮਛੇਰਾ ਸੀ ਪਰ ਜਦ ਉਸਦੇ ਵਿਸ਼ਵਾਸ਼ ਨੇ ਪਕੜ ਕੀਤੀ ਅਤੇ ਉਸਨੇ ਜਾਣ ਲਿਆ ਕਿ ਉਹ ਯਿਸੂ ਸੀ, ਜਦ ਉਸਨੇ ਉਹਨੂੰ ਦੱਸਿਆ ਕਿ ਉਹ ਮਸੀਹ ਸੀ ਅਤੇ ਉਸਨੂੰ ਦੱਸਿਆ ਕਿ ਉਹਦਾ ਨਾਮ ਕੀ ਸੀ ਅਤੇ ਉਸਦੇ ਪਿਤਾ ਦਾ ਨਾਮ ਕੀ ਸੀ, ਤੇ ਉਸਨੇ ਜਿੱਤ ਪਾ ਲਈ ਅਤੇ ਉਸਦਾ ਨਾਮ ਸ਼ਮਾਊਮਨ ਤੋਂ ਬਦਲ ਕੇ ਪਤਰਸ ਕਰ ਦਿੱਤਾ।

282 ਸ਼ਾਊਲ ਵਧੀਆ ਨਾਮ ਹੈ। ਸ਼ਾਊਲ ਇੱਕ ਸਮੇਂ ਇਸਰਾਈਲ ਵਿੱਚ ਰਾਜਾ ਸੀ ਪ੍ਰੰਤੂ ਉਸ *ਸ਼ਾਊਲ* ਦਾ ਨਾਮ ਇੱਕ ਰਸੂਲ ਲਈ ਫੱਬਦਾ ਨਹੀਂ ਸੀ।ਹੋ ਸੱਕਦਾ ਹੈ ਕਿ ਇੱਕ ਰਾਜਾ ਹੋਣ ਦੇ ਲਈ ਤਾਂ ਠੀਕ ਹੋਵੇ ਪ੍ਰੰਤੂ ਇੱਕ ਰਸੂਲ ਲਈ ਠੀਕ ਨਹੀਂ ਸੀ। ਇਸ ਲਈ ਯਿਸੂ ਨੇ ਉਸਦਾ ਨਾਮ ( ਕਿਸ ਤੋਂ ?) ਸ਼ਾਊਲ ਤੋਂ ਪੋਲੁਸ ਵਿੱਚ ਬਦਲ ਦਿੱਤਾ।

ਤੁਸੀਂ "ਗਰਜ਼ਾਂ ਦੇ ਪੁੱਤਰਾਂ " ਵੱਲ ਅਤੇ ਦੂਸਰਿਆਂ ਵੱਲ ਧਿਆਨ ਦਿਓ।

283 ਅਤੇ ਯਿਸੂ, ਧਰਤੀ ਤੇ ਉਸਦਾ ਨਾਮ " ਛੁਟਕਾਰਾ ਦੇਣ ਵਾਲਾ ", ਯਿਸੂ ਸੀ। ਅਤੇ ਇਹ ਸੱਚ ਹੈ ਕਿ ਜਦ ਉਹ ਇਸ ਧਰਤੀ ਉੱਤੇ ਸੀ ਤਾਂ ਇੱਕ ਛੁਡਾਉਣ ਵਾਲਾ ਸੀ। ਪ੍ਰੰਤੂ ਜਦ ਉਸਨੇ ਮੌਤ ਅਤੇ ਪਤਾਲ ਉੱਤੇ ਫਤਿਹ ਪਾ ਲਈ ਅਤੇ ਉਤਾਂਹ ਚੜ੍ਹ ਗਿਆ ਤਾਂ ਉਸਨੂੰ ਇੱਕ ਨਵਾਂ ਨਾਮ ਮਿਲਿਆ। ਇਹ ਹੀ ਕਾਰਨ ਹੈ ਕਿ ਤੁਸੀਂ ਵੀ ਉਹਨਾਂ ਵਾਂਗ ਸ਼ੋਰ ਮਚਾਉਂਦੇ ਹੋ, ਤੇ ਉਹਨਾਂ ਨੂੰ ਕੁਝ ਵੀ ਪ੍ਰਾਪਤ ਨਹੀਂ ਹੁੰਦਾ।

284 ਇਹ ਗਰਜ਼ਾਂ ਵਿੱਚ ਪ੍ਰਗਟ ਕੀਤਾ ਜਾਵੇਗਾ। ਅਹਹ-ਆਹਾ ਵੇਖਿਆ ?ਗੁਪਤ ਭੇਤਾਂ ਉੱਤੇ ਧਿਆਨ ਕਰੋ। ਉਹ ਘੋੜੇ ਤੇ ਸਵਾਰ ਹੋ ਕੇ ਆ ਰਿਹਾ ਹੈ ........ਕੁਝ ਹੋਣਾ ਚਾਹੀਦਾ ਹੈ ਜੋ ਕਲੀਸਿਯਾ ਨੂੰ ਬਦਲ ਦੇਵੇ।ਤੁਸੀਂ ਇਹ ਜਾਣਦੇ ਹੋ।ਕੁਝ ਨਾ ਕੁਝ ਹੋਣਾ ਚਾਹੀਦਾ ਹੈ।ਧਿਆਨ ਦਿਓ, " ਉਸਦੇ ਬਿਨਾਂ ਕੋਈ ਹੋਰ ਨਹੀਂ ਜਾਣਦਾ। " ਹੁਣ ਧਿਆਨ ਦਿਓ, " ਉਹਦੇ ਬਿਨਾਂ ਕੋਈ ਹੋਰ ਨਹੀਂ ਜਾਣਦਾ ਹੈ।"

*ਅਤੇ ਉਹ ਇੱਕ ਬਸਤਰ ਲਹੂ ਨਾਲ ਛਿੜਕਿਆ ਹੋਇਆ ਪਹਿਨੇ ਹੋਏ ਹੈ ਅਤੇ ਉਹਦਾ ਨਾਮ, " ਪਰਮੇਸ਼ੁਰ ਦਾ ਸ਼ਬਦ" ਅਖਵਾਉਂਦਾ ਹੈ।*

ਓਹ, ਮੇਰੇ ਪ੍ਰਭੂ !ਧਿਆਨ ਦਿਓ !

*ਅਤੇ ਜਿਹੜੀਆਂ ਫੌਜਾਂ ਸਵਰਗ ਵਿੱਚ ਹਨ ਉਹ ਚਿੱਟੇ ਅਤੇ ਸਾਫ ਕਤਾਨੀ ਕੱਪੜੇ ਪਹਿਨੀ ਨੁਕਰਿਆਂ ਘੋੜਿਆਂ ਉੱਤੇ ਉਹਦੇ ਮਗਰ ਮਗਰ ਆਉਂਦੀਆਂ ਹਨ।*

*ਅਤੇ ਉਹਦੇ ਮੂੰਹ ਵਿੱਚੋਂ ਇੱਕ ਤਿੱਖੀ ਤਲਵਾਰ ਨਿੱਕਲਦੀ ਹੈ ਭਈ ਓਸ ਨਾਲ ਉਹ ਕੌਮਾਂ ਨੂੰ ਮਾਰੇ ਅਤੇ ਉਹ ਲੋਹੇ ਦੇ ਡੰਡੇ ਨਾਲ ਉਹਨਾਂ ਉੱਤੇ ਹਕੂਮਤ ਕਰੇਗਾ, ਅਤੇ ਉਹ ਪ੍ਰਮੇਸ਼ੁਰ ਸਰਵ ਸ਼ਕਤੀਮਾਨ ਦੇ ਅੱਤ ਵੱਡੇ ਕ੍ਰੋਧ ਦੀ ਮੈ ਨੂੰ ਲਤਾੜਦਾ ਹੈ।ਉਹਦੇ ਬਸਤਰ ਉੱਤੇ ਅਤੇ ਉਹਦੇ ਪੱਟ ਉੱਤੇ ਇਹ ਨਾਮ ਲਿਖਿਆ ਹੋਇਆ ਹੈ,*

*ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ। "*



123 ਹੁਣ ਜੇ ਤੁਸੀਂ ਇਸਦਾ ਨਮੂਨਾ ਚਾਹੁੰਦੇ ਹੋ ਤਾਂ, ਹੁਣ ਵੇਖੋ। ਯਿਸੂ ਨੇ ਕਿਹਾ ਸੀ, " ਜਿਵੇਂ ਨੂਹ ਦੇ ਦਿਨੀਂ ਹੋਇਆ ", ਅਤੇ ਇਸਦਾ ਹਵਾਲਾ ਦਿੱਤਾ। ਹੁਣ ਵੇਖੋ ਨੂਹ ਦੇ ਦਿਨੀਂ ਉਹ ਕਿਸ਼ਤੀ ਉੱਤੇ ਚੜ੍ਹੇ।ਪ੍ਰੰਤੂ ਉਹ ਨਿਆਂ ਦੇ ਸਮੇਂ ਵਿੱਚ ਦੀ ਲੰਘੇ ਸਨ ਪ੍ਰੰਤੂ ਮਸੀਹ ਦੀ ਲਾੜੀ ਦਾ ਨਮੂਨਾ ਇਹ ਨਹੀਂ ਹੈ।

124 ਹਨੋਕ ਦੁਲਹਨ ਦਾ ਨਮੂਨਾ ਹੈ। ਹਨੋਕ !ਨੂਹ ਕਸ਼ਟ ਕਾਲ ਦੇ ਸਮੇਂ ਵਿੱਚ ਦੀ ਲੰਘਿਆ, ਪ੍ਰੰਤੂ ਦੁਲਹਨ ........ ਅਤੇ ਨੂਹ ਦੁੱਖਾਂ ਦੇ ਸਮੇਂ ਵਿੱਚ ਦੀ ਗੁਜਰਿਆ ਸੀ, ਅਤੇ ਉਹ ਸ਼ਰਾਬੀ ਬਣ ਗਿਆ ਤੇ ਮਰ ਗਿਆ। ਪ੍ਰੰਤੂ ਹਨੋਕ ਖੁਦਾ ਦੇ ਸਨਮੁਖ ਪੰਜ ਸੌ ਸਾਲ ਚੱਲਦਾ ਰਿਹਾ ਅਤੇ ਉਸਦੇ ਕੋਲ ਇੱਕ ਗਵਾਹੀ ਸੀ ਕਿ ਉਸਨੇ ਸੁਰਗ ਤੇ ਉਠਾਏ ਜਾਣ ਵਾਲੇ ਵਿਸ਼ਵਾਸ਼ ਦੇ ਦੁਆਰਾ "ਪ੍ਰਮੇਸ਼ੁਰ ਨੂੰ ਖੁਸ਼ ਕੀਤਾ ਸੀ " ; ਅਤੇ ਉਸਨੇ ਪ੍ਰਮੇਸ਼ੁਰ ਦੇ ਨਾਲ ਸਿੱਧਾ ਤੁਰਨਾ ਸ਼ੁਰੂ ਕੀਤਾ ਅਤੇ ਉਹ ਉੱਪਰ ਅਸਮਾਨਾਂ ਤੇ ਚਲਾ ਗਿਆ ਅਤੇ ਇੱਥੋਂ ਤੱਕ ਕਿ ਮੌਤ ਦਾ ਸਵਾਦ ਚੱਖੇ ਬਿਨਾਂ ਹੀ ਘਰ ਚਲਾ ਗਿਆ ਅਤੇ ਉਹ ਕਦੇ ਨਹੀਂ ਮਰਿਆ।

125 ਅਤੇ ਇਹ ਇਹਦਾ ਨਮੂਨਾ ਅਰਥਾਤ ਛਾਇਆ ਹੈ, " ਅਸੀਂ ਜਿਹੜੇ ਜੀਉਂਦੇ ਹਾਂ ਅਤੇ ਬਾਕੀ ਰਹਿੰਦੇ ਹਾਂ ਸੋ ਉਹਨਾਂ ਤੋਂ ਜੋ ਸੌਂ ਗਏ ਹਾਂ ਕਦੇ ਅਗੇਤਰੇ ਨਾ ਹੋਵਾਂਗੇ, ਉਸੇ ਹੀ ਨਮੂਨੇ ਦੇ ਲੋਕ ਜਿਹੜੇ ਸੌਂ ਗਏ ਹਨ ", ਜਿਹੜੇ ਮਨੁੱਖੀ ਉਮਰ ਦੇ ਹਿਸਾਬ ਨਾਲ ਸੌਂ ਗਏ ਹਨ, ਮਨੁੱਖੀ ਆਯੂ ਦੀ ਹਾਲਤ ਵਿੱਚ। ਉਹ ਪਿਛਾਂਹ ਮਰ ਗਏ ਸਨ, ਪ੍ਰੰਤੂ ਉਹ ਮਰੇ ਹੋਏ ਨਹੀਂ ਹਨ।ਉਹ ਸੁੱਤੇ ਹੋਏ ਹਨ।ਆਮੀਨ। ਉਹ ਸੌਂ ਰਹੇ ਹਨ, ਉਹ ਮਰੇ ਹੋਏ ਨਹੀਂ ਹਨ।ਉਹਨਾਂ ਨੂੰ ਸਿਰਫ ਇੱਕ ਹੀ ਚੀਜ਼ ਦੀ ਲੋੜ ਹੈ ਕਿ ਦੂਲ੍ਹਾ ਉਹਨਾਂ ਨੂੰ ਜਗਾਏ। " ਅਤੇ ਅਸੀਂ ਜਿਹੜੇ ਜੀਉਂਦੇ ਹਾਂ ਅਤੇ ਪ੍ਰਭੂ ਦੇ ਆਉਣ ਤੱਕ ਬਚੇ ਰਹਿੰਦੇ ਹਾਂ, ਸੁੱਤਿਆਂ ਹੋਇਆਂ ਤੋਂ ਕਦੇ ਅਗੇਤਰੇ ਨਾ ਹੋਵਾਂਗੇ। ਕਿਉਂਕਿ ਪ੍ਰਮੇਸ਼ੁਰ ਦੀ ਤੁਰ੍ਹੀ ਫੂਕੀ ਜਾਵੇਗੀ ਅਤੇ ਜੋ ਮਸੀਹ ਵਿੱਚ ਮਰੇ ਹਨ ਉਹ ਪਹਿਲਾਂ ਜੀ ਉੱਠਣਗੇ। ਤਦ ਅਸੀਂ ਜਿਹੜੇ ਜੀਉਂਦੇ ਅਤੇ ਬਾਕੀ ਰਹਿੰਦੇ ਹਾਂ ਉਹਨਾਂ ਦੇ ਨਾਲ ਹੀ ਹਵਾ ਵਿੱਚ ਪ੍ਰਭੂ ਦੇ ਮਿਲਣ ਨੂੰ ਬੱਦਲਾਂ ਵਿੱਚ ਅਚਾਨਕ ਉਠਾਏ ਜਾਵਾਂਗੇ।"

126 ਅਤੇ ਬਾਕੀ ਦੇ ਮੁਰਦੇ ਇੱਕ ਹਜਾਰ ਸਾਲ ਤੱਕ ਨਾ ਜੀ ਉੱਠੇ। " ਇਹ ਗੱਲ ਇਸੇ ਤਰ੍ਹਾਂ ਹੀ ਹੈ, ਉਹ ਕਲੇਸ਼ ਦੇ ਸਮੇਂ ਦੇ ਵਿੱਚ ਦੀ ਲੰਘੇ।

127 ਇਹ ਕੀ ਸੀ ? ਜਿਵੇਂ ਕਿ ਹਨੋਕ। ਜਿਵੇਂ ਨੂਹ ਨੇ ਹਨੋਕ ਉੱਤੇ ਨਿਗਾਹ ਲਗਾਈ ਹੋਈ ਸੀ। ਕਿਉਂਕਿ ਜਦ ਨੂਹ ਨੂੰ ਇਹ ਪਤਾ ਲੱਗਾ ਕਿ ਹਨੋਕ ਗਾਇਬ ਹੋ ਗਿਆ ਹੈ ਤਾਂ ਉਹ ਜਾਣ ਗਿਆ ਕਿ ਨਿਆਂ ਬਹੁਤ ਨੇੜੇ ਹੈ।ਅਤੇ ਉਹਨੇ ਕਿਸ਼ਤੀ ਦੇ ਨੇੜੇ ਰਹਿਣਾ ਅਰੰਭ ਕਰ ਦਿੱਤਾ।

128 ਪਰ ਨੂਹ ਉੱਪਰ ਨਹੀਂ ਉਠਾਇਆ ਗਿਆ। ਉਸਨੇ ਇੱਕ ਛੋਟੀ ਕਿਸ਼ਤੀ ਤਿਆਰ ਕੀਤੀ, ਅਤੇ ਉਹ ਉਸ ਵਿੱਚ ਚੜ ਕੇ ਨਿਆਂ ਜਾਂ ਕਸ਼ਟ ਦੇ ਸਮੇਂ ਥਾਣੀਂ ਲੰਘ ਗਿਆ। ਉਹ ਬਿਪਤਾ ਦੇ ਸਮੇਂ ਵਿੱਚ ਦੀ ਲੰਘਿਆ ਸੀ ਕਿ ਮੌਤ ਦੇ ਰਾਹੀਂ ਮਰੇ। ਸਮਝ ਲੱਗੀ ? ਨੂਹ ਨੂੰ ਕਲੇਸ਼ ਥਾਣੀਂ ਲਿਆਂਦਾ ਗਿਆ।

129 ਹਨੋਕ ਬਿਨਾਂ ਮਰੇ ਹੀ ਬਦਲ ਗਿਆ ਸੀ, ਜੋ ਕਿ ਉਸ ਕਲੀਸਿਯਾ ਦਾ ਨਮੂਨਾ ਹੈ ਜੋ ਸੁੱਤਿਆਂ ਹੋਇਆਂ ਦੇ ਨਾਲ ਉਠਾਈ ਜਾਵੇਗੀ, ਕਿ ਹਵਾ ਵਿੱਚ ਪ੍ਰਭੂ ਨੂੰ ਮਿਲਣ ਅਤੇ ਬਾਕੀ ਨਾਮਧਾਰੀ

ਕਲੀਸਿਯਾ ਕਸ਼ਟ ਕਾਲ ਦੇ ਸਮੇਂ ਵਿੱਚ ਲਿਆਈ ਜਾਵੇਗੀ। ਮੈਂ ਆਪਣੇ ਆਪ ਵਿੱਚ ਇਹਦੇ ਵਿੱਚੋਂ ਕੁਝ ਨਹੀਂ ਬਣਾ ਸੱਕਦਾ। ਹਨੋਕ ਸਵਰਗ ਤੇ ਉਠਾਇਆ ਗਿਆ ਅਤੇ ਉਸਦੀ ਮੌਤ ਨਾ ਹੋਈ।

130 ਹੁਣ ਆਓ ਥੋੜਾ ਜਿਹਾ ਅਧਿਐਨ ਅਰੰਭ ਕਰੀਏ, ਆਓ ਆਪਣੇ ਵਿਸ਼ੇ ਨੂੰ ਲਈਏ। ਜੇ ਮੈਂ ਇਸੇ ਤੇ ਹੀ ਬੋਲਦਾ ਰਿਹਾ ਤਾਂ ਅਸੀਂ ਕਦੇ ਵੀ ਆਪਣੇ ਵਿਸ਼ੇ ਤੇ, ਇਸ ਮੋਹਰ ਤੇ ਨਹੀਂ ਆ ਸਕਾਂਗੇ।ਹੁਣ ਧਿਆਨ ਦਿਓ। ਆਓ ਹੁਣ ਅਸੀਂ ਇਸਨੂੰ ਲਈਏ, ਕਿਉਂਕਿ ਹੋ ਸੱਕਦਾ ਹੈ ਕਿ ਅਸੀਂ ਕੱਲ ਰਾਤ ਫਿਰ ਅਗਲੀ ਰਾਤ, ਤੁਰ੍ਹੀ ਫੂਕੇ ਜਾਣ ਦੇ ਬਾਰੇ ਵੇਖੀਏ, ਕਿਉਂਕਿ ਤੁਰ੍ਹੀ ਵੀ ਉਸੇ ਸਮੇਂ ਫੂਕੀ ਜਾਂਦੀ ਹੈ ਜਦ ਮੋਹਰਾਂ ਖੁੱਲ੍ਹਦੀਆਂ ਹਨ।ਇਹ ਇੱਕ ਹੀ ਗੱਲ ਹੈ। ਕਲੀਸਿਯਾਈ ਯੁੱਗ ਖੁੱਲ੍ਹਦਾ ਹੈ ....... ਉਵੇਂ ਹੀ ਇਹ ਬਿਲਕੁੱਲ ਇੱਕ ਹੀ ਗੱਲ ਹੈ।

131 ਹੁਣ, ਇੱਕ ਤੁਰ੍ਹੀ ਦਾ ਫੂਕਿਆ ਜਾਣਾ ਹਮੇਸ਼ਾਂ ਹੀ ਇੱਕ ਜੰਗ ਜਾਂ ਫਿਰ ਰਾਜਨੀਤਕ ਗੜਬੜ ਨੂੰ ਬਿਆਨ ਕਰਦਾ ਹੈ। ਤੁਰ੍ਹੀ ਦਾ ਫੂਕਿਆ ਜਾਣਾ ਰਾਜਨੀਤਕ ਗੜਬੜ ਕਰਦਾ ਹੈ, ਅਤੇ ਉਹ ਯੁੱਧ ਨੂੰ ਪੈਦਾ ਕਰਦੀ ਹੈ। ਜਦ ਤੁਸੀਂ ਰਾਜਨੀਤੀ ਵਿੱਚ ਗੜਬੜ ਵੇਖਦੇ ਹੋ, ਅਤੇ ਸੱਭ ਰਾਜਨੀਤੀਆਂ ਨੂੰ ਗੜਬੜ ਵਿੱਚ ਵੇਖਦੇ ਹੋ ਤਾਂ ਸਮਝ ਲਓ ਕਿ ਜੰਗ ਬਿਲਕੁੱਲ ਨੇੜੇ ਹੈ।ਪਰ ਵੇਖੋ, ਦੁਨੀਆਂ ਦਾ ਰਾਜ ਹਾਲੇ ਵੀ ਸ਼ੈਤਾਨ ਦਾ ਹੈ। ਇਹ ਹਿੱਸਾ ਅਜੇ ਵੀ ਉਸਦੇ ਹੱਥ ਵਿੱਚ ਹੈ।

132 ਇਸ ਤਰ੍ਹਾਂ ਕਿਉਂ ਹੈ ? ਕਿਉਂਕਿ ਮਸੀਹ ਦੇ ਦੁਆਰਾ ਇਹਨੂੰ ਛੁਡਾਇਆ ਗਿਆ, ਪ੍ਰੰਤੂ ਉਹ ਹਾਲੇ ਛੁਡਾਉਣ ਵਾਲੇ ਸਾਕ ਦਾ ਕੰਮ ਕਰ ਰਿਹਾ ਹੈ, ਜਦ ਤੱਕ ਕਿ ਉਹ ਆਖਰੀ ( ਨਾਮ ) ਜੋ ਉਸ ਪੋਥੀ ਵਿੱਚ ਹੈ ਉਸਨੂੰ ਛੁਡਾ ਨਹੀਂ ਲੈਂਦਾ ਹੈ, ਜਿਹੜਾ ਕਿ ਪਹਿਲਾਂ ਹੀ ਕਬੂਲ ਕਰ ਲਿਆ ਗਿਆ ਹੈ ਤੇ ਉਸਦੇ ਉੱਤੇ ਮੋਹਰ ਲਾ ਦਿੱਤੀ ਗਈ ਹੈ। ਕੀ ਤੁਹਾਨੂੰ ਇਸਦੀ ਸਮਝ ਲੱਗ ਗਈ ਹੈ ? [ ਸੰਗਤ ਕਹਿੰਦੀ ਹੈ, "ਆਮੀਨ"- ਸੰਪਾ]

133 ਤਦ ਉਹ ਆਪਣੇ ਪਿਤਾ ਦੇ ਸਿੰਘਾਸਣ ਤੋਂ ਆਪਣੇ ਸਿੰਘਾਸਣ ਤੇ ਆਉਂਦਾ ਹੈ, ਅਗਾਂਹ ਵਧਦਾ ਹੈ, ਅਤੇ ਪ੍ਰਮੇਸ਼ੁਰ ਦੇ ਹੱਥ ਵਿੱਚੋਂ, ਉਸ ਕੋਲੋਂ ਜੋ ਸਿੰਘਾਸਣ ਤੇ ਬੈਠਾ ਹੈ ਪੋਥੀ ਲੈ ਲੈਂਦਾ ਹੈ, ਅਤੇ ਆਪਣੇ ਅਧਿਕਾਰ ਦਾ ਦਾਅਵਾ ਕਰਦਾ ਹੈ।ਪਹਿਲੀ ਗੱਲ ਜੋ ਉਹ ਕਰਦਾ ਹੈ ਉਹ ਆਪਣੀ ਦੁਲਹਨ ਨੂੰ ਬੁਲਾਉਂਦਾ ਹੈ।ਆਮੀਨ !ਇਸ ਤੋਂ ਬਾਦ ਉਹ ਕੀ ਕਰਦਾ ਹੈ ?ਉਹ ਆਪਣੇ ਵਿਰੋਧੀ ਸ਼ੈਤਾਨ ਨੂੰ ਲੈਂਦਾ ਹੈ ਅਤੇ ਉਸਨੂੰ ਬੰਨ੍ਹ ਦਿੰਦਾ ਹੈ, ਅਤੇ ਉਸਨੂੰ ਉਹਨਾਂ ਸਭਨਾਂ ਦੇ ਨਾਲ ਜਿਹੜੇ ਉਸਦੇ ਪੈਰੋਕਾਰ ਸਨ ਅੱਗ ਵਿੱਚ ਸੁੱਟ ਦਿੰਦਾ ਹੈ।

134 ਹੁਣ ਯਾਦ ਰੱਖੋ ਕਿ ਮਸੀਹ ਵਿਰੋਧੀ ਰੂਸ ਨਹੀਂ ਹੈ।ਨਹੀਂ ਜੀ। ਮਸੀਹ ਵਿਰੋਧੀ ਤਾਂ ਇੱਕ ਨਰਮ ਵਿਅਕਤੀ ਹੈ। ਤੁਸੀਂ ਧਿਆਨ ਦਿਓ ਕਿ ਕਿੰਨਾ ਨਮਰ ਹੈ। ਹੁਣ, ਉਹ ਬਹੁਤ ਹੀ ਤੇਜ਼ ਹੈ। ਜੀ ਹਾਂ, ਸ਼੍ਰੀ ਮਾਨ। ਬਸ ਤੁਸੀਂ ਪਵਿੱਤਰ ਆਤਮਾ ਲੈ ਲਓ ; ਇਹ ਹੀ ਹੈ ਜੋ ਉਸਨੂੰ ਹਰਾ ਸੱਕਦਾ ਹੈ।

135 ਧਿਆਨ ਦਿਓ, ਤੁਰ੍ਹੀਆਂ ਦਾ ਅਰਥ ਹੈ ਰਾਜਨਿਤਕ ਗੜਬੜ, ਲੜਾਈਆਂ। ਮੱਤੀ 24 ਵਿੱਚ ਯਿਸੂ ਨੇ ਇਸਦੇ ਬਾਰੇ ਵਿੱਚ ਬੋਲਿਆ ਹੈ। ਉਸਨੇ ਆਖਿਆ, " ਤੁਸੀਂ ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ ਸੁਣੋਗੇ, ਵੇਖੋ, ਸੱਭ ਜਗ੍ਹਾ ਤੁਸੀਂ ਇਹਨਾਂ ਦੇ ਬਾਰੇ ਵਿੱਚ ਹੀ ਸੁਣੋਗੇ। " ਤੁਹਾਨੂੰ



*ਅਰ ਮੈਂ ਅਕਾਸ਼ ਨੂੰ ਖੁੱਲ੍ਹਿਆ ਹੋਇਆ ਵੇਖਿਆ ਤਾਂ ਕਿ ਵੇਖਦਾ ਹਾਂ ਭਈ ਇੱਕ ਨੁਕਰਾ ਘ ੋੜਾ ਹੈ ਅਤੇ ਉਸਦਾ ਸਵਾਰ "ਵਫਾਦਾਰ " ਅਤੇ "ਸੱਚਾ " ਸਦਾਉਂਦਾ ਹੈ ਅਤੇ ਉਹ ਧਰਮ ਨਾਲ ਨਿਆਉਂ ਅਤੇ ਯੁੱਧ ਕਰਦਾ ਹੈ।* ( ਧਰਤੀ ਉੱਤੇ ਨਹੀਂ, ਪਰ ਆਕਾਸ਼ ਵਿੱਚ ਵੇਖਿਆ)

*ਉਹ ਦੀਆਂ ਅੱਖੀਆਂ ਅਗਨੀ ਦੀ ਲਾਟ ਹਨ ਅਤੇ ਉਹਦੇ ਸਿਰ ਉੱਤੇ ਬਹੁਤ ਸਾਰੇ ਮੁਕਟ ਹਨ* (ਉਸ ਸ਼ਾਹੀ ਤਾਜ਼ ਵੱਲ ਵੇਖੋ) *ਅਤੇ ਉਹਦਾ ਇੱਕ ਨਾਮ ਲਿਖਿਆ ਹੋਇਆ ਹੈ ਜਿਹਨੂੰ ਉਹਦੇ ਬਿਨਾਂ ਹੋਰ ਕੋਈ ਨਹੀਂ ਜਾਣਦਾ।*

274 ਮੈਂ ਚਾਹੁੰਦਾ ਹਾਂ ਕਿ ਇਸ ਵਿਸ਼ੇ ਦੇ ਉੱਤੇ ਮੈਂ ਕੁਝ ਦੇਰ ਰੁਕਾਂ। [ਭਾਈ ਬ੍ਰਾਨਹਾਮ ਇੱਕ ਵਾਰ ਪੁਲਪਿਟ ਖੜਕਾਉਂਦੇ ਹਨ, ਅਤੇ ਰੁਕ ਜਾਂਦੇ ਹਨ-ਸੰਪਾ] ਹੇ ਮੇਰੇ, ਪ੍ਰਭੂ!ਮੈਨੂੰ ਇੱਕ ਵਧੀਆ ਵਿਚਾਰ ਮਿਲਿਆ ਹੈ, ਪ੍ਰੰਤੂ ....... ਹੋ ਸੱਕਦਾ ਹੈ ਕਿ ਮੈਂ ਇਸਦੇ ਉੱਤੇ ਥੋੜੀ ਦੇਰ ਠਹਿਰਾਂ, ਜੇ ਤੁਸੀਂ ....... [ਸੰਗਤ ਆਖਦੀ ਹੈ, "ਜਾਰੀ ਰੱਖੋ !"]

275 ਵੇਖੋ, ਕੋਈ ਵੀ ਇਹਨੂੰ ਨਹੀਂ ਜਾਣਦਾ। ਕੀ ਤੁਹਾਨੂੰ ਕਦੇ ਪਤਾ ਹੈ ਕਿ "ਯਹੋਵਾਹ " ਦਾ ਨਾਮ ਠੀਕ ਨਹੀਂ ਹੈ ? ਹਰ ਇੱਕ ਇਹ ਜਾਣਦਾ ਹੈ। ਡਾਕਟਰ ਵਿਏਲ, ਤੁਸੀਂ ਜਾਣਦੇ ਹੋ ਕਿ ਇਹ ਸੱਚ ਹੈ।ਤਰਜਮਾ ਕਰਨ ਵਾਲੇ ਇਸਦਾ ਕਦੇ ਵੀ ਤਰਜਮਾ ਨਹੀਂ ਕਰ ਸਕੇ। ਇਸਦਾ ਉਚਾਰਨ ਤਾਂ ਇੰਝ ਹੈ, ਯ-ਹ-ਵ-ਹ, ( J-U-H-V…J-V-H-U) ਮੇਰਾ ਮਤਲਬ ਹੈ। ਇਹ "ਯਹੋਵਾਹ " ਨਹੀਂ ਹੈ। ਉਹ ਇਸਨੂੰ ਛੂਹ ਨਹੀਂ ਸਕੇ।ਉਹ ਨਹੀਂ ਜਾਣਦੇ ਕਿ ਇਹ ਕੀ ਹੈ। ਉਹਨਾਂ ਨੇ ਇਸਨੂੰ ਯਹੋਵਾਹ ਆਖਿਆ, ਪਰ ਇਹ ਉਹਦਾ ਨਾਮ ਨਹੀਂ ਸੀ।

276 ਧਿਆਨ ਦਿਓ, ਹਰ ਵਾਰ ਜਦ ਜਿੱਤ ਜਿੱਤੀ ਜਾਂਦੀ ਹੈ ਨਾਮ ਬਦਲ ਜਾਂਦਾ ਹੈ।

277 ਅਬਰਾਹਾਮ ਦੇ ਦਿਨਾਂ ਵੱਲ ਵੇਖੋ। ਉਹ ਪਹਿਲਾਂ ਅਬਰਾਮ ਸੀ, ਉਹਦੇ ਤਦ ਤੱਕ ਕੋਈ ਬੱਚਾ ਨਾ ਹੋਇਆ ਜਦ ਤੱਕ ਉਸਦਾ ਨਾਮ ਅਬਰਾਹਾਮ ਨਾ ਬਦਲ ਦਿੱਤਾ ਗਿਆ। ਅਤੇ ਸਾ-ਰ-ਈ ਦੇ ਕੋਲ ਵੀ ਮੋਈ ਹੋਈ ਕੁੱਖ ਦੇ ਇਲਾਵਾ ਕੁਝ ਨਾ ਹੁੰਦਾ ਜਦ ਤੱਕ ਕਿ ਉਹਦਾ ਨਾਮ ਸਾ-ਰਾ-ਹ ਵਿੱਚ ਬਦਲ ਨਾ ਦਿੱਤਾ ਗਿਆ ਹੁੰਦਾ।

278 ਯਕੂਬ ਦਾ ਅਰਥ, " ਧੋਖੇਬਾਜ਼" ਹੁੰਦਾ ਹੈ, ਅਤੇ ਇਹੋ ਕੁਝ ਹੀ ਉਸਨੇ ਕੀਤਾ। ਉਸਨੇ ਆਪਣੇ ਉੱਤੇ ਭੇਡ ਦੀ ਖੱਲ ਪਾ ਲਈ ਅਤੇ ਆਪਣੇ ਨਬੀ ਪਿਤਾ ਨੂੰ ਧੋਖਾ ਦਿੱਤਾ, ਤਾਂ ਕਿ ਜਨਮ ਸਿੱਧ ਹੱਕ ਪ੍ਰਾਪਤ ਕਰ ਸਕੇ। ਉਹਨੇ ਪਪੂਲਰ ਦੀਆਂ ਛਿਟੀਆਂ ਲੈ ਕੇ ਤੇ ਉਹਨਾਂ ਦੇ ਉੱਤੇ ਧਾਰੀਆਂ ਪਾਈਆਂ ਅਤੇ ਉਹਨਾਂ ਨੂੰ ਪਾਣੀ ਵਿੱਚ ਖੜੀਆਂ ਕਰ ਦਿੱਤਾ, ਤਾਂ ਕਿ ਉਹਨਾਂ ਗਰਭ ਧਾਰੀਆਂ ਹੋਈਆਂ ਭੇਡਾਂ ਅਤੇ ਪਸ਼ੂਆਂ ਨੂੰ ਡੱਬੇ ਅਤੇ ਚਿਤਲੇ ਬਣਾਵੇ, ਹੋਰ ਕੁਝ ਨਹੀਂ ਬਸ ਇੱਕ ਧੋਖੇਬਾਜ਼!

279 ਪਰ ਇੱਕ ਰਾਤ ਉਸਨੂੰ ਕੁਝ ਅਸਲੀ ਚੀਜ਼ ਮਿਲ ਗਈ ਅਤੇ ਉਹ ਜਾਣਦਾ ਸੀ ਕਿ ਇਹ ਸੱਚ ਹੈ।ਅਤੇ ਉਹ ਇਸ ਅਸਲੀ ਚੀਜ਼ ਦੇ ਨਾਲ ਟਿਕਿਆ ਰਿਹਾ, ਤੇ ਉਹਨੇ ਇਸਨੂੰ ਇੰਨੀ ਦੇਰ ਤੱਕ ਫੜੀ ਰੱਖਿਆ ਜਦ ਤੱਕ ਕਿ ਉਸਨੇ ਜਿੱਤ ਪ੍ਰਾਪਤ ਨਾ ਕਰ ਲਈ।ਅਤੇ ਉਹਦਾ ਨਾਮ ਬਦਲ ਦਿੱਤਾ ਗਿਆ ਅਤੇ ਉਸਨੂੰ ਇਸਰਾਈਲ ਆਖਿਆ ਗਿਆ, ਜਿਹਦਾ ਅਰਥ ਹੈ, " ਪ੍ਰਮੇਸ਼ੁਰ ਦੇ ਸਨਮੁੱਖ ਸਮਰਥੀ ਰਾਜ ਕੁਮਾਰ।"

ਸਿਖਾਉਣ ਵਾਲਿਆਂ ਨੇ ਸੋਚਿਆ ਸੀ ਕਿ ਇਹ ਪਵਿੱਤਰ ਆਤਮਾ ਸੀ ਜੋ ਪਹਿਲੇ ਯੁੱਗ ਵਿੱਚ ਜਿੱਤ ਪ੍ਰਾਪਤ ਕਰ ਰਿਹਾ ਸੀ ; ਪ੍ਰੰਤੂ ਪਵਿੱਤਰ ਆਤਮਾ ਦੇ ਦੁਆਰਾ ਮੇਰਾ ਪ੍ਰਕਾਸ਼ ਇਸ ਤਰ੍ਹਾਂ ਨਹੀਂ ਹੈ।

268 ਪਵਿੱਤਰ ਆਤਮਾ ਦੇ ਦੁਆਰਾ ਮੇਰਾ ਪ੍ਰਕਾਸ਼ ਇਹ ਹੈ ਕਿ : ਮਸੀਹ ਅਤੇ ਪਵਿੱਤਰ ਆਤਮਾ ਇੱਕ ਹੀ ਵਿਅਕਤੀ ਹੈ, ਸਿਰਫ ਰੂਪ ਵੱਖਰਾ ਹੈ।ਇਸ ਲਈ *ਇੱਥੇ* ਮਸੀਹ ਇੱਕ ਲੇਲੇ ਦੇ ਰੂਪ ਵਿੱਚ ਖੜਾ ਹੈ। ਅਸੀਂ ਜਾਣਦੇ ਹਾਂ ਕਿ ਉਹ ਲੇਲਾ ਹੈ। ਅਤੇ *ਇੱਥੇ* ਉਹ ਆਪਣੇ ਹੱਥ ਵਿੱਚ ਪੋਥੀ ਲੈ ਕੇ ਖੜਾ ਸੀ ; ਅਤੇ *ਉੱਧਰੋਂ* ਚਿੱਟੇ ਘੋੜੇ ਦਾ ਸਵਾਰ ਨਿੱਕਲਦਾ ਹੈ, ਇਸ ਲਈ ਉਹ ਪਵਿੱਤਰ ਆਤਮਾ ਨਹੀਂ ਸੀ।

269 ਹੁਣ, ਇਹ ਅੰਤ ਦੇ ਭੇਤਾਂ ਵਿੱਚੋਂ ਇੱਕ ਹੈ ਕਿ ਉਹ ਮਸੀਹ ਇੱਕ ਵਿੱਚ ਤਿੰਨ ਮਨੁੱਖ ਕਿਸ ਤਰ੍ਹਾਂ ਹੋ ਸੱਕਦਾ ਹੈ।ਪਿਤਾ, ਪੁੱਤਰ, ਪਵਿੱਤਰ ਆਤਮਾ ਤਿੰਨ ਅਲੱਗ-ਅਲੱਗ ਮਨੁੱਖ ਨਹੀਂ ਹਨ, ਜਿਵੇਂ ਕਿ ਤਸਲੀਸ ਨੂੰ ਮੰਨਣ ਵਾਲੇ ਸਾਨੂੰ ਦੱਸਦੇ ਹਨ ਕਿ ਉਹ ਤਿੰਨ ਪ੍ਰਮੇਸ਼ੁਰ ਹਨ। ਇਹ ਤਾਂ ਇੱਕ ਹੀ ਵਿਅਕਤੀ ਦੇ ਤਿੰਨ ਪ੍ਰਗਟੀਕਰਨ ਹਨ।ਜਾਂ ਤੁਸੀਂ ਇਸਨੂੰ ਇੱਕ ਹੀ ਵਿਅਕਤੀ ਦੇ ਤਿੰਨ ਅਹੁਦੇ ਕਹਿ ਸੱਕਦੇ ਹੋ।ਜੇ ਤੁਸੀਂ ਸੇਵਾਦਾਰਾਂ ਦੇ ਨਾਲ ਗੱਲ ਬਾਤ ਕਰ ਰਹੇ ਹੋਵੋ, ਤਾਂ ਤੁਸੀਂ ਅਹੁਦਿਆਂ ਦਾ ਪ੍ਰਯੋਗ ਨਹੀਂ ਕਰੋਗੇ, ਕਿਉਂਕਿ ਮੈਂ ਸੋਚਦਾ ਹਾਂ ਕਿ ਮੈਂ ਠੀਕ ਇਸ ਸਮੇਂ ਟੇਪਾਂ ਲਈ ਵੀ ਬੋਲ ਰਿਹਾਂ ਹਾਂ। ਇਸ ਲਈ ਮੈਂ ਤੁਹਾਨੂੰ ਦੱਸਾਂਗਾ ...........ਅਸਲ ਵਿੱਚ ਯਿਸੂ ਨੇ ਇਸ ਤਰ੍ਹਾਂ ਨਹੀਂ ਕਿਹਾ ਸੀ, " ਮੈਂ ਆਪਣੇ ਅਹੁਦੇ ਅੱਗੇ ਦੁਆ ਕਰਾਂਗਾ ; ਉਹ ਤੁਹਾਡੇ ਲਈ ਇੱਕ ਹੋਰ ਅਹੁਦਾ ਭੇਜੇਗਾ।" ਤੁਸੀਂ ਇਸਨੂੰ ਜਾਣਦੇ ਹੋ। ਪ੍ਰੰਤੂ ਜੇ ਤੁਸੀਂ ਇਸਨੂੰ ਜਾਣਨਾ ਚਾਹੁੰਦੇ ਹੋ .......ਇਹ ਇੱਕ ਹੀ ਪ੍ਰਮੇਸ਼ੁਰ ਦੇ ਤਿੰਨ ਗੁਣ ਜਾਂ ਖਿਤਾਬ ਹਨ। ਸਮਝੇ ? ਇਹ ਤਿੰਨ ਪ੍ਰਮੇਸ਼ੁਰ ਨਹੀਂ ਹਨ।ਪ੍ਰੰਤੂ ਇੱਕ ਹੀ ਪ੍ਰਮੇਸ਼ੁਰ ਦੇ ਤਿੰਨ ਅਹੁਦੇ ਹਨ। ਸਮਝੇ ?

270 ਅਤੇ ਇਸ ਲਈ ਕਿਵੇਂ ਮਸੀਹ *ਉੱਥੇ* ਬਾਹਰ ਨਿੱਕਲ ਕੇ ਤੇ ਚਿੱਟੇ ਘੋੜੇ ਦੇ ਉੱਤੇ ਸਵਾਰ ਹੋ ਕੇ ਜਿੱਤ ਪਾ ਰਿਹਾ ਸੀ, ਅਤੇ *ਇੱਥੇ* ਪੋਥੀ ਦੇ ਨਾਲ ਵੀ ਖੜਾ ਹੈ ? ਉਹ ਮਸੀਹ ਨਹੀਂ ਹੈ। ਉਹ ਮਸੀਹ ਨਹੀਂ ਹੈ।

271 ਹੁਣ ਧਿਆਨ ਦਿਓ, ਹੁਣ ਪਵਿੱਤਰ ਆਤਮਾ ( ਪ੍ਰਕਾਸ਼ ਵਿੱਚ ) ਅਤੇ ਮਸੀਹ ਇੱਕ ਹੈ, ਪਵਿੱਤਰ ਆਤਮਾ ਮਸੀਹ ਦਾ ਇੱਕ ਦੂਸਰਾ ਰੂਪ ਹੈ। ਠੀਕ ਹੈ।

272 ਧਿਆਨ ਦਿਓ ਕਿ ਇਹ ਲੇਲਾ ਹੈ ਜਿਹੜਾ ਪੋਥੀ ਨੂੰ ਖੋਲ੍ਹਦਾ ਹੈ, ਅਤੇ ਲੇਲਾ ਮਸੀਹ ਹੈ। ਅਤੇ ਇਸ ਤੋਂ ਬਾਦ ਮਸੀਹ ਫਿਰ ਦਿਖਾਈ ਨਹੀਂ ਦਿੰਦਾ ਹੈ, ਪ੍ਰੰਤੂ ਉਹ ਪਰਕਾਸ਼ ਦੀ ਪੋਥੀ ਦੇ 19 ਬਾਬ ਵਿੱਚ ਚਿੱਟੇ ਘੋੜੇ ਤੇ ਆਉਂਦਾ ਹੋਇਆ ਵਿਖਾਈ ਦਿੰਦਾ ਹੈ।

273 ਜੇ ਤੁਸੀਂ ਇਸਨੂੰ ਪੜ੍ਹਨਾ ਚਾਹੁੰਦੇ ਹੋ ਤਾਂ ਪ੍ਰਕਾਸ਼ ਪੋਥੀ 19:11 ਨੂੰ ਕੱਢੋ, ਸੋਲਾਂ- ......ਅਤੇ ਹੁਣ ਇਸਨੂੰ ਜਲਦੀ ਨਾਲ ਪੜ੍ਹੋ, ਮੈਂ ਉਮੀਦ ਕਰਦਾ ਹਾਂ ਕਿ ਸਾਡੇ ਕੋਲ ਲੋੜੀਂਦਾ ਸਮਾਂ ਹੈ, ਅਤੇ ਇਹ ਇਸਨੂੰ ਸਮਝਾਉਣ ਲਈ ਠੀਕ ਰਹੇਗਾ। ਆਓ ਅਸੀਂ ਪ੍ਰਕਾਸ਼ ਦੀ ਪੋਥੀ 19:11 ਤੋਂ ਪੜ੍ਹਨਾ ਸ਼ੁਰੂ ਕਰਕੇ 16 ਆਇਤ ਤੱਕ ਪੜ੍ਹੀਏ।



ਯਾਦ ਹੈ ...... ਯਿਸੂ ਇਹ ਬੋਲ ਰਿਹਾ ਹੈ, " ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ, ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ, ਇਸੇ ਤਰ੍ਹਾਂ ਅੰਤ ਤੱਕ।ਹੁਣ, ਇਹ ਤੁਰ੍ਹੀਆਂ ਦਾ ਵੱਜਣਾ ਹੈ।

136 ਹੁਣ ਜਦ ਅਸੀਂ ਤੁਰ੍ਹੀਆਂ ਨੂੰ ਲੈਂਦੇ ਹਾਂ, ਅਸੀਂ ਪਿਛਾਂਹ ਜਾ ਕੇ ਵੇਖਾਂਗੇ, ਅਤੇ ਅਸੀਂ ਉਸ ਹਰ ਇੱਕ ਲੜਾਈ ਨੂੰ ਵੇਖਾਂਗੇ ਅਤੇ ਤੁਹਾਨੂੰ ਵਿਖਾਵਾਂਗੇ, ਕਿ ਉਹ ਉਹਨਾਂ ਕਲੀਸਯਾਈ ਯੁੱਗਾਂ ਦੇ ਬਾਦ ਹੋਈਆਂ ਹਨ। " ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ। " ਪ੍ਰੰਤੂ ਤੁਰ੍ਹੀ ਇੱਕ ਰਾਜਨੀਤਕ ਗੜਬੜ ਨੂੰ ਦਰਸਾਉਂਦੀ ਹੈ।

137 ਜਦ ਕਿ ਮੋਹਰਾਂ ਧਾਰਮਿਕ ਗੜਬੜ ਨਾਲ ਸਬੰਧ ਰੱਖਦੀਆਂ ਹਨ। ਸਮਝੇ ? ਇੱਕ ਮੋਹਰ ਖੁੱਲ੍ਹਦੀ ਹੈ ਅਤੇ ਇੱਕ ਸੰਦੇਸ਼ ਆਉਂਦਾ ਹੈ। ਅਤੇ ਇਸ ਤੋਂ ਬਾਦ ਕਲੀਸਿਯਾ ਹਮੇਸ਼ਾਂ ਹੀ ਆਪਣੇ ਰਾਜਨਿਤਕ ਤੋਰ ਤਰੀਕਿਆਂ ਵਿੱਚ ਏਨੀ ਰਚ ਮਿਚ ਜਾਂਦੀ ਹੈ, ਅਤੇ ਉਸ ਵਿੱਚ ਹਰੇਕ ਤਰ੍ਹਾਂ ਦੇ ਰੁਤਬੇ ਥਾਂ ਲੈ ਲੈਂਦੇ ਹਨ। ਅਤੇ ਜਦ ਕੋਈ ਸੱਚਾ ਸੰਦੇਸ਼ ਆਉਂਦਾ ਹੈ ਅਰ ਉਹ ਸੰਦੇਸ਼ਵਾਹਕ ਅੱਗੇ ਵੱਧਦਾ ਹੈ, ਅਤੇ ਉਹ ਉਹਨਾਂ ਨੂੰ ਹਿਲਾ ਕੇ ਰੱਖ ਦਿੰਦਾਹੈ। ਇਹ ਸੱਚ ਗੱਲ ਹੈ। ਜਦ ਕੋਈ ਮੋਹਰ ਖੁੱਲ੍ਹਦੀ ਹੈ ਤਾਂ ਧਾਰਮਿਕ ਉਥਲ-ਪੁਥਲ ਅਰਥਾਤ ਗੜਬੜ ਹੁੰਦੀ ਹੈ। ਇਹ ਹੀ ਹੁੰਦਾ ਹੈ ਜਦ ਮੋਹਰ ਖੁੱਲ੍ਹਦੀ ਹੈ। ਜੀ ਹਾਂ। ਹਾਂ ਜੀ।

138 ਉਹ ਸਭ ਸਿਯੋਨ ਵਿੱਚ ਅਰਾਮ ਪਾਉਂਦੇ ਹਨ। ਜਦ ਕੋਈ ਕਲੀਸਿਯਾ ਸਥਾਪਿਤ ਹੋ ਜਾਂਦੀ ਹੈ ਤਾਂ ਉਸਦੇ ਲੋਕ ਕਹਿੰਦੇ ਹਨ, "ਅਸੀਂ ਸੱਭ ਕੁਝ ਕਰ ਲਿਆ ਹੈ।" ਜਿਵੇਂ ਕਿ ਚਰਚ ਆੱਫ ਇੰਗਲੈਂਡ, ਇਹ ਸੱਭ ਸੰਸਥਾ ਵਿੱਚ ਬੱਝ ਗਏ। ਜਿਵੇਂ ਕੈਥੋਲਿਕ ਕਲੀਸਿਯਾ ਵਿੱਚ ਹੋਇਆ, ਉਹ ਸੱਭ ਵੀ ਜੱਥੇਬੰਦੀ ਬਣ ਗਏ, ਅਤੇ ਫਿਰ ਲੂਥਰ ਆਇਆ। ਤਦ ਇੱਕ ਧਾਰਮਿਕ ਗੜਬੜ ਹੋਈ ਸੀ। ਜੀ ਹਾਂ, ਸ਼੍ਰੀ ਮਾਨ !ਬਿਲਕੁੱਲ ਇਸੇ ਤਰ੍ਹਾਂ ਹੀ ਹੋਇਆ ਸੀ। ਇਸ ਤੋਂ ਬਾਦ ਜਵਿੰਗਲੀ ਦੁਆਰਾ ਕਲੀਸਿਯਾ ਬਾਹਰ ਆਈ ਅਤੇ ਜਵਿੰਗਲੀ ਤੋਂ ਲੈ ਕੇ ਕੈਲਵਿਨ ਤੱਕ ਕਈ ਕਲੀਸਿਯਾਵਾਂ ਨਿੱਕਲ ਕੇ ਬਾਹਰ ਆਈਆਂ। ਅਤੇ ਕੁਝ ਚਿਰ ਬਾਦ ਐਂਗਲੀਕਨ ਕਲੀਸਿਯਾ ਸਥਾਪਿਤ ਹੋਈ, ਉਸ ਵੇਲੇ ਸੱਭ ਕੁਝ ਅਰਾਮ ਦਾਇਕ ਹਾਲਤ ਵਿੱਚ ਸੀ। ਅਤੇ ਫਿਰ ਜਦ ਵੈਜ਼ਲੀ ਆਇਆ ਤਾਂ ਧਾਰਮਿਕ ਗੜਬੜ ਹੋਈ। ਇਹ ਸਹੀ ਗੱਲ ਹੈ। ਵੇਖੋ, ਇਹ ਹਮੇਸ਼ਾਂ ਹੀ ਇੱਕ ਧਾਰਮਿਕ ਗੜਬੜ ਨੂੰ ਦਰਸਾਉਂਦਾ ਹੈ।

139 ਆਓ, ਹੁਣ ਮੋਹਰ ਵੇਖੀਏ। ਆਓ ਹੁਣ ਅਸੀਂ ਇਸਨੂੰ ਥੋੜਾ ਜਿਹਾ ਪੜ੍ਹਦੇ ਹਾਂ। ਮੈਂ ਚਾਹੁੰਦਾ ਹਾਂ -ਮੈਂ ਪਹਿਲੀ ਮੋਹਰ ਤੇ ਬੋਲਣਾ ਚਹੁੰਦਾ ਹਾਂ। ਮੈਂ ਇਸਨੂੰ ਲਵਾਂਗਾ ..............

*ਅਤੇ ਮੈਂ ਵੇਖਿਆ ਕਿ ਜਦ ਲੇਲੇ ਨੇ ਓਹਨਾਂ ਸੱਤਾਂ ਮੋਹਰਾਂ ਵਿੱਚੋਂ ਇੱਕ ਨੂੰ ਤੋੜਿਆ,* ( ਕੀ ਹੋਇਆ?) *ਤਾਂ ਮੈਂ ਬੱਦਲ ਦੀ ਗਰਜ ਜਿਹੀ ਅਵਾਜ਼ ਸੁਣੀ .......*

140 ਓਹ, ਮੈਂ ਕਿੰਨਾ ਚਾਹੁੰਦਾ ਹਾਂ ਕਿ ਮੈਂ ਕੁਝ ਮਿੰਟਾਂ ਲਈ ਇਸੇ ਤੇ ਰੁਕਿਆ ਰਹਾਂ !ਅਤੇ ਹੁਣ ਮੈਂ ਉਮੀਦ ਕਰਦਾ ਹਾਂ ਕਿ ਉਹ ਸੱਭ ਲੋਕ ਜੋ ਇਹਨਾਂ ਗੱਲਾਂ ਦੇ ਬਾਰੇ ਜਾਣਦੇ ਹਨ ਅਤੇ ਪ੍ਰਭੂ ਦੀ ਤਸੱਲੀ ਦੇ ਦਿਲਾਸੇ ਲਈ ਉਡੀਕ ਕਰ ਰਹੇ ਹਨ, ਧਿਆਨ ਦੇ ਨਾਲ ਇਸਦਾ ਅਧਿਐਨ ਕਰਨਗੇ; ਅਤੇ ਤੁਸੀਂ ਜਿਹੜੇ ਇਹਨਾਂ ਟੇਪਾਂ ਨੂੰ ਸੁਣਦੇ ਹੋ ਤੁਸੀਂ ਵੀ ਇਸ ਤੇ ਵਿਚਾਰ ਕਰੋਗੇ।

141 ਜਦ ਲੇਲੇ ਨੇ ਉਸ ਪਹਿਲੀ ਮੋਹਰ ਨੂੰ ਖੋਲ੍ਹਿਆ ਜੋ ਪਹਿਲੀ ਗੱਲ ਹੁੰਦੀ ਹੈ ਉਹ ਇਹ ਹੈ ਕਿ ਇੱਕ ਗਰਜ ਦੀ ਅਵਾਜ਼ ਹੁੰਦੀ ਹੈ। ਹੁਣ, ਇਸਦਾ ਕੋਈ ਚਿੰਨ੍ਹ ਜਾਂ ਅਰਥ ਹੈ। ਇਸਦਾ ਹੈ ..........ਇਸਦਾ ਕੋਈ ਮਤਲਬ ਹੈ। ਇਸਦਾ ਇੱਕ ਅਰਥ ਹੈ। ਇਸਦਾ ਕੋਈ ਮਤਲਬ ਹੈ। ਬਿਨਾਂ ਮਤਲਬ ਦੇ ਕੁਝ ਵੀ ਨਹੀਂ ਹੁੰਦਾ ਹੈ। ਠੀਕ ਹੈ, ਇੱਕ ਗਰਜ਼, ਇੱਕ ਗਰਜ਼ ਦੀ ਅਵਾਜ਼ ਹੋਈ। ਹੈਰਾਨੀ ਇਹ ਹੈ ਕਿ ਉਹ ਗਰਜ਼ ਕੀ ਸੀ ?

142 ਆਓ ਹੁਣ ਥੋੜਾ ਜਿਹਾ ਹੋਰ ਪੜ੍ਹੀਏ। ਆਓ ਮੱਤੀ ਵੱਲ ਚੱਲੀਏ ...... ਨਹੀਂ ਆਓ ਅਸੀਂ ਪਹਿਲਾਂ ਯੂਹੰਨਾ ਦੀ ਕਿਤਾਬ ਕੱਢੀਏ। ਸੰਤ ਯੂਹੰਨਾ 12 ਬਾਬ ਅਤੇ ਇਸਨੂੰ ਇੱਕ ਪਲ ਲਈ ਵੇਖੋ। ਆਓ ਹੁਣ ਯੂਹੰਨਾ 12 : 23 ਨੂੰ ਪੜ੍ਹੀਏ। ਹੁਣ ਤੁਸੀਂ ਇਸਨੂੰ ਬਹੁਤ ਹੀ ਧਿਆਨ ਨਾਲ ਸੁਣੋ, ਫਿਰ ਤੁਹਾਨੂੰ ਹੈਰਾਨ ਹੋਣ ਦੀ ਕੋਈ ਲੋੜ ਨਹੀਂ ਹੋਵੇਗੀ ਕਿ ਇਹ ਕੀ ਸੀ।

*....... ਯਿਸੂ ਨੇ ਉਹਨਾਂ ਨੂੰ ਉੱਤਰ ਦਿੱਤਾ, ਵੇਲਾ ਆ ਪੁੱਜਿਆ ਹੈ ਜੋ ਮਨੁੱਖ ਦੇ ਪੁੱਤਰ ਦੀ ਵਡਿਆਈ ਕੀਤੀ ਜਾਵੇ।*

143 ਵੇਖੋ, ਉੱਥੇ ਤੁਸੀਂ ਇੱਕ ਯੁੱਗ ਦੇ ਖਾਤਮੇ ਤੇ ਹੋ। ਉਸਦੀ ਸੇਵਕਾਈ ਸਮਾਪਤ ਹੋ ਰਹੀ ਹੈ। ਸਮਝੇ ? " ਉਹ ਵੇਲਾ ਆ ਗਿਆ ਹੈ ਕਿ ਮਨੁੱਖ ਦਾ ਪੁੱਤਰ ਵਡਿਆਈ ਪਾਵੇ। "

144 ਇਹਦੇ ਬਾਰੇ ਕੀ ਵਿਚਾਰ ਹੈ, " ਵੇਲਾ ਆ ਗਿਆ ਹੈ ਜਦ ਕਿ ਉਸਦੀ ਦੁਲਹਨ ਉੱਪਰ ਉਠਾਈ ਜਾਵੇ "? ਕੀ ? ਉਹ ਸਮਾਂ ਆ ਗਿਆ ਹੈ ਜਦ, " ਸਮਾਂ ਹੋਰ ਨਹੀਂ ਹੋਵੇਗਾ। " ਉਹ ਮਹਾਂ ਬਲੀ ਦੂਤ ਜਿਹਦੇ ਸਿਰ ਉੱਤੇ ਮੇਘ ਧਨੁੱਖ ਹੈ, ਆਪਣਾ ਇੱਕ ਪੈਰ ਧਰਤੀ ਤੇ ਅਤੇ ਦੂਸਰਾ ਪੈਰ ਸਮੁੰਦਰ ਤੇ ਰੱਖਣ ਲਈ ਤਿਆਰ ਹੈ, ਅਤੇ ਫਿਰ ਉਹ ਕਹਿੰਦਾ ਹੈ, " ਸਮਾਂ ਬੀਤ ਗਿਆ ਹੈ।" ਅਤੇ ਇਸ ਤੋਂ ਇਲਾਵਾ ਉਸਨੇ ਆਪਣਾ ਸੱਜਾ ਹੱਥ ਉਤਾਂਹ ਚੁੱਕਿਆ ਅਤੇ ਸਹੁੰ ਖਾਧੀ, "ਭਈ ਹੁਣ ਹੋਰ ਚਿਰ ਨਹੀਂ ਲੱਗੇਗਾ ",ਇਹ ਕਿੰਨਾ ਸੰਪੂਰਨ ਹੈ, ਕਲੀਸਿਯਾ ਦੇ ਲਈ ਸਹੁੰ ਖਾਧਾ ਹੋਇਆ ਹਲਫੀਆ ਬਿਆਨ !

*......ਵੇਲਾ ਆ ਪੁੱਜਿਆ ਹੈ ਜੋ ਮਨੁੱਖ ਦੇ ਪੁੱਤਰ ਦੀ ਵਡਿਆਈ ਕੀਤੀ ਜਾਵੇ। ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੇ ਕਣਕ ਦਾ ਦਾਣਾ ਜ਼ਮੀਨ ਵਿੱਚ ਪੈ ਕੇ ਨਾ ਮਰੇ ਤਾਂ ਉਹ ਇੱਕਲਾ ਹੀ ਰਹਿੰਦਾ ਹੈ। ਪਰ ਜੇ ਮਰੇ ਤਾਂ ਬਹੁਤ ਸਾਰਾ ਫਲ ਦਿੰਦਾ ਹੈ।*

*ਜਿਹੜਾ ਆਪਣੀ ਜਾਨ ਨਾਲ ਹਿਤ ਕਰਦਾ ਹੈ ਉਹ ਉਸਨੂੰ ਗੁਆਉਂਦਾ ਹੈ ਅਤੇ ਜਿਹੜਾ ਇਸ ਜਗਤ ਵਿੱਚ ਆਪਣੀ ਜਾਨ ਨਾਲ ਵੈਰ ਰੱਖਦਾ ਹੈ ਉਹ ਸਦੀਪਕ ਜੀਉਣ ਤਾਈਂ ਉਸਦੀ ਰੱਛਿਆ ਕਰੇਗਾ।*

*ਜੇ ਕੋਈ ਮੇਰੀ ਸੇਵਾ ਕਰੇ ਤਾਂ ਮੇਰੇ ਪਿੱਛੇ ਹੋ ਤੁਰੇ ਅਰ ਜਿੱਥੇ ਮੈਂ ਹਾਂ ਮੇਰਾ ਸੇਵਕ ਵੀ ਉੱਥੇ ਹੋਵੇਗਾ।*

*ਜੇ ਕੋਈ ਮੇਰੀ ਸੇਵਾ ਕਰੇ ਤਾਂ ਪਿਤਾ ਉਸਦਾ ਆਦਰ ਕਰੇਗਾ।*

*ਹੁਣ ਮੇਰਾ ਜੀ ਘਬਰਾਉਂਦਾ ਹੈ .....*



263 ਅਸੀਂ ਜਾਣ ਚੁੱਕੇ ਹਾਂ ਕਿ ਗਰਜ਼ ਦਾ ਮਤਲਬ ਕੀ ਹੁੰਦਾ ਹੈ। ਅਸੀਂ ਪੂਰੀ ਤਰ੍ਹਾਂ ਇਹ ਜਾਣ ਗਏ ਹਾਂ ਕਿ ਗਰਜ਼ ਦਾ ਕੀ ਅਰਥ ਹੈ, ਵੇਖਿਆ।ਮੋਹਰ ਖੁੱਲ੍ਹਣ ਤੇ ਜੋ ਗਰਜ਼ ਹੁੰਦੀ ਹੈ, ਉਹ ਪ੍ਰਮੇਸ਼ੁਰ ਦੀ ਅਵਾਜ਼ ਸੀ।

264 ਹੁਣ, ਚਿੱਟੇ ਜਾਂ ਨੁਕਰੇ ਘੋੜੇ ਦਾ ਅਰਥ ਕੀ ਹੈ ? ਹੁਣ ਇਹ ਉਹ ਹੈ ਜਿੱਥੇ ਪ੍ਰਕਾਸ਼ ਮਿਲਦਾ ਹੈ। ਮੈਂ ਇਸਦੇ ਬਾਰੇ ਵਿੱਚ ਓਨਾ ਹੀ ਦ੍ਰਿੜ ਹਾਂ ਜਿੰਨਾ ਕਿ ਮੇਰਾ ਇੱਥੇ ਖੜਾ ਹੋਣਾ ਹੈ, ਮੈਂ ਜਾਣਦਾ ਹਾਂ ਕਿ ਇਹ ਪ੍ਰਮੇਸ਼ੁਰ ਦਾ ਵਚਨ ਹੈ।

265 ਮੈਂ ਇਸਦੇ ਉੱਤੇ ਲਿਖੀ ਗਈ ਹਰ ਉਸ ਕਿਤਾਬ ਨੂੰ ਪੜ੍ਹਿਆ ਹੈ ਜੋ ਕਿ ਮੈਨੂੰ ਮਿਲ ਸੱਕਦੀ ਸੀ। ਪਿਛਲੀ ਵਾਰ ਲੱਗ-ਭੱਗ ਤੀਹ ਸਾਲ ਪਹਿਲਾਂ ਮੈਂ ਇਸਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਸੀ, ਤਾਂ ਕਿ ਇਹਨੂੰ ਸਿਖਾ ਸਕਾਂ, ਮੈਂ ਕਿਤਾਬ ਲਈ ਸੀ ..........ਕਿਸੇ ਨੇ ਮੈਨੂੰ ਦੱਸਿਆ ਕਿ ਐਡਵੈਨਟਿਸਟਾਂ ( ਸ਼ਨਿੱਚਰ ਮਿਸ਼ਨ) ਨੂੰ ਉਸਦੀ ਦੂਸਰੀ ਆਮਦ ਦੇ ਬਾਰੇ ਵਿੱਚ ਬਾਕੀ ਸਾਰਿਆਂ ਤੋਂ ਵੱਧ ਜਾਣਕਾਰੀ ਹੈ, ਇਸ ਲਈ ਮੈਂ ਉਹਨਾਂ ਦੀਆਂ ਕੁਝ ਸੱਭ ਤੋਂ ਵਧੀਆ ਕਿਤਾਬਾਂ ਨੂੰ ਲਿਆ। ਮੈਂ ਸਮਿਥ ਦੀ ਕਿਤਾਬ ਦਾਨੀਏਲ ਉੱਤੇ, ਅਤੇ ਪ੍ਰਕਾਸ਼ ਦੀ ਪੋਥੀ ਦੇ ਬਾਰੇ ਵਿੱਚ ਲਈ। ਅਤੇ ਉਸਨੇ ਆਖਿਆ ਹੈ ਕਿ ਇਹ ਨੁਕਰਾ ਘੋੜਾ ਜਿਹੜਾ ਨਿੱਕਲਿਆ ਹੈ, ਇਹ ਜਿੱਤ ਪਾਉਣ ਵਾਲੇ ਨੂੰ ਦਰਸਾਉਂਦਾ ਸੀ। ਅਤੇ ਇਸ ਜਿੱਤ ਪਾਉਣ ਵਿੱਚ .......ਜਿਹੜੇ ਇੱਥੇ ਬੈਠੇ ਹਨ, ਅਨੇਕਾਂ ਸ਼ਨਿੱਚਰ ਮਿਸ਼ਨ ਵਾਲੇ ਭਾਈ ਇਸ ਕਿਤਾਬ ਦੇ ਬਾਰੇ ਵਿੱਚ ਜਾਣਦੇ ਹਨ, ਅਤੇ ਤੁਹਾਡੇ ਵਿੱਚੋਂ ਹੋਰ ਵੀ ਉਸ ਕਿਤਾਬ ਨੂੰ ਪੜ੍ਹਨ ਦੇ ਦੁਆਰਾ ਜਾਣਦੇ ਹਨ। ਅਤੇ ਇਸ ਤੋਂ ਇਲਾਵਾ ਮੈਂ ਦੋ ਜਾਂ ਤਿੰਨ ਕਿਤਾਬਾਂ ਹੋਰ ਪੜ੍ਹੀਆਂ ਸਨ। ਮੈਂ ਪੜ੍ਹੀਆਂ ਸਨ ਅਤੇ ਮੈਂ ਕਹਿ ਨਹੀਂ ਸੱਕਦਾ ਹਾਂ ...... ਅਤੇ ਮੈਂ ਦੋ ਹੋਰ ਲੇਖਕਾਂ ਦੀਆਂ ਕਿਤਾਬਾਂ ਪੜ੍ਹੀਆਂ ਸਨ ਅਤੇ ਉਹ ਦੋਨੋਂ ਹੀ ਇਸਦੇ ਨਾਲ ਸਹਿਮਤ ਸਨ ਕਿ ਇਹ ਠੀਕ ਹੈ। [ਭਾਈ ਬ੍ਰਾਨਹਾਮ ਪੰਜ ਵਾਰ ਪੁਲਪਿਟ ਖੜਕਾਉਂਦੇ ਹਨ- ਸੰਪਾ] ਉਹ ਚੋਟੀ ਦੇ ਸਿਖਾਉਣ ਵਾਲੇ ਸਨ, ਤੇ ਉਹਨਾਂ ਵਿੱਚੋਂ ਕੁਝ ਤਾਂ ਉਸ ਵਧੀਆ ਰੋਸ਼ਨੀ ਦੇ ਨਾਲ ਬਹੁਤ ਹੀ ਵਧੀਆ ਸਿਖਾਉਣ ਵਾਲੇ ਸਨ। ਸੋ ਮੈਂ ਸੋਚਿਆ, " ਠੀਕ ਹੈ, ਜੇ ਮੈਂ ਇਹ ਨਹੀਂ ਜਾਣਦਾ ਹਾਂ ਤਾਂ ਮੈਂ ਸਿਰਫ ਉਹ ਕਹਾਂਗਾ ਜੋ ਉਹਨਾਂ ਨੇ ਕਿਹਾ ਹੈ, ਅਰ ਮੈਂ ਇਸਨੂੰ ਉਸੇ ਹੀ ਢੰਗ ਨਾਲ ਸਿਖਾਉਣ ਦੀ ਕੋਸ਼ਿਸ਼ ਕਰਾਂਗਾ।

266 ਉਹ ਬੜੇ ਹੀ ਜ਼ੋਰਦਾਰ ਢੰਗ ਨਾਲ ਦੱਸਦੇ ਹਨ ਕਿ ਅਸਲ ਵਿੱਚ ਇਸਦਾ ਕੀ ਅਰਥ ਹੈ। ਅਤੇ ਉਹ ਕਹਿੰਦੇ ਹਨ, " ਹੁਣ ਇੱਥੇ ਇੱਕ ਚਿੱਟਾ ਘੋੜਾ ਹੈ, ਅਤੇ ਚਿੱਟਾ ਘੋੜਾ ਇੱਕ ਸ਼ਕਤੀ ਹੈ, ਉਹ ਇੱਕ ਹਮਲਾ ਕਰਨ ਵਾਲਾ ਹੈ।" ਅਤੇ ਆਖਿਆ, " ਕਿ ਜਿਹੜਾ ਆਦਮੀ ਉਸ ਚਿੱਟੇ ਘੋੜੇ ਤੇ ਸਵਾਰ ਸੀ ਉਹ ਪਵਿੱਤਰ ਆਤਮਾ ਸੀ ਜੋ ਕਿ ਪਹਿਲੇ ਯੁੱਗ ਵਿੱਚ ਨਿੱਕਲਿਆ, ਅਤੇ ਉਸ ਯੁੱਗ ਨੂੰ ਪ੍ਰਮੇਸ਼ੁਰ ਦੇ ਰਾਜ ਲਈ ਜਿੱਤ ਲੈਂਦਾ ਹੈ। ਉਸਦੇ ਹੱਥ ਵਿੱਚ ਜੋ ਕਮਾਣ ਹੈ ਜਿਹਦਾ ਅਰਥ ਸੀ ਕਿਉਪਿਡ ਵਰਗਾ, ਉਹ ਲੋਕਾਂ ਦੇ ਦਿਲਾਂ ਵਿੱਚ ਪਿਆਰ ਦੇ ਤੀਰ ਚਲਾਉਂਦਾ ਹੈ, ਪ੍ਰਮੇਸ਼ੁਰ ਦੇ ਪਿਆਰ ਦੇ ਤੀਰ ਚਲਾਉਂਦਾ ਹੈ, ਅਤੇ ਉਹਨੇ ਜਿੱਤ ਪਾਈ।"

267 ਹੁਣ, ਇਹ ਤਾਂ ਬਹੁਤ ਚੰਗਾ ਜਾਪਦਾ ਹੈ, ਪ੍ਰੰਤੂ ਇਹ ਸੱਚ ਨਹੀਂ ਹੈ। ਜੀ ਨਹੀਂ ਸ਼੍ਰੀਮਾਨ ਜੀ। ਜੀ ਹਾਂ, ਇਹ ਉਹ ਨਹੀਂ ਹੈ ਜੋ ਉਹਨਾਂ ਨੇ ਸੋਚਿਆ ਸੀ। ਚਿੱਟੇ ਦਾ ਅਰਥ ਧਾਰਮਿਕਤਾ ਹੁੰਦਾ ਹੈ। ਅਸੀਂ- ਅਸੀਂ ਇਸਨੂੰ ਇਸ ਤਰ੍ਹਾਂ ਹੀ ਸਮਝਦੇ ਹਾਂ। ਚਿੱਟੇ ਦਾ ਅਰਥ ਧਾਰਮਿਕਤਾ ਹੁੰਦਾ ਹੈ।

256 ਜਿਵੇਂ ਕਿ ਅਸੀਂ ਇਸਦੇ ਵਿੱਚ ਦੀ ਲੰਘੇ ਹਾਂ ਕਿ ਜਦ ਉਹ ਆਪਣੇ ਆਪ ਨੂੰ ਪ੍ਰਗਟ ਕਰੇਗਾ, ਬਾਈਬਲ ਆਖਦੀ ਹੈ ਕਿ ........ਜਦ ਉਹ ਆਪਣੇ ਆਪ ਨੂੰ ਉਹਨਾਂ ਇੱਕ ਲੱਖ ਚੁਤਾਲੀ ਹਜ਼ਾਰ, ਅੱਜ ਦੇ ਬਿਨਯਾਮੀਨ ਉੱਤੇ, ਉਹਨਾਂ ਬਚੇ ਹੋਏ ਯਹੂਦੀਆਂ ਉੱਤੇ ਪ੍ਰਗਟ ਕਰੇਗਾ ; ਤਾਂ ਉਹ ਆਖਣਗੇ, "ਤੇਰੇ ਇਹ ਜ਼ਖਮ ਕਿੱਥੋਂ ਲੱਗੇ ? ਤੇਰੇ ਹੱਥਾਂ ਤੇ ਇਹ ਜ਼ਖਮ ਕੀ ਕਰ ਰਹੇ ਹਨ ?"

257 ਉਹ ਕਹੇਗਾ, " ਔਹ, ਇਹ ਦਾਗ ਮੇਰੇ ਦੋਸਤਾਂ ਦੇ ਘਰੋਂ ਲੱਗੇ ਹਨ। " ਸਮਝੇ ? ਔਹ, ਉਸ ਵੇਲੇ ਉਹਨਾਂ ਨੂੰ ਮਹਿਸੂਸ ਹੋਵੇਗਾ ਕਿ ਉਹਨਾਂ ਨੇ ਮਸੀਹ ਨੂੰ ਮਾਰ ਸੁੱਟਿਆ ਸੀ। ਪ੍ਰੰਤੂ ਉਹ ਉਹਨਾਂ ਨੂੰ ਕੀ ਕਹੇਗਾ ? ਉਹ ਉਹਨਾਂ ਨੂੰ ਉਹ ਹੀ ਕਹੇਗਾ ਜੋ ਯੂਸਫ ਨੇ ਕਿਹਾ ਸੀ। "ਤੁਸੀਂ ਤਾਂ ਇਹ ਇਸ ਲਈ ਕੀਤਾ ਹੈ ਤਾਂ ਕਿ ਪ੍ਰਾਣ ਬਚਾਏ ਜਾਣ ; ਤਾਂ ਕਿ ਜੀਵਨ ਬਚਣ।ਆਪਣੇ ਆਪ ਉੱਤੇ ਗੁੱਸਾ ਨਾ ਕਰੋ।" ਕਿਉਂਕਿ ਗੈਰ ਕੌਮਾਂ ਅੰਦਰ ਨਾ ਲਿਆਂਦੀਆਂ ਜਾਂਦੀਆਂ ਜੇ ਯਹੂਦੀਆਂ ਦੇ ਨਾਲ ਇਹ ਅੰਨ੍ਹੇ ਕਰਨ ਵਾਲਾ ਦਾਅ ਨਾ ਖੇਡਿਆ ਜਾਂਦਾ। ਸੋ ਉਸਨੇ ਕਲੀਸਿਯਾ ਦਾ ਜੀਵਨ, ਉਹਨਾਂ ਕੰਮਾਂ ਦੇ ਰਾਹੀਂ ਬਚਾ ਲਿਆ ਜਿਹੜੇ ਉਸਨੇ ਕੀਤੇ ਸਨ।ਇਹ ਹੀ ਕਾਰਨ ਹੈ ਕਿ ਤੁਸੀਂ ਇੱਥੇ ਹੋ। ਇਹ ਹੀ ਕਾਰਨ ਹੈ ਕਿ ਅੱਜ ਉਹ ਇਹਨੂੰ ਨਹੀਂ ਸਮਝ ਸੱਕਦੇ ਹਨ, ਕਿਉਂਕਿ ਇਹ ਉਹਨਾਂ ਦੀ ਘੜੀ ਨਹੀਂ ਹੈ।

258 ਅਸੀਂ ਇਹਨਾਂ ਗੱਲਾਂ ਨੂੰ ਤਦ ਤੱਕ ਨਹੀਂ ਸਮਝ ਸੱਕਦੇ ਹਾਂ ਜਦ ਤੱਕ ਕਿ ਇਹਨਾਂ ਨੂੰ ਸਮਝਣ ਦਾ ਵੇਲਾ ਨਾ ਆ ਜਾਵੇ। ਹੇ ਮੇਰੇ !ਹੋ ਸੱਕਦਾ ਹੈ ਕਿ ਇਹ ਪ੍ਰਕਾਸ਼ ਪੋਥੀ ਦੀਆਂ ਉਹਨਾਂ ਸੱਤ ਗਰਜ਼ਾਂ ਨੂੰ ਦੁਲਹਨ ਨੂੰ ਇਹ ਵਿਖਾਉਣ ਲਈ ਕਿ ਦੇਹ ਨੂੰ ਬਦਲਣ ਵਾਲੇ ਉਸ ਮਹਾਨ ਪ੍ਰਕਾਸ਼ ਲਈ ਕਿਵੇਂ ਤਿਆਰ ਹੋਣਾ ਹੈ, ਪ੍ਰਗਟ ਕਰੇ !

259 ਹੁਣ ਆਓ ਅਸੀਂ ਜਲਦੀ ਕਰੀਏ, ਕਿਉਂਕਿ ਹਾਲੇ ਸਾਡੇ ਕੋਲ ਲੱਗਭੱਗ ਪੰਦਰਾਂ ਜਾਂ ਵੀਹ ਮਿੰਟ ਵੀ ਹੋਰ ਨਹੀਂ ਹਨ।

260 ਹੁਣ, ਇਸ ਨੁਕਰੇ ਘੋੜੇ ਦਾ ਕੀ ਅਰਥ ਹੈ ? ਮੈਂ ਪੜ੍ਹਦਾ ਹਾਂ ......... ਮੈਂ ਕਾਫੀ ਦੇਰ ਦਾ ਇਸ ਤੋਂ ਲਾਂਭੇ ਹਾਂ, ਮੈਨੂੰ ਮੇਰੇ ਵਿਸ਼ੇ ਤੋਂ ਲਾਂਭੇ ਹੋਣ ਲਈ ਮੁਆਫ ਕਰਨਾ। ਪ੍ਰੰਤੂ ਮੈਂ ਇਸ ਆਇਤ ਨੂੰ, ਦੋ ਆਇਤਾਂ ਫਿਰ ਪੜ੍ਹਾਂਗਾ।

*ਜਾਂ ਲੇਲੇ ਨੇ ਉਹਨਾਂ ਸੱਤਾਂ ਮੋਹਰਾਂ ਵਿੱਚੋਂ ਇੱਕ ਨੂੰ ਤੋੜਿਆ ਤਾਂ ਮੈਂ ਡਿੱਠਾ ਅਤੇ ਚੌਹਾਂ ਜੰਤੂਆਂ ਵਿੱਚੋਂ ਇੱਕ ਨੂੰ ਬੱਦਲ ਦੀ ਗਰਜ ਜਿਹੀ ਅਵਾਜ਼ ਨਾਲ ਇਹ ਕਹਿੰਦੇ ਸੁਣਿਆ ਭਈ ਆ ਜਾਹ .....ਵੇਖ।*

*ਮੈਂ ਨਿਗਾਹ ਕੀਤੀ ਤਾਂ ਕੀ ਵੇਖਦਾ ਹਾਂ ਭਈ ਇੱਕ ਨੁਕਰਾ ਘੋੜਾ ਹੈ ...........*

261 ਹੁਣ ਅਸੀਂ ਦੋ ਆਇਤ ਵੱਲ ਜਾ ਰਹੇ ਹਾਂ।

*......ਭਈ ਇੱਕ ਨੁਕਰਾ ਘੋੜਾ ਹੈ ਤੇ ਉਹਦੇ ਸਵਾਰ ਦੇ ਕੋਲ ਇੱਕ ਕਮਾਣ ਹੈ। ਫੇਰ ਉਹਨੂੰ ਇੱਕ ਮੁਕਟ ਦਿੱਤਾ ਗਿਆ* ( ਪਹਿਲਾਂ ਉਸਦੇ ਕੋਲ ਮੁਕਟ ਨਹੀਂ ਸੀ )*ਅਤੇ ਉਹ ਫਤਹ ਕਰਦਿਆਂ ਅਤੇ ਫਤਹ ਕਰਨ ਨੂੰ ਨਿੱਕਲ ਤੁਰਿਆ।*

262 ਇਸਦੇ ਬਾਰੇ ਵਿੱਚ ਏਨਾ ਹੀ ਹੈ। ਇਹ ਹੀ ਮੋਹਰ ਹੈ। ਆਓ ਅਸੀਂ ਹੁਣ ਇਹਨਾਂ ਚਿੰਨ੍ਹਾਂ ਨੂੰ ਵੇਖੀਏ।



145 ਤੁਸੀਂ ਆਖਦੇ ਹੋ, "ਠੀਕ ਹੈ, ਉਹ ਰਾਹ ਦੇ ਅੰਤ ਵਿੱਚ ਪਹੁੰਚ ਰਿਹਾ ਸੀ, ਅਤੇ ਤੁਹਾਨੂੰ ਪ੍ਰੇਸ਼ਾਨੀ ਹੁੰਦੀ ਹੈ ?" ਇਹਦੇ ਨਾਲ ਤੁਸੀਂ ਕੀ ਸੋਚਦੇ ਹੋ ਜਦ ਕੋਈ ਮਹਾਨ ਰੂਹਾਨੀ ਘਟਨਾ ਵਾਪਰਦੀ ਹੈ, ਜਿਹਦੇ ਨਾਲ ਤੁਸੀਂ ਪ੍ਰੇਸ਼ਾਨ ਹੋ ਜਾਂਦੇ ਹੋ ? ਹੇ ਮੇਰੇ ਪ੍ਰਭੂ ! ਅਹ- ਹਹਹ !

*ਹੁਣ ਮੇਰਾ ਜੀ ਘਬਰਾਉਂਦਾ ਹੈ ਅਤੇ ਮੈਂ ਕੀ ਕਰਾਂ ? ਹੇ ਪਿਤਾ ਮੈਨੂੰ ਇਸ ਘੜੀ ਤੋਂ ਬਚਾ? ਪਰ ਇਸੇ ਲਈ ਮੈਂ ਇਸ ਘੜੀ ਤੀਕ ਆਇਆਂ ਹਾਂ। ਹੇ ਪਿਤਾ ਆਪਣੇ ਨਾਮ ਨੂੰ ਵਡਿਆਈ ਦੇ। ਤਦੋਂ ਇਹ ਸੁਰਗੀ ਬਾਣੀ ਆਈ ਜੋ ਮੈਂ ਉਹਨੂੰ ਵਡਿਆਈ ਦਿੱਤੀ ਹੈ ਅਰ ਫੇਰ ਵੀ ਦਿਆਂਗਾ। ਤਦ ਲੋਕਾਂ ਨੇ ਜਿਹੜੇ ਕੋਲ ਖਲੋਤੇ ਸਨ ਜਾਂ ਇਹ ਸੁਣਿਆ ਤਾਂ ਕਹਿਣ ......ਲੱਗੇ ਜੋ ਬੱਦਲ ਗਰਜਿਆ ਹੈ .......*

146 ਤਦ ਜਦ ਲੇਲੇ ਨੇ ਪੋਥੀ ਲਈ ਅਤੇ ਉਹ ਪਹਿਲੀ ਮੋਹਰ ਤੋੜੀ ਤਾਂ ਪ੍ਰਮੇਸ਼ੁਰ ਆਪਣੇ ਸਦੀਪਕ ਸਿੰਘਾਸਣ ਤੋਂ ਬੋਲਿਆ, ਕਿ ਦੱਸੇ ਕਿ ਉਹ ਮੋਹਰ ਕੀ ਸੀ, ਪ੍ਰਗਟ ਕਰੇ ਕਿ ਉਹ ਮੋਹਰ ਕੀ ਹੈ।ਪਰ ਜਦ ਇਸਨੂੰ ਯਹੂੰਨਾ ਦੇ ਸਨਮੁੱਖ ਰੱਖਿਆ ਗਿਆ ਤਾਂ ਇਹ ਇੱਕ ਚਿੰਨ੍ਹ ਦੇ ਰੂਪ ਵਿੱਚ ਸੀ। ਜਦ ਯੂਹੰਨਾ ਨੇ ਇਸਨੂੰ ਵੇਖਿਆ ਤਦ ਵੀ ਇਹ ਇੱਕ ਭੇਤ ਸੀ। ਕਿਉਂ ? ਕਿਉਂਕਿ ਉਸ ਸਮੇਂ ਇਸਨੂੰ ਪ੍ਰਗਟ ਕੀਤਾ ਹੀ ਨਹੀਂ ਗਿਆ ਸੀ। ਇਸਨੂੰ ਤਾਂ ਤਦ ਤੱਕ ਪ੍ਰਗਟ ਨਹੀਂ ਕੀਤਾ ਜਾ ਸੱਕਦਾ ਜਦ ਤੱਕ ਕਿ ਜੋ ਉਸਨੇ ਇੱਥੇ ਆਖਿਆ ਹੈ ਕਿ, " ਅੰਤ ਦੇ ਸਮੇਂ ਵਿੱਚ। " ਪਰ ਇਹ ਇੱਕ ਚਿੰਨ੍ਹ ਦੇ ਰੂਪ ਵਿੱਚ ਆ ਗਈ।

147 ਜਦ, "ਗਰਜ਼ ਹੋਈ। " ਯਾਦ ਰੱਖੋ, ਉੱਚੀ ਤਾੜੀ ਮਾਰਨ ਵਾਙੂ ਗਰਜ਼ ਦੀ ਅਵਾਜ਼ ਖੁਦਾ ਦੀ ਅਵਾਜ਼ ਹੈ।ਇਹੋ ਹੀ ਬਾਈਬਲ ਆਖਦੀ ਹੈ, " ਗਰਜ਼ ਦੀ ਅਵਾਜ਼। " ਉਹਨਾਂ ਸੋਚਿਆ ਕਿ ਇਹ ਗਰਜ਼ ਹੋਈ ਹੈ, ਪ੍ਰੰਤੂ ਇਹ ਪ੍ਰਮੇਸ਼ੁਰ ਸੀ ਜੋ ਬੋਲਿਆ ਸੀ ਪ੍ਰੰਤੂ ਯਿਸੂ ਇਸਨੂੰ ਸਮਝ ਗਿਆ ਸੀ ਕਿਉਂਕਿ ਉਸਦੇ ਉੱਤੇ ਇਸਨੂੰ ਜ਼ਾਹਰ ਕੀਤਾ ਗਿਆ ਸੀ। ਵੇਖਿਆ ? ਇਹ ਇੱਕ ਗਰਜ਼ ਸੀ।

148 ਤੁਸੀਂ ਪਹਿਲੀ ਮੋਹਰ ਖੁੱਲ੍ਹਣ ਤੇ ਧਿਆਨ ਦਿਓ।ਜਦ ਇਸਨੂੰ, ਪਹਿਲੀ ਮੋਹਰ ਨੂੰ ਚਿੰਨ੍ਹ ਦੇ ਰੂਪ ਵਿੱਚ ਖੋਲ੍ਹਿਆ ਗਿਆ, ਇਸਦੇ ਵਿੱਚੋਂ ਗਰਜ ਦੀ ਅਵਾਜ਼ ਹੋਈ। ਹੁਣ ਇਸਦੇ ਬਾਰੇ ਵਿੱਚ ਕੀ ਖਿਆਲ ਹੈ ਜਦ ਇਹ ਆਪਣੀ ਅਸਲੀ ਹਾਲਤ ਵਿੱਚ ਖੋਲ੍ਹੀ ਜਾਂਦੀ ਹੈ ? ਜਿਉਂ ਹੀ ਲੇਲੇ ਨੇ ਮੋਹਰ ਖੋਲ੍ਹੀ ਉਸੇ ਵੇਲੇ ਹੀ ਇੱਕ ਗਰਜ਼ ਹੋਈ। ਅਤੇ ਉਸਨੇ ਕੀ ਪ੍ਰਗਟ ਕੀਤਾ ? ਇਸਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਪ੍ਰਗਟ ਨਹੀਂ ਕੀਤਾ ਸੀ। ਪਹਿਲਾਂ ਇਹ ਖੁਦਾ ਦੇ ਕੋਲ ਸੀ ; ਫਿਰ ਇਹ ਚਿੰਨ੍ਹ ਦੇ ਰੂਪ ਵਿੱਚ ਸੀ ; ਇਸ ਤੋਂ ਬਾਦ ਇਹ ਪ੍ਰਗਟ ਹੁੰਦੀ ਹੈ। ਇਸਦੇ ਬਾਰੇ ਵਿੱਚ ਇਹ ਤਿੰਨ ਗੱਲਾਂ ਹਨ। ਸਮਝ ਲੱਗੀ ? ਇਹ ਪ੍ਰਮੇਸ਼ੁਰ ਦੇ ਸਿੰਘਾਸਣ ਤੋਂ ਆ ਰਹੀ ਹੈ।

149 ਪਹਿਲਾਂ ਤਾਂ ਇਹ ਵੇਖੀ ਜਾਂ ਸੁਣੀ ਨਹੀਂ ਜਾ ਸੱਕਦੀ ਸੀ ਜਾਂ ਇਸਦੇ ਬਾਰੇ ਵਿੱਚ ਕੁਝ ਨਹੀਂ ਕੀਤਾ ਜਾ ਸੱਕਦਾ ਸੀ। ਇਹ ਮੋਹਰ ਲਾ ਕੇ ਬੰਦ ਕੀਤੀ ਗਈ ਸੀ।ਲੇਲੇ ਦੇ ਲਹੂ ਨੇ ਇਸਦਾ ਮੁੱਲ ਤਾਰ ਦਿੱਤਾ ਹੈ।

150 ਜਦ ਉਸਨੇ ਇਹਨੂੰ ਬੋਲਿਆ ਤਾਂ ਇੱਕ ਗਰਜ਼ ਦੀ ਅਵਾਜ਼ ਹੋਈ। ਅਤੇ ਜਦ ਉਸਨੇ ਇੰਝ ਕੀਤਾ ਤਾਂ ਚਿੱਟੇ ਘੋੜੇ ਦਾ ਸਵਾਰ ਬਾਹਰ ਨਿੱਕਲਿਆ, ਅਤੇ ਇਹ ਹਾਲੇ ਵੀ ਚਿੰਨ੍ਹ ਦੇ ਰੂਪ ਵਿੱਚ ਸੀ।ਹੁਣ ਉਸਨੇ ਕਿਹਾ ਸੀ ਕਿ ਇਹ ਅੰਤ ਦੇ ਦਿਨਾਂ ਵਿੱਚ ਪ੍ਰਗਟ ਹੋਵੇਗਾ। ਪ੍ਰੰਤੂ ਇਹ ਕਲੀਸਿਯਾ

ਵਿੱਚ ਇੱਕ ਚਿੰਨ੍ਹ ਦੇ ਰੂਪ ਵਿੱਚ ਆਉਂਦਾ ਹੈ। ਕਲੀਸਿਯਾ, ਕੀ ਤੁਸੀਂ ਇਸਨੂੰ ਸਮਝ ਰਹੇ ਹੋ ? [ਸਭਾ ਆਖਦੀ ਹੈ, " ਆਮੀਨ "-ਸੰਪਾ] ਇਹ ਕਲੀਸਿਯਾ ਦੇ ਵਿੱਚ ਇੱਕ ਚਿੰਨ੍ਹ ਦੇ ਰੂਪ ਵਿੱਚ ਆਉਂਦਾ ਹੈ, ਉਹ ਜਾਣਦੇ ਸਨ ਕਿ ਇਹ ਇੱਕ ਮੋਹਰ ਹੈ। ਪ੍ਰੰਤੂ ਇਹ ਹੈ ਕੀ, ਇਸਦੇ ਬਾਰੇ ਉਹ ਹਾਲੇ ਤੱਕ ਨਹੀਂ ਜਾਣਦੇ ਹਨ, ਕਿਉਂਕਿ ਇਹ ਇੱਕ ਨੁਕਰੇ ਘੋੜੇ ਦਾ ਸਵਾਰ ਹੈ।

151 ਅਤੇ ਇਹਨੇ ਤਾਂ ਅੰਤ ਦੇ ਦਿਨਾਂ ਵਿੱਚ ਹੀ ਪ੍ਰਗਟ ਹੋਣਾ ਹੈ, ਜਦ ਇਹ ਅਸਲੀ ਮੋਹਰ ਤੋੜੀ ਜਾਂਦੀ ਹੈ। ਮੋਹਰ ਨੂੰ ਕਿਸਦੇ ਲਈ ਤੋੜਿਆ ਜਾਂਦਾ ਹੈ ? ਮਸੀਹ ਲਈ ਨਹੀਂ, ਬਲਕਿ ਉਸਦੀ ਕਲੀਸਿਯਾ ਲਈ।ਧਿਆਨ ਦਿਓ, ਇਹ ਗੱਲ ਮੈਨੂੰ ਅਨੰਦ ਦੇ ਨਾਲ ਭਰਦੀ ਹੈ। ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਇਸਨੂੰ ਸਮਝ ਰਹੇ ਹੋ ਕਿ ਮੇਰੇ ਕਹਿਣ ਦਾ ਮਤਲਬ ਕੀ ਹੈ। ਵੇਖੋ, ਮੈਂ ਤੁਹਾਨੂੰ ਦੁਲਹਨ ਕਹਿਣ ਜਾ ਰਿਹਾ ਹਾਂ ਤਾਂ ਕਿ ਤੁਸੀਂ ਇਸਨੂੰ ਸਮਝ ਜਾਓ।

152 ਅਵਾਜ਼ ਇੱਕ ਗਰਜ਼ ਹੈ। ਅਵਾਜ਼ ਕਿੱਥੋਂ ਆਈ ? ਉਸ ਸਿੰਘਾਸਣ ਵਿੱਚੋਂ ਜਿੱਥੋਂ ਲੇਲੇ ਨੇ ਹੁਣੇ ਹੀ ਆਪਣੇ ਵਿਚੋਲੇ ਦੇ ਰੂਪ ਨੂੰ ਛੱਡਿਆ ਸੀ। ਹੁਣ ਉਹ ਇੱਥੇ ਆਪਣਾ ਸਥਾਨ ਅਤੇ ਆਪਣੇ ਦਾਅਵੇ ਜਾਂ ਹੱਕ ਲੈਣ ਲਈ ਖੜਾ ਹੈ। ਪ੍ਰੰਤੂ ਗਰਜ਼ ਦੀ ਅਵਾਜ਼ ਸਿੰਘਾਸਣ ਦੇ ਵਿੱਚੋਂ ਆਈ ਸੀ। ਅਤੇ ਲੇਲਾ ਉਸ ਸਿੰਘਾਸਣ ਤੋਂ ਬਾਹਰ ਖੜਾ ਸੀ। ਗਰਜ਼ ਦੀ ਅਵਾਜ਼ ਉਸ ਸਿੰਘਾਸਨ ਦੇ ਵਿੱਚੋਂ ਆਈ ਸੀ ਜਿਸਨੂੰ ਲੇਲਾ ਛੱਡ ਕੇ ਆਇਆ ਸੀ। ਉਹ ਪਿਤਾ ਦੇ ਸਿੰਘਾਸਣ ਨੂੰ ਛੱਡ ਕੇ ਆਪਣੇ ਸਿੰਘ ਾਸਣ ਨੂੰ ਲੈਂਦਾ ਹੈ। ਉਸਤਤ ਹੋਵੇ ! ਹੁਣ, ਹੁਣ, ਦੋਸਤੋ ਤੁਸੀਂ ਇਸਨੂੰ ਸਮਝਣੋ ਰਹਿ ਨਾ ਜਾਇਓ।

153 ਮਸੀਹੀ ਹੋਣ ਦੇ ਕਾਰਨ ਅਸੀਂ ਸੱਭ ਜਾਣਦੇ ਹਾਂ ਕਿ ਪ੍ਰਮੇਸ਼ੁਰ ਨੇ ਦਾਊਦ ਨਾਲ ਸਹੁੰ ਖਾਧੀ ਸੀ ਕਿ ਉਹ ਮਸੀਹ ਨੂੰ ਉਠਾ ਖੜਾ ਕਰੇਗਾ ਤਾਂ ਕਿ ਉਸਦੇ ਸਿੰਘਾਸਣ ਤੇ ਬੈਠੇ,ਅਤੇ ਉਹ ਉਸਨੂੰ ਇੱਥੇ ਧਰਤੀ ਤੇ ਸਦੀਪਕ ਰਾਜ ਦੇਵੇਗਾ। ਉਸਨੇ ਅਜਿਹਾ ਹੀ ਕੀਤਾ।

154 ਅਤੇ ਯਿਸੂ ਨੇ ਕਿਹਾ , " ਉਹ ਜਿਹੜਾ ਮਸੀਹ ਵਿਰੋਧੀ ਅਤੇ ਸੰਸਾਰ ਦੀਆਂ ਸੱਭ ਚੀਜ਼ਾਂ ਉੱਤੇ ਜਿੱਤ ਪਾਉਂਦਾ ਹੈ, ਉਹ ਮੇਰੇ ਨਾਲ ਮੇਰੇ ਸਿੰਘਾਸਣ ਉੱਤੇ ਬੈਠੇਗਾ, ਜਿਵੇਂ ਮੈਂ ਵੀ ਜਿੱਤਿਆਂ ਅਤੇ ਆਪਣੇ ਪਿਤਾ ਦੇ ਸਿੰਘਾਸਣ ਤੇ ਬੈਠਿਆ ਹਾਂ। " ਸਮਝੇ ?

155 ਹੁਣ ਕਿਸੇ ਦਿਨ ਉਹ ਆਪਣੇ ਪਿਤਾ ਦੇ ਸਿੰਘਾਸਣ ਤੋਂ ਉੱਠ ਕੇ ਆਪਣੇ ਸਿੰਘਾਸਣ ਤੇ ਬੈਠਣ ਲਈ ਆਵੇਗਾ।

156 ਅਤੇ ਉਹ ਆਪਣੀ ਪਰਜਾ ਨੂੰ ਬੁਲਾਉਣ ਲਈ ਅਗਾਂਹ ਆਉਂਦਾ ਹੈ।ਉਹ ਉਹਨਾਂ ਦਾ ਕਿਵੇਂ ਦਾਅਵਾ ਕਰਨ ਲਈ ਜਾ ਰਿਹਾ ਹੈ ? ਉਸਦੇ ਹੱਥ ਵਿੱਚ ਤਾਂ ਪਹਿਲਾਂ ਹੀ ਛੁਟਕਾਰੇ ਦੀ ਪੋਥੀ ਹੈ। ਮਹਿਮਾਂ ਹੋਵੇ ! ਔਹ, ਮੈਂ ਇੱਕ ਭਜਨ ਗਾਉਣਾ ਮਹਿਸੂਸ ਕਰ ਰਿਹਾ ਹਾਂ।

> ਛੇਤੀ ਹੀ ਲੇਲਾ ਆਵੇਗਾ ਲੈਣ ਆਪਣੀ ਦੁਲਹਨ ਨੂੰ ਸਦਾ ਲਈ
> ਤਦ ਬੈਠੇਗੀ ਉਹ ਉਸਦੇ ਨਾਲ
> ਅਤੇ ਅਸਮਾਨ ਦੀ ਹੋਵੇਗੀ ਸਾਰੀ ਸੈਨਾ ਇਕੱਠੀ ( ਇਸਨੂੰ ਵੇਖਣ ਲਈ ) ;
> ਔਹ, ਇਹ ਕਿੰਨਾ ਹੀ ਮਹਿਮਾਂ ਵਾਲਾ ਸਮਾਂ ਹੋਵੇਗਾ
> ਸਾਰੇ ਸੰਤ ਜਨ ਪਵਿੱਤਰ ਚਿੱਟੇ ਵਸਤਰਾਂ ਵਿੱਚ ਹੋਣਗੇ ;
> ਅਤੇ ਯਿਸੂ ਦੇ ਨਾਲ ਹਮੇਸ਼ਾਂ ਲਈ ਅਸੀਂ ਭੋਜ ਕਰਾਂਗੇ।



ਹੀ ਰਿਹਾ। ਅਤੇ, ਯਾਦ ਰੱਖੋ, ਤਦ ਉਸਨੇ ਆਪਣੀ ਪਤਨੀ ਨੂੰ ਅਲੱਗ ਕਰ ਦਿੱਤਾ ਸੀ। ਉਹ ਉਸਦੇ ਮਹਿਲਾਂ ਵਿੱਚ ਸੀ ਜਦ ਉਸਨੇ ਆਪਣੇ ਆਪ ਨੂੰ ਆਪਣੇ ਭਾਈਆਂ ਉੱਤੇ ਪ੍ਰਗਟ ਕੀਤਾ।

248 ਅਤੇ ਆਪਣੇ ਹੀ ਲੋਕਾਂ ਤੋਂ ਠੁਕਰਾਏ ਜਾਣ ਤੋਂ ਬਾਦ ਯਿਸੂ ਨੇ ਪਰਾਈ ਕੋਮਾਂ ਦੀ ਲਾੜੀ ਲੈ ਲਈ, ਗੈਰ ਕੋਮਾਂ ਵਿੱਚੋਂ ਆਪਣੇ ਲਈ ਇੱਕ ਪਤਨੀ ਲੈ ਲਈ। ਅਤੇ ਉਹ ਉਸ ਲਾੜੀ ਨੂੰ ਇੱਥੋਂ ਆਪਣੇ ਪਿਤਾ ਦੇ ਘਰ ਮਹੱਲ ਵਿੱਚ ਵਿਆਹ ਦੇ ਭੋਜ ਲਈ ਲੈ ਜਾਵੇਗਾ। ਅਤੇ ਫਿਰ ਵਾਪਿਸ ਆਵੇਗਾ ਕਿ ਆਪਣੇ ਭਾਈਆਂ, ਇੱਕ ਲੱਖ ਚੁਤਾਲੀ ਹਜ਼ਾਰ ਤੇ ਆਪਣੇ ਆਪ ਨੂੰ ਪ੍ਰਗਟ ਕਰੇ ........? ......ਉਸ ਸਮੇਂ।

249 ਵੇਖੋ, ਉਹ ਉੱਥੇ ਖੜਾ ਹੈ। ਅਤੇ ਯਾਦ ਰੱਖੋ ਕਿ ਤੁਹਾਨੂੰ ਨਮੂਨੇ ਅਰਥਾਤ ਛਾਇਆ ਤੇ ਪੂਰੀ ਤਰ੍ਹਾਂ ਨਿਗਾਹ ਰੱਖਣੀ ਹੈ। ਅਤੇ ਜਦ ਉਹ ਉੱਥੇ ਵਾਪਿਸ ਆਉਂਦਾ ਹੈ ਜਿੱਥੇ ਇਹ ਸੱਭ ਕੁਝ ਹੋ ਰਿਹਾ ਸੀ ਤਾਂ ਉਸਨੇ ਉਹਨਾਂ ਵੱਲ ਵੇਖਿਆ ਅਤੇ ਕਿਹਾ....... ਅਤੇ ਉਹਨੇ ਉਹਨਾਂ ਨੂੰ ਵੇਖਣਾ ਸ਼ੁਰੂ ਕੀਤਾ। ਅਤੇ ਉਹ ਆਪਸ ਵਿੱਚ ਗੱਲਾਂ ਕਰਨ ਲੱਗੇ। ਉਹਨਾਂ ਆਖਿਆ, " ਹੁਣ, "ਰਾਊਬੇਨ ਤੂੰ ਜਾਣਦਾ ਹੈਂ ਕਿ ਅਸੀਂ ਹੁਣ ਇੱਥੇ ਇਸ ਲਈ ਹਾਂ, ਕਿਉਂਕਿ ਤੁਸੀਂ ਜਾਣਦੇ ਹੋ ਕਿ ਅਸੀਂ ਕੀ ਕੀਤਾ ਸੀ। ਅਸੀਂ ਜੋ ਕੀਤਾ ਸੀ ਅਸੀਂ ਉਸੇ ਦੇ ਕਾਰਨ ਇੱਥੇ ਹਾਂ। ਅਸੀਂ ਅਪਣੇ ਭਰਾ ਨੂੰ ਖੂਹ ਵਿੱਚ ਸੁੱਟ ਦਿੱਤਾ ਸੀ। ਸਾਨੂੰ ਆਪਣੇ ਭਰਾ ਨੂੰ ਵੇਚਣਾ ਨਹੀਂ ਚਾਹੀਦਾ ਸੀ। " ਅਤੇ ਉੱਥੇ ਹੀ ਉਹਨਾਂ ਦਾ ਉਹ ਭਰਾ ਖੜਾ ਸੀ ਜੋ ਕਿ ਇੱਕ ਸ਼ਕਤੀਸ਼ਾਲੀ ਰਾਜ ਕੁਮਾਰ ਸੀ, ਅਤੇ ਉਹ ਇਹਨੂੰ ਨਹੀਂ ਜਾਣਦੇ ਸਨ।

250 ਇਹ ਹੀ ਕਾਰਨ ਹੈ ਕਿ ਅੱਜ ਇਸਰਾਈਲ ਉਸਨੂੰ ਨਹੀਂ ਸਮਝ ਸੱਕਦਾ ਹੈ। ਉਹਨਾਂ ਦੇ ਲਈ ਹਾਲੇ ਉਹ ਵੇਲਾ ਨਹੀਂ ਹੈ ਕਿ ਉਹ ਉਸਨੂੰ ਜਾਨਣ।

251 ਅਤੇ ਫਿਰ ਉਸਨੇ, ਉਹਨਾਂ ਨੇ ਸੋਚਿਆ ਕਿ ਉਹ ਸ਼ਾਇਦ ਇਬਰਾਨੀ ਭਾਸ਼ਾ ਨਹੀਂ ਜਾਣਦਾ ਹੈ, ਪਰ ਉਹ ਉਹਨਾਂ ਦੀਆਂ ਗੱਲਾਂ ਸੁਣ ਰਿਹਾ ਸੀ। ਉਹਨਾਂ ਨੇ ਕਿਹਾ, " ਹੁਣ ਅਸੀਂ ਤਾਂ ਇਹਦੇ ਲਈ ਫਸ ਗਏ ਹਾਂ। " ਅਤੇ ਜਦ ਯੂਸਫ ਨੇ ਉਹਨਾਂ ਦੀ ਵੱਲ ਵੇਖਿਆ ਤਾਂ ਉਹ ਹੋਰ ਦੇਰ ਤੱਕ ਆਪਣੇ ਆਪ ਨੂੰ ਨਾ ਰੋਕ ਸਕਿਆ।

252 ਹੁਣ ਯਾਦ ਰਹੇ, ਕਿ ਇਸ ਸਮੇਂ ਉਸਦੀ ਪਤਨੀ ਅਤੇ ਬੱਚੇ ਰਾਜ ਮਹਿਲ ਵਿੱਚ ਸਨ। ਤਦ ਸੰਤ ਉਸਦੀ ਹਜ਼ੂਰੀ ਵਿੱਚੋਂ ਬਾਹਰ ਜਾ ਚੁੱਕੇ ਹੋਣਗੇ।

253 ਅਤੇ ਉਸਨੇ ਕਿਹਾ, "ਮੈਂ ਤੁਹਾਡਾ ਭਰਾ ਯੂਸਫ ਹਾਂ। " ਅਤੇ ਉਹਨੇ ਭੱਜ ਕੇ ਆਪਣੇ ਛੋਟੇ ਭਰਾ ਬਿਨਯਾਮੀਨ ਨੂੰ ਆਪਣੀ ਜੱਫੀ ਵਿੱਚ ਲੈ ਲਿਆ, ਅਤੇ ਉਹ ਉਹਦੀ ਧੋਣ ਉੱਤੇ ਸਿਰ ਰੱਖ ਕੇ ਰੋਣ ਲੱਗ ਪਿਆ। ਵੇਖਿਆ ? ਅਤੇ ਉਸਨੇ ਆਪਣੇ ਆਪ ਨੂੰ ਉਹਨਾਂ ਤੇ ਪ੍ਰਗਟ ਕਰ ਦਿੱਤਾ।

254 ਅਤੇ ਉਹਨਾਂ ਨੇ ਤਦ ਆਖਿਆ, " ਹੁਣ ਅਸੀਂ ਜਾਣਦੇ ਹਾਂ ਕਿ ਮੁਸੀਬਤ ਸਾਡੇ ਉੱਤੇ ਆ ਪਈ ਹੈ, ਕਿਉਂਕਿ ਅਸੀਂ ਉਹਨੂੰ ਵੇਚ ਦਿੱਤਾ ਸੀ। ਅਸੀਂ ਉਹ ਹਾਂ ਜਿਹਨਾਂ ਨੇ ਉਸਨੂੰ ਮਾਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਹੁਣ ਅਸੀਂ ਜਾਣਦੇ ਹਾਂ ਕਿ ਉਹ ਸਾਨੂੰ ਮਾਰ ਦੇਵੇਗਾ।"

255 ਯੂਸਫ ਨੇ ਕਿਹਾ, " ਨਹੀਂ, ਤੁਸੀਂ ਆਪਣੇ ਆਪ ਵਿੱਚ ਗੁੱਸਾ ਨਾ ਕਰੋ, ਤੁਸੀਂ ਇਹ ਇਸ ਲਈ ਕੀਤਾ ਕਿ ਜੀਵਨ ਬਚਾਏ ਜਾਣ। ਇਸੇ ਲਈ ਹੀ ਖੁਦਾ ਨੇ ਮੈਨੂੰ ਇੱਥੇ ਭੇਜਿਆ ਹੈ।"

ਦਾ ਹੱਕ ਸੀ, ਪਰ ਉਹਨਾਂ ਨੇ ਉਹ ਠੁਕਰਾ ਦਿੱਤਾ ਅਤੇ ਆਪਣੇ ਜਨਮ ਸਿੱਧ ਅਧਿਕਾਰ ਨੂੰ ਵੇਚ ਦਿੱਤਾ ਅਤੇ ਇਹ ਜੇਠੇ ਪੁੱਤਰ ਇਸਰਾਈਲ ਕੋਲੋਂ ਨਵੇਂ ਪੁੱਤਰ ਪਰਾਈ ਜਾਤੀਆਂ ਕੋਲ ਚਲਾ ਗਿਆ ਸੀ। ਅਤੇ ਉੱਥੋਂ ਬਰਕਤਾਂ ਜਾਂਦੀਆਂ ਰਹੀਆਂ, ਅਤੇ ਇਹ ਸਲੀਬ ਦੇ ਦੁਆਰਾ ਗੈਰ ਕੌਮਾਂ ਵੱਲ ਆ ਗਈਆਂ।

241 ਪ੍ਰੰਤੂ ਇਸ ਤੋਂ ਬਾਦ ਵੇਖੋ, ਉਹਦੇ ਥਾਣੀਂ ਜਦ ਸਾਰੇ .........ਉਸਨੇ ਆਪਣੀ ਦੁਲਹਨ ਨੂੰ ਲੈ ਲਿਆ। ਪ੍ਰੰਤੂ ਜਦ ਉਹ ਮੁੰਡੇ ਅਨਾਜ਼ ਖਰੀਦਣ ਲਈ ਆਏ .......

242 ਐਂਹ, ਇਹ ਕਿੰਨੀ ਸੁਹਣੀ ਤਸਵੀਰ ਹੈ !ਮੈਂ ਮੋਹਰ ਤੋਂ ਹਟ ਗਿਆ ਹਾਂ, ਪ੍ਰੰਤੂ ਮੈਂ ਤਾਂ ਇਸਨੂੰ ਬਸ ਆਖਣਾ ਹੀ ਹੈ, ਕਿਉਂਕਿ ਮੇਰਾ ਵਿਸ਼ਵਾਸ਼ ਹੈ ਕਿ ਤੁਹਾਨੂੰ ਇੱਕ ਵਧੀਆ ਤਸਵੀਰ ਮਿਲ ਜਾਵੇਗੀ। ਧਿਆਨ ਦਿਓ।

243 ਹੁਣ ਜਦ ਉਹ ਅਨਾਜ਼ ਖਰੀਦਣ ਲਈ ਆਏ, ਤੁਸੀਂ ਜਾਣਦੇ ਹੋ, ਯੂਸਫ ਨੇ ਉਹਨਾਂ ਨੂੰ ਝੱਟ ਪਛਾਣ ਲਿਆ ਸੀ। ਅਤੇ ਯੂਸਫ ਖੁਸ਼ਹਾਲੀ ਦਾ ਪੁੱਤਰ ਸੀ।ਇਸ ਦੀ ਕੋਈ ਪ੍ਰਵਾਹ ਨਹੀਂ ਕਿ ਉਹ ਕਿੱਥੇ ਪਹੁੰਚ ਗਿਆ, ਉਹ ਹਮੇਸ਼ਾਂ ਹੀ ਖੁਸ਼ਹਾਲ ਸੀ।

244 ਤੁਸੀਂ ਉਦੋਂ ਤੱਕ ਉਡੀਕ ਕਰੋ ਜਦ ਤੱਕ ਕਿ ਧਰਤੀ ਤੇ ਦੁਬਾਰਾ ਨਹੀਂ ਆਉਂਦਾ ਹੈ ; ਤੁਸੀਂ ਉਦੋਂ ਤੱਕ ਉਡੀਕ ਕਰੋ ਜਦ ਤੱਕ ਤੁਹਾਡਾ ਯੂਸਫ ਨਹੀਂ ਆ ਜਾਂਦਾ ਹੈ !ਸਮਝ ਲੱਗੀ ? " ਮਾਰੂਥਲ ਗੁਲਾਬ ਦੇ ਵਾਂਗੂੰ ਖਿੜ ਜਾਵੇਗਾ, ਅਤੇ ਧਰਮ ਦਾ ਸੂਰਜ ਆਪਣੇ ਖੰਭਾਂ ਵਿੱਚ ਸ਼ਿਫਾ ਲੈ ਕੇ ਉੱਠ ਖੜੋਵੇਗਾ।" ਹੇ ਮੇਰੇ ਪ੍ਰਭੂ !ਅਰੀਜ਼ੋਨਾ ਦੇ ਚੁਫੇਰੇ ਦੀਆਂ ਸਾਰੀਆਂ ਥੋਹਰਾਂ ਸੁੰਦਰ ਰੁੱਖਾਂ ਵਿੱਚ ਬਦਲ ਜਾਣਗੀਆਂ, ਅਤੇ -ਅਤੇ ਇਹ ਸੁੰਦਰ ਹੋਣਗੀਆਂ।

245 ਧਿਆਨ ਦਿਓ, ਇੱਥੇ ਉਹ ਆ ਜਾਂਦਾ ਹੈ ਅਤੇ ਉਹ ਉਹਨਾਂ ਦੇ ਨਾਲ ਇੱਕ ਦਾਅ ਖੇਡਦਾ ਹੈ। ਅਤੇ ਉਹ ਉਹਨਾਂ ਵਿੱਚੋਂ ਇੱਕ ਨੂੰ ਵਾਪਿਸ ਭੇਜ ਦਿੰਦਾ ਹੈ, ਅਤੇ ਉਹ ਪੁੱਛਦਾ ਹੈ, " ਕੀ ਮੇਰਾ ਪਿਤਾ ਅਜੇ ਵੀ ਜੀਉਂਦਾ ਹੈ ?" ਸਮਝੇ ? ਉਹ ਜਾਨਣਾ ਚਾਹੁੰਦਾ ਸੀ ਕਿ ਮੁੰਡੇ ਦਾ ਪਿਤਾ ਜੀਉਂਦਾ ਹੈ।ਉਸਨੇ ਆਖਿਆ, " ਜੀ ਹਾਂ। " ਉਹ ਜਾਣਦਾ ਸੀ ਕਿ ਉਹ ਉਸਦਾ ਭਰਾ ਹੈ।ਪ੍ਰੰਤੂ ਕੀ ਤੁਸੀਂ ਧਿਆਨ ਦਿੱਤਾ, ਕਿ ਉਹ ਕਦ ਆਪਣੇ ਆਪ ਨੂੰ ਆਪਣੇ ਭਾਈਆਂ ਤੇ ਪ੍ਰਗਟ ਕਰਨ ਲਈ ਤਿਆਰ ਹੋਇਆ?

246 ਅਤੇ ਉਸਨੇ ਛੋਟੇ ਬਿਨਯਾਮੀਨ ਨੂੰ ਵੇਖ ਲਿਆ ਜੋ ਕਿ ਉਸਦੇ ਜਾਣ ਤੋਂ ਬਾਦ ਜੰਮਿਆ ਸੀ। ਅਤੇ ਇਹ ਉਹਨਾਂ ਯਹੂਦੀਆਂ ਨੂੰ ਦਰਸਾਉਂਦਾ ਹੈ ਜੋ ਇੱਕ ਲੱਖ ਚੁਤਾਲੀ ਹਜ਼ਾਰ ਹਨ ਜੋ ਕਿ ਹੁਣ ਉੱਥੇ ਇਕੱਠੇ ਹੋ ਰਹੇ ਹਨ ਜਦ ਉਹ ( ਮਸੀਹ)ਚਲਾ ਗਿਆ ਸੀ। ਅਤੇ ਜਦ ਉਹ ਵਾਪਿਸ ਆਇਆ, ਉਹਨੇ ਕਿਹਾ ........ ਅਤੇ ਜਦ ਉਸਨੇ ਬਿਨਯਾਮੀਨ ਵੱਲ ਵੇਖਿਆ, ਤਾਂ ਉਸਦਾ ਦਿਲ ਭਰ ਜਾਣ ਨੂੰ ਸੀ।

247 ਅਤੇ ਯਾਦ ਰਹੇ, ਉਹ ਨਹੀਂ ਜਾਣਦੇ ਸਨ ਕਿ ਉਹ ਇਬਰਾਨੀ ਭਾਸ਼ਾ ਬੋਲ ਸੱਕਦਾ ਹੈ।ਉਹ ਉਹਨਾਂ ਨਾਲ ਤਰਜ਼ਮਾ ਕਰਨ ਵਾਲੇ ਦੀ ਸਹਾਇਤਾ ਨਾਲ ਗੱਲ ਕਰ ਰਿਹਾ ਸੀ। ਉਹਨੇ ਇਸ ਤਰ੍ਹਾਂ ਦਾ ਵਤੀਰਾ ਕੀਤਾ ਜਿਵੇਂ ਕਿ ਉਹ ਮਿਸਰੀ ਹੋਵੇ।ਸਮਝੇ ? ਅਤੇ ਤਦ ਜਦ ਜਾਣੂ ਕਰਾ ਦਿੱਤਾ ਗਿਆ ਤਾਂ ਉਹ ਆਪਣੇ ਆਪ ਨੂੰ ਵੀ ਪਗਟ ਕਰਨਾ ਚਾਹੁੰਦਾ ਸੀ। ਉਹ ਛੋਟੇ ਬਿਨਯਾਮੀਨ ਵੱਲ ਵੇਖਦਾ



157 ਹੇ ਮੇਰੇ ਪ੍ਰਭੂ !ਹੁਣ, "ਸਵਰਗੀ ਸਥਾਨਾਂ ਵਿੱਚ ਬੈਠੇ ਹੋਣ ਦੀ ਗੱਲ ਕਰਦੇ ਹੋ "? ਇਹ ਕੀ ਹੋਵੇਗਾ !ਜੇ ਅਸੀਂ ਇੱਥੇ ਇਸ ਧਰਤੀ ਉੱਤੇ ਬੈਠੇ ਹੋਏ ਹਾਂ ਅਤੇ ਇੱਥੇ ਇਸ ਕੰਧ ਦੇ ਚਾਰੇ ਪਾਸੇ ਖੜੇ ਹਾਂ, ਅਤੇ ਵਰਖਾ ਵਿੱਚ ਸਿਰਫ ਇਸਨੂੰ ਸੁਣਨ ਲਈ ਖੜੇ ਹਾਂ, ਅਤੇ ਸੁਰਗ ਤੇ ਉਠਾਏ ਜਾਣ ਤੋਂ ਪਹਿਲਾਂ ਇਸ ਹਾਲਤ ਵਿੱਚ ਜਿਸ ਵਿੱਚ ਕਿ ਅਸੀਂ ਹੁਣ ਹਾਂ, ਆਪਣੇ ਆਪ ਨੂੰ ਸੁਰਗੀ ਥਾਵਾਂ ਵਿੱਚ ਬੈਠੇ ਹੋਏ ਮਹਿਸੂਸ ਕਰ ਸੱਕਦੇ ਹਾਂ, ਅਰ ਸੁਰਗੀ ਥਾਂਵਾਂ ਵਿੱਚ ਬੈਠੇ ਹੋਣ ਦਾ ਅਨੰਦ ਲੈ ਸੱਕਦੇ ਹਾਂ, ਤਾਂ ਉਸ ਵੇਲੇ ਕੀ ਹੋਵੇਗਾ ਜਦ ਅਸੀਂ ਉਸਨੂੰ ਉੱਥੇ ਆਪਣੇ ਸਿੰਘਾਸਣ ਦੇ ਉੱਤੇ ਬੈਠੇ ਹੋਏ ਨੂੰ ਵੇਖਾਂਗੇ! ਔਹ, ਮੇਰੇ ਖੁਦਾ ! ਇਹ ਬਹੁਤ ਹੀ ਮਹਿਮਾਂ ਭਰਿਆ ਸਮਾਂ ਹੋਵੇਗਾ।

158 ਜਦ ਉਹ ਪਿਤਾ ਦੇ ਸਿੰਘਾਸਣ ਨੂੰ ਛੱਡ ਕੇ ਅਗਾਂਹ ਵਧਿਆ .......... ਉਸਦਾ ਪੁੱਤਰ ਬਣਨ ਲਈ ........ ਉਹ ਦਾਊਦ ਦਾ ਪੁੱਤਰ ਹੈ।ਬਿਲਕੁੱਲ ਇਹ ਹੀ ਇਸਰਾਏਲੀਆਂ ਨੇ ਸੋਚਿਆ ਸੀ ਕਿ ਉਹ ਇਹ ਕਰੇਗਾ।ਯਾਦ ਕਰੋ, ਇਸੇ ਲਈ ਉਸ ਕਨਾਨੀ ਔਰਤ ਨੇ ਕਿਹਾ ਸੀ, "ਹੇ ਦਾਊਦ ਦੇ ਪੁੱਤਰ!" ਯਾਦ ਰੱਖੋ ਉਸ ਅੰਨੇ ਬਰਥੁਲਮਈ ਨੇ ਆਖਿਆ, " ਹੇ ਦਾਊਦ ਦੇ ਪੁੱਤਰ !"ਅਹ-ਅਹਹ! ਅਤੇ ਪ੍ਰਭੂ ਯਿਸੂ ਜਾਣਦਾ ਸੀ ਕਿ ਯੋਜਨਾ ਕੀ ਸੀ, ਪ੍ਰੰਤੂ ਉਹ ਨਹੀਂ ਜਾਣਦੇ ਸਨ। ਉਹਨਾਂ ਨੇ ਉਸਨੂੰ ਧੱਕੇ ਨਾਲ ਸਿੰਘਾਸਣ ਤੇ ਬਿਠਾਉਣਾ ਚਾਹਿਆ, ਅਤੇ ਇੱਥੋਂ ਤੱਕ ਕਿ ਪਿਲਾਤੂਸ ਨੇ ਵੀ ਉਸਨੂੰ ਇਹੋ ਹੀ ਪੁੱਛਿਆ।

159 ਪਰ ਉਸਨੇ ਕਿਹਾ, "ਜੇ ਮੇਰਾ ਰਾਜ ਇਸ ਜਗਤ ਦਾ ਹੁੰਦਾ ਤਾਂ ਮੇਰੀ ਪਰਜਾ ਯੁੱਧ ਕਰਦੀ। ਮੇਰੀ ਬਾਦਸ਼ਾਹੀ ਤਾਂ ਉੱਪਰਲੀ ਹੈ। " ਪਰ ਉਹਨੇ ਆਖਿਆ, " ਜਦ ਤੁਸੀਂ ਦੁਆ ਕਰੋ ਤਾਂ ਆਖੋ, "ਤੇਰਾ ਰਾਜ ਆਵੇ। ਤੇਰੀ ਮਰਜ਼ੀ ਜਿਸ ਤਰ੍ਹਾਂ ਅਸਮਾਨ ਤੇ ਪੂਰੀ ਹੁੰਦੀ ਹੈ ਜ਼ਮੀਨ ਤੇ ਵੀ ਹੋਵੇ।"

ਆਮੀਨ। ਅਹ-ਹਹਹ ! ਇਹ ਮਹਾਨ ਗੱਲ ਕੇਡੀ ਮਹਿਮਾਂ ਵਾਲੀ ਹੈ !

160 ਪਿਤਾ ਦੇ ਸਿੰਘਾਸਣ ਨੂੰ ਛੱਡ ਦਿੱਤਾ ਤਾਂ ਕਿ ਆਪਣਾ ਸਿੰਘਾਸਣ ਲਵੇ।ਹੁਣ ਉਹ ਆਪਣੇ ਵਿਚੋਲਗੀ ਦੇ ਕੰਮ ਨੂੰ ਛੱਡ ਕੇ ਆਪਣੇ ਸਿੰਘਾਸਣ ਦਾ, ਅਤੇ ਆਪਣੇ ਛੁਡਾਇਆ ਹੋਇਆਂ ਦਾ ਦਾਅਵਾ ਕਰਨ ਲਈ ਆਉਂਦਾ ਹੈ। ਇਹ ਹੀ ਹੈ ਜੋ ਉਹ ਕਰਨ ਲਈ ਆਪਣੇ ਪਿਤਾ ਦੇ ਸਿੰਘਾਸਣ ਤੋਂ ਬਾਹਰ ਆਉਂਦਾ ਹੈ। ਅਜਿਹਾ ਤਦ ਹੁੰਦਾ ਹੈ ਜਦੋਂ ਸ਼ੇਰ ਵਰਗੇ ਜੰਤੂ ਨੇ ਯੂਹੰਨਾ ਨੂੰ ਆਖਿਆ, " ਆ, ਵੇਖ। " ਧਿਆਨ ਦਿਓ। ਕੀ ਤੁਸੀਂ ਇਸਨੂੰ ਪੜ੍ਹ ਰਹੇ ਹੋ।

*....... ਮੋਹਰਾਂ ਵਿੱਚੋਂ ਇੱਕ ਨੂੰ ਖੋਲ੍ਹਿਆ ਤਾਂ ...........ਬੱਦਲ ਦੀ ਗਰਜ਼ ਜਿਹੀ ਅਵਾਜ਼ ਹੋਈ, ਅਤੇ ਉਹਨਾਂ ਜੰਤੂਆਂ ਵਿੱਚੋਂ ਇੱਕ ਨੇ ਕਿਹਾ .......*

161 ਤੁਸੀਂ ਜਾਣਦੇ ਹੋ ਕਿ ਜੰਤੂ ਕੀ ਹਨ। ਅਸੀਂ ਉਹਨਾਂ ਨੂੰ ਲੈ ਕੇ ਅਧਿਐਨ ਕੀਤਾ ਹੈ।ਉਹਨਾਂ ਵਿੱਚੋਂ, ਇੱਕ ਜੰਤੂ ਸ਼ੇਰ ਵਰਗਾ ਸੀ ; ਇੱਕ ਵਹਿੜਕੇ ਵਰਗਾ ਸੀ ; ਅਤੇ ਇੱਕ ਮਨੁੱਖ ਦੇ ਚਿਹਰੇ ਵਾਂਗ ਸੀ ; ਅਤੇ ਇੱਕ ਉਡਦੇ ਹੋਏ ਉਕਾਬ ਵਾਂਗੂੰ ਸੀ। " ਹੁਣ ਇਸ ਪਹਿਲੇ ਜੰਤੂ ਨੇ ਆਖਿਆ ......... ਧਿਆਨ ਦਿਓ, ਹਰ ਇੱਕ ਵਾਰ ਇੱਕ ਵੱਖਰਾ ਜੰਤੂ ਹੁੰਦਾ ਹੈ, ਜਦ ਤੱਕ ਕਿ ਚਾਰੋ ਘੁੜਸਵਾਰ ਲੰਘ ਨਹੀਂ ਜਾਂਦੇ ਹਨ।ਚਾਰ ਘੋੜ ਸਵਾਰ ਹਨ ਅਤੇ ਚਾਰ ਹੀ ਜੰਤੂ ਹਨ।

162 ਧਿਆਨ ਦਿਓ ਕਿ ਉਹਨਾਂ ਜੰਤੂਆਂ ਵਿੱਚੋਂ ਹਰ ਇੱਕ ਘੋਸ਼ਣਾ ਕਰਦਾ ਹੈ।ਇਹ ਚਾਰ ਜੰਤੂ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਹਨ।ਅਸੀਂ ਇਸਨੂੰ ਫਿਰ ਵੇਖਣ ਜਾ ਰਹੇ ਹਾਂ, ਅਤੇ ਇਹ ਸਾਬਤ

ਕਰਨ ਜਾ ਰਹੇ ਹਾਂ ਕਿ ਕੌਣ ਮੱਤੀ ਹੈ, ਮਰਕੁਸ ਕੌਣ ਹੈ, ਲੂਕਾ ਕੌਣ ਹੈ, ਅਤੇ ਯੂਹੰਨਾ ਕੌਣ ਹੈ, ਉਹਨਾਂ ਵਿੱਚੋਂ ਹਰ ਇੱਕ ਜਿਵੇਂ ਕਿ ਉਹ ਲੰਘੇ ! .......?.......

*.........ਉਹਨਾਂ ਚੋਹਾਂ ਜੰਤੂਆਂ ਵਿੱਚੋਂ ....... ਇੱਕ ਨੇ ਕਿਹਾ, ਆ .........ਵੇਖ*

163 ਉਸਨੇ ਗਰਜ਼ ਦੀ ਅਵਾਜ਼ ਸੁਣੀ। ਅਤੇ ਉਹਨਾਂ ਜੰਤੂਆਂ ਵਿੱਚੋਂ ਇੱਕ ਨੇ ਕਿਹਾ, " ਹੁਣ ਆ ਅਤੇ ਵੇਖ। "

164 ਹੁਣ ਦੂਸਰੇ ਲਫਜ਼ਾਂ ਵਿੱਚ ਹੁਣ ਲੇਲਾ *ਇੱਥੇ* ਖੜਾ ਹੈ, ਅਤੇ ਯੂਹੰਨਾ ਇਸਨੂੰ ਵਾਪਰਦਿਆਂ ਹੋਇਆਂ ਵੇਖ ਰਿਹਾ ਹੈ। ਲੇਲਾ ਸਿੰਘਾਸਣ ਤੋਂ ਆਇਆ ਜਿਵੇਂ ਕਿ ਮੰਨੋ ਕੋਹਿਆ ਗਿਆ ਹੋਵੇ, ਵੇਖੋ ਉਹ ਲਹੂ ਨਾਲ ਭਰਿਆ ਹੋਇਆ ਸੀ। ਇਹ ਉਹ ਸੀ ਜੋ ਯੋਗ ਨਿੱਕਲਿਆ ਸੀ। ਅਤੇ ਜਦ ਉਹ ਉੱਥੇ ਪਹੁੰਚਿਆ ਤਾਂ ਉਸਨੇ ਉਸ ਪੋਥੀ ਨੂੰ ਲੈ ਲਿਆ, ਅਤੇ ਤਦ ਹਰੇਕ ਚੀਜ਼ ਨੇ ਜੈ ਕਾਰੇ ਮਾਰਨੇ ਅਤੇ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਅਤੇ ਉੱਚੀ ਅਵਾਜ਼ ਵਿੱਚ ਬੋਲਣ ਲੱਗ ਪਏ, ਤੁਸੀਂ ਵੇਖੋ, ਕਿਉਂਕਿ ਉਹ ਜਾਣਦੇ ਸਨ ਕਿ ਉਹਨਾਂ ਦੇ ਨਿਸਤਾਰੇ ਦਾ ਮੁੱਲ ਤਾਰ ਦਿੱਤਾ ਗਿਆ ਹੈ।

165 ਹੁਣ ਉਹ ਆਪਣਿਆਂ ਦਾ ਦਾਅਵਾ ਕਰਨ ਦੇ ਲਈ ਆ ਗਿਆ ਹੈ। ਇਸ ਲਈ ਉਹ ਪੋਥੀ ਨੂੰ ਲੈਂਦਾ ਹੈ, ਯੂਹੰਨਾ ਦੇ ਸਾਹਮਣੇ ਖੜਾ ਹੁੰਦਾ ਹੈ, ਅਤੇ ਉਸਨੇ ਪਿਛਾਂਹ ਨੂੰ ਖਿੱਚ ਕੇ ਮੋਹਰ ਤੋੜ ਦਿੱਤੀ। ਮੋਹਰ ਨੂੰ ਤੋੜਦਾ ਹੈ !ਅਤੇ ਜਦ ਉਹ ਮੋਹਰ ਨੂੰ ਤੋੜਦਾ ਹੈ, ਤਾਂ ਉਸ ਜਗ੍ਹਾ ਤੇ ਤਾੜੀ ਵਾਂਙੂ ਗਰਜ਼ ਦੀ ਅਵਾਜ਼ ਹੁੰਦੀ ਹੈ। ਅਤੇ ਜਦ ਗਰਜ਼ ਹੋਈ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਯੂਹੰਨਾ ਉਤਾਂਹ ਹਵਾ ਵਿੱਚ ਉੱਛਲ ਪਿਆ ਹੋਵੇਗਾ, ਜਦ ਗਰਜ਼ ਦੀ ਅਵਾਜ਼ ਹੋਈ ਹੋਵੇਗੀ।

166 ਅਤੇ ਤਦ ਚੋਹਾਂ ਜੰਤੂਆਂ ਵਿੱਚੋਂ ਇੱਕ ਨੇ ਆਖਿਆ, " ਹੁਣ ਆ ਜਾਹ ਅਤੇ ਵੇਖ ਕਿ ਇਹ ਕੀ ਹੈ, ਇਸਦੇ ਹੇਠਾਂ ਕੀ ਪ੍ਰਗਟ ਕੀਤਾ ਗਿਆ ਹੈ।" ਹੇ ਮੇਰੇ ਪ੍ਰਭੂ !ਉਸਨੇ ਕਿਹਾ, " ਯੂਹੰਨਾ ਜੋ ਤੂੰ ਵੇਖਦਾ ਹੈਂ ਲਿਖ ਦੇ। " ਇਸ ਲਈ ਯੂਹੰਨਾ ਦੇਖਣ ਲਈ ਜਾਂਦਾ ਹੈ ਕਿ ਇਹ ਕੀ ਹੈ।ਯੂਹੰਨਾ ਵੇਖਣ ਲਈ ਜਾਂਦਾ ਹੈ ਕਿ ਗਰਜ਼ ਨੇ ਕੀ ਕਿਹਾ ਸੀ।ਅਜਿਹਾ ਤਦ ਹੋਇਆ ਜਦ ਇਸ ਜੰਤੂ ਨੇ ਕਿਹਾ, " ਯੂਹੰਨਾ ਆ, ਅਤੇ ਵੇਖ ਕਿ ਪਹਿਲੀ ਮੋਹਰ ਦੇ ਥੱਲੇ ਕੀ ਭੇਤ ਹੈ। " [ਭਾਈ ਬ੍ਰਾਨਹਾਮ ਚਾਰ ਵਾਰ ਪੁਲਪਿਟ ਖੜਕਾਉਂਦੇ ਹਨ-ਸੰਪਾ] ਗਰਜ਼ ਨੇ, ਸਿਰਜਣ ਹਾਰੇ ਦੀ ਅਵਾਜ਼ ਨੇ ਇਸਨੂੰ ਬੋਲਿਆ ਸੀ। ਹੁਣ, ਉਹਨੂੰ ਇਹ ਜਾਨਣਾ ਚਾਹੀਦਾ ਸੀ ਕਿ ਉੱਥੇ ਕੀ ਹੈ ਅਰਥਾਤ ਮੋਹਰ ਵਿੱਚ ਕੀ ਹੈ। ਸਮਝੇ? ਹੇ ਮੇਰੇ ਪ੍ਰਭੂ !ਪਰ ਹੁਣ ਸੋਚੋ ਉਸਨੇ ਇਹ ਲਿਖਿਆ ਸੀ।

167 ਪ੍ਰੰਤੂ ਜੱਦ ਯੂਹੰਨਾ ਨੇ ਗਰਜ਼ਾਂ ਦੇ ਉਹਨਾਂ ਸੱਤਾਂ ਸ਼ਬਦਾਂ ਨੂੰ ਲਿਖਣਾ ਸ਼ੁਰੂ ਕੀਤਾ, ਤਾਂ ਉਸਨੇ ਯੂਹੰਨਾ ਨੂੰ ਕਿਹਾ " ਇਹਨਾਂ ਨੂੰ ਨਾ ਲਿਖ। " ਜੋ ਕੁਝ ਯੂਹੰਨਾ ਨੇ ਵੇਖਿਆ ਉਸਨੇ ਉਹ ਸੱਭ ਕੁਝ ਲਿਖਣ ਦਾ ਉਸਨੂੰ ਇਖਤਿਆਰ ਦਿੱਤਾ। ਪ੍ਰੰਤੂ ਜਦ ਪ੍ਰਕਾਸ਼ ਦੀ ਪੋਥੀ 10 ਬਾਬ ਵਿੱਚ ਸੱਤ ਗਰਜ਼ਾਂ ਹੋਈਆਂ ਤਾਂ ਉਸਨੇ ਯੂਹੰਨਾ ਨੂੰ ਆਖਿਆ, " ਇਹਨਾਂ ਨੂੰ ਬਿਲਕੁੱਲ ਨਾ ਲਿਖ। " ਉਹ ਭੇਦ ਹਨ।ਅਸੀਂ ਹਾਲੇ ਤੱਕ ਨਹੀਂ ਜਾਣਦੇ ਹਾਂ ਕਿ ਉਹ ਕੀ ਹਨ।ਪ੍ਰੰਤੂ ਮੇਰਾ ਵਿਚਾਰ ਹੈ ਕਿ ਉਹ ਜਲਦੀ ਪ੍ਰਗਟ ਹੋ ਜਾਣਗੇ। ਅਤੇ ਜਦ ਅਜਿਹਾ ਹੋਵੇਗਾ, ਤਾਂ ਇਹ ਸਵਰਗ ਤੇ ਉਠਾਏ ਜਾਣ ਵਾਲੇ ਵਿਸ਼ਵਾਸ਼ ਦੇ ਲਈ ਕਿਰਪਾ ਦੇਣਗੀਆਂ, ਕਿ ਕਲੀਸਿਯਾ ਚਲੀ ਜਾਵੇ।ਸਮਝੇ ?

ਅਰਥ ਦੱਸ ਸੱਕਦਾ ਸੀ। ਅਤੇ ਜਦ ਉਸਨੇ ਇਸ ਤਰ੍ਹਾਂ ਕੀਤਾ ਤਾਂ ਉਸਨੂੰ ਚਾਂਦੀ ਦੇ ਲੱਗਭੱਗ ਤੀਹ ਸਿੱਕਿਆਂ ਵਿੱਚ ਵੇਚ ਦਿੱਤਾ ਗਿਆ ਅਤੇ ਉਸਨੂੰ ਗੁਲਾਮ ਬਣਾ ਕੇ ਕਿਸੇ ਹੋਰ ਦੇਸ਼ ਵਿੱਚ ਲਿਆਂਦਾ ਗਿਆ। ਉਸਨੇ ਮਸੀਹ ਦੇ ਰੂਪ ਨੂੰ ਪੂਰੀ ਤਰ੍ਹਾਂ ਦਰਸਾਇਆ ਹੈ, ਕਿਉਂਕਿ ਇਹ ਮਸੀਹ ਦਾ ਆਤਮਾ ਸੀ ਜਿਹੜਾ ਯੂਸਫ ਦੇ ਅੰਦਰ ਸੀ।

235 ਧਿਆਨ ਦਿਓ ਤਦ ਕੀ ਹੋਇਆ ਸੀ। ਅਤੇ ਇਸ ਤੇ ਧਿਆਨ ਦਿਓ, ਕਿ ਜਦ ਉਸਨੇ ਅਜਿਹਾ ਕੀਤਾ ਤਾਂ ਉਸਨੂੰ ਜੇਲ ਵਿੱਚ ਸੁੱਟ ਦਿੱਤਾ ਗਿਆ, ਅਤੇ ਇੱਕ ਬਚ ਗਿਆ ਅਤੇ ਦੂਸਰਾ ਨਾਸ਼ ਹੋ ਗਿਆ। ਬਿਲਕੁੱਲ ਇਸੇ ਤਰ੍ਹਾਂ ਹੀ ਯਿਸੂ ਦੇ ਨਾਲ ਹੋਇਆ ਸੀ, ਜਦ ਉਹ ਸਲੀਬ ਰੂਪੀ ਕੈਦ ਵਿੱਚ ਸੀ ਤਾਂ ਇੱਕ ਡਾਕੂ ਬਚ ਗਿਆ ਸੀ ਅਤੇ ਦੂਸਰਾ ਨਾਸ਼ ਹੋ ਗਿਆ ਸੀ।

236 ਇਹ ਸੋਚ ਕੇ ਕਿ ਯੂਸਫ ਮਰ ਗਿਆ ਹੈ, ਉਸਨੂੰ ਕਬਰ ਵਿੱਚ ਸੁੱਟ ਦਿੱਤਾ ਗਿਆ ਸੀ, ਅਤੇ ਉਸਨੂੰ ਬਾਹਰ ਕੱਢਿਆ ਗਿਆ ਅਤੇ ਉਹ ਫਿਰਾਊਨ ਦੇ ਸੱਜੇ ਹੱਥ ਬਿਠਾਇਆ ਗਿਆ, ਅਤੇ ਕੋਈ ਵੀ ਆਦਮੀ ਫਿਰਾਊਨ ਨੂੰ ਨਹੀਂ ਮਿਲ ਸੱਕਦਾ ਸੀ ਜਦ ਤੱਕ ਕਿ ਉਹ ਪਹਿਲਾਂ ਯੂਸਫ ਨੂੰ ਨਾ ਮਿਲ ਲਵੇ। ਯਿਸੂ ਪ੍ਰਮੇਸ਼ੁਰ ਦੇ ਸੱਜੇ ਹੱਥ ਬੈਠਾ ਹੋਇਆ ਹੈ ਅਤੇ ਪੁੱਤਰ ਤੋਂ ਬਗੈਰ ਕੋਈ ਵੀ ਪਿਤਾ ਦੇ ਕੋਲ ਨਹੀਂ ਆ ਸੱਕਦਾ। ਠੀਕ ਹੈ।

237 ਹੁਣ ਉਸ ਤੇ ਧਿਆਨ ਦਿਓ, ਜਦ ਯੂਸਫ ਹਰ ਵਾਰ ਬਾਹਰ ਨਿੱਕਲਦਾ ਹੈ, ਜਦ ਯੂਸਫ ਉਸ ਸਿੰਘਾਸਣ ਦੇ ਸੱਜੇ ਪਾਸਿਓਂ ਉੱਠਦਾ ਸੀ। ਧਿਆਨ ਦਿਓ !ਮਹਿਮਾਂ ਹੋਵੇ !ਯੂਸਫ ਫਿਰਾਊਨ ਦੇ ਸੱਜੇ ਪਾਸੇ ਬਿਰਾਜਮਾਨ ਸੀ, ਅਤੇ ਜਦ ਉਹ ਸਿੰਘਾਸਣ ਤੋਂ ਉੱਠ ਕੇ ਬਾਹਰ ਨਿੱਕਲਦਾ ਸੀ ਤਾਂ ਤੁਰ੍ਹੀ ਫੂਕੀ ਜਾਂਦੀ ਸੀ। " ਹਰ ਇੱਕ ਆਪਣੇ ਗੋਡੇ ਟੇਕ ਦੇਵੇ !" ਯੂਸਫ ਆ ਰਿਹਾ ਹੈ !"

238 ਜਦ ਲੇਲੇ ਦੇ ਵਿਚੋਲਗੀ ਦੇ ਦਿਨਾਂ ਦਾ ਖਾਤਮਾ ਹੋ ਜਾਂਦਾ ਹੈ, ਅਤੇ ਲੇਲਾ ਸਿੰਘਾਸਣ ਨੂੰ ਛੱਡ ਦਿੰਦਾ ਹੈ ਅਤੇ ਛੁਟਕਾਰੇ ਦੀ ਪੋਥੀ ਨੂੰ ਲੈ ਲੈਂਦਾ ਹੈ ਅਤੇ ਅੱਗੇ ਵੱਧਦਾ ਹੈ ਤਾਂ ਹਰ ਇੱਕ ਗੋਡਾ ਉਸਦੇ ਅੱਗੇ ਝੁਕੇਗਾ।ਅਤੇ ਉਹ ਉੱਥੇ ਹੈ। ਧਿਆਨ ਦਿਓ।

239 ਅਤੇ ਜਦ ਯੂਸਫ ਨੂੰ ਉਸਦੇ ਭਾਈਆਂ ਨੇ ਠੁਕਰਾ ਦਿੱਤਾ, ਤਾਂ ਉਸਨੂੰ ਪਰਾਈ ਜਾਤੀਆਂ ਦੀ ਦੁਲਹਨ ਦਿੱਤੀ ਗਈ।ਪੋਤੀਫਰ ਨੇ ਉਸਨੂੰ ਦਿੱਤੀ ਸੀ ........ ਜਾਂ ਫਿਰਾਊਨ ਨੇ ਉਸਨੂੰ ਗੈਰ ਕੌਮਾਂ ਵਿੱਚੋਂ ਪਤਨੀ ਦਿੱਤੀ ਅਤੇ ਉਸਨੇ ਜੋ ਸੰਤਾ ਪੈਦਾ ਕੀਤੀ ਉਹ ਅੱਧੀ ਗੈਰ ਕੌਮ ਅਤੇ ਅੱਧੀ ਯਹੂਦੀ ਸੰਤਾਨ ਸੀ। ਉਹ ਇੱਕ ਮਹਾਨ ਨਮੂਨਾ ਦਿੰਦੇ ਹਨ। ਜਦ ਯਕੂਬ ਉਹਨਾਂ ਨੂੰ ਬਰਕਤ ਦੇ ਰਿਹਾ ਸੀ ਤਾਂ ਇੱਕ ਪਾਸੇ ਇਫਰਾਇਮ ਅਤੇ ਇੱਕ ਪਾਸੇ ਮਨੱਸ਼ਾਹ ਸੀ, ਅਤੇ ਉਸਨੇ ਆਪਣੇ ਹੱਥਾਂ ਨੂੰ ਬਦਲ ਕੇ ਛੋਟੇ ਬੱਚੇ ਨੂੰ ਬਰਕਤ ਦਿੱਤੀ। ਅਤੇ ਉਹਨਾਂ ਦੋਨਾਂ ਬੱਚਿਆਂ ਨੂੰ ਬਾਰਾਂ ਗੋਤਾਂ ਵਿੱਚ ਸ਼ਾਮਿਲ ਕੀਤਾ ਗਿਆ ਸੀ ਜੋ ਕਿ ਉਸ ਸਮੇਂ ਦਸ ਹੀ ਗੋਤ ਸਨ, ਉਸਨੇ ਉਹਨਾਂ ਨੂੰ ਖੁਦ ਯਕੂਬ ਵਿੱਚ ਬਰਕਤ ਦਿੱਤੀ।ਅਤੇ ਯੂਸਫ ਉਸਦਾ ਨਬੀ ਪੁੱਤਰ ਜੋ ਉੱਥੇ ਖੜਾ ਸੀ ਅਤੇ ਉਸਨੇ ਆਪਣੇ ਪਿਤਾ ਨੂੰ ਕਿਹਾ, " ਪਿਤਾ ਜੀ ਤੁਸੀਂ ਗਲਤ ਕੰਮ ਕੀਤਾ ਹੈ, ਤੂੰ ਆਪਣੀਆਂ ਬਰਕਤਾਂ ਵਾਲਾ ਸੱਜਾ ਹੱਥ ਛੋਟੇ ਉੱਤੇ ਰੱਖਿਆ ਹੈ ਜਦ ਕਿ ਇਹ ਵੱਡੇ ਉੱਤੇ ਰੱਖਿਆ ਜਾਣਾ ਚਾਹੀਦਾ ਸੀ। "

240 ਅਤੇ ਉਸਨੇ ਕਿਹਾ, "ਮੈਂ ਜਾਣਦਾ ਹਾਂ ਕਿ ਮੇਰੇ ਹੱਥ ਬਦਲ ਗਏ ਹਨ ਪ੍ਰੰਤੂ ਪ੍ਰਮੇਸ਼ੁਰ ਨੇ ਹੀ ਉਹਨਾਂ ਨੂੰ ਬਦਲ ਦਿੱਤਾ ਹੈ।" ਕਿਉਂ ਇਸ ਤਰ੍ਹਾਂ ਹੋਇਆ ? ਇਸਰਾਈਲ ਦੇ ਕੋਲ ਲਾੜੀ ਬਣਨ

*ਉਹ ਪੇਵਾਂ ਦੇ ਦਿਲ ਬਾਲਕਾਂ ਵੱਲ ਅਤੇ ਬਾਲਕਾਂ ਦੇ ਦਿਲ ਪੇਵਾਂ ਵੱਲ ਮੋੜੇਗਾ, ਮਤੇ ਮੈਂ ਆਵਾਂ ਅਤੇ ਧਰਤੀ ਦਾ ਸੱਤਿਆ ਨਾਸ਼ ਕਰਾਂ।* (ਓਹ! )

230 ਇਸੇ ਤਰ੍ਹਾਂ ਹੀ ਹੋਵੇਗਾ। ਇਹ ਖੁਦਾ ਦਾ ਵਚਨ ਹੈ। ਉਸਨੇ ਇਸਦਾ ਵਾਇਦਾ ਕੀਤਾ ਹੈ। ਉਸਨੂੰ ਆਉਣਾ ਚਾਹੀਦਾ ਹੈ। ਹੁਣ ਜੇ ਤੁਸੀਂ ਧਿਆਨ ਦਿਓ ਤਾਂ ਤੁਸੀਂ ਵੇਖੋਗੇ ਕਿ ਇਹ ਕਿਵੇਂ ਹੁੰਦਾ ਹੈ।ਖੁਦਾ ਇਹ ਕਿਸ ਤਰ੍ਹਾਂ ਕਰਦਾ ਹੈ, ਇਹ ਬਹੁਤ ਹੀ ਸੋਹਣੀ ਗੱਲ ਹੈ।ਲਾੜੀ ਲਾੜੇ ਦੇ ਨਾਲ ਚਲੀ ਜਾਂਦੀ ਹੈ। ਅਤੇ ਫਿਰ ਦੁਸ਼ਟਾਂ ਨੂੰ ਨਾ ਬੁਝਣ ਵਾਲੀ ਅੱਗ ਵਿੱਚ ਸਾੜ ਦਿੱਤਾ ਜਾਂਦਾ ਹੈ।ਅਤੇ ਧਰਤੀ ਦੇ ਸ਼ੁੱਧ ਹੋਣ ਤੋਂ ਬਾਦ ਇਹ ਆਪਣੇ ਆਪ ਨੂੰ ਦੁਬਾਰਾ ਪੈਦਾ ਕਰਦੀ ਹੈ। ਹਰ ਇੱਕ ਚੀਜ਼ ਨੇ ਇਸੇ ਤਰ੍ਹਾਂ ਹੀ ਕਰਨਾ ਹੈ, ਹਰ ਇੱਕ ਚੀਜ਼ ਨੇ ਸ਼ੁੱਧ ਹੋਣ ਦੀ ਵਿਧੀ ਰਾਹੀਂ ਲੰਘਣਾ ਹੈ।

231 ਉਸ ਮਹਾਨ ਅੰਤ ਦੇ ਸਮੇਂ ਵਿੱਚ ਜਵਾਲਾ ਮੁਖੀ ਫੁੱਟ ਨਿੱਕਲਣਗੇ, ਅਤੇ ਸੰਸਾਰ ਫਟ ਜਾਵੇਗਾ ਅਤੇ ਉਬਾਲੇ ਖਾਵੇਗਾ ਅਤੇ ਅਗਾਂਹ ਵਧੇਗਾ ; ਅਤੇ ਇਹ ਸਾਰੇ ਪਾਪ ਦੇ ਅੱਡੇ, ਅਤੇ ਸੱਭ ਕੁਝ ਜੋ ਧਰਤੀ ਦੇ ਉੱਤੇ ਹੈ, ਉਹ ਸੱਤਿਆ ਨਾਸ਼ ਹੋ ਜਾਵੇਗਾ। ਅਤੇ ਧਰਤੀ ਅਜਿਹੀ ਡਾਢੀ ਅੱਗ ਦੇ ਨਾਲ ਸੜੇਗੀ ਕਿ ਜਿਵੇਂ ਸਿਆਹੀ ਦੀ ਬੂੰਦ ਉਸ ਬਲੀਚ ਜਾਂ ਰੰਗ ਕਾਟ ਵਿੱਚ ਪੈਣ ਤੇ ਵਾਪਿਸ ਆਪਣੀ ਮੂਲ ਅਵਸਥਾ ਵਿੱਚ ਬਦਲ ਜਾਂਦੀ ਹੈ। ਇਸੇ ਤਰ੍ਹਾਂ ਹੀ ਪ੍ਰਮੇਸ਼ੁਰ ਵੱਲੋਂ ਆਉਣ ਵਾਲੀ ਅੱਗ ਏਨੀ ਗਰਮ ਹੋਵੇਗੀ ਕਿ ਉਹ ਹਰ ਇੱਕ ਗੰਦਗੀ ਨੂੰ ਫਿਰ ਦੁਬਾਰਾ ਉਸਦੀ ਮੂਲ ਸਥਿਤੀ ਵਿੱਚ ਬਦਲ ਦੇਵੇਗੀ। ਅਤੇ ਜਦ ਸ਼ੈਤਾਨ, ਅਤੇ ਸਾਰਾ ਪਾਪ ਅਤੇ ਇਸੇ ਤਰ੍ਹਾਂ ਦੀਆਂ ਸੱਭ ਚੀਜ਼ਾਂ ਸੜ ਕੇ ਸੁਆਹ ਹੋ ਜਾਣਗੀਆਂ, ਤਾਂ ਧਰਤੀ ਅਜਿਹੀ ਸੁੰਦਰ ਨਿੱਕਲ ਕੇ ਬਾਹਰ ਆਵੇਗੀ ਜਿਵੇਂ ਅਦਨ ਦੇ ਬਾਗ ਵਿੱਚ ਸੀ। ਇਹ ਸੱਚ ਹੈ। ਓਹ, ਸਾਡੇ ਲਈ ਕਿੰਨਾ ਮਹਾਨ ਸਮਾਂ ਅੱਗੇ ਆਉਣ ਵਾਲਾ ਹੈ।

232 ਕਲੇਸ਼ ਦੇ ਸਮੇਂ ਦੌਰਾਨ। ਇੱਥੇ ਇੱਕ ਛੋਟੀ ਜਿਹੀ ਗੱਲ ਹੈ ਜੋ ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ। ਕਸ਼ਟ ਦੇ ਇਸ ਸਮੇਂ ਦੇ ਦੌਰਾਨ ਦੁਲਹਨ ਨੂੰ ਬਾਹਰ ਬੁਲਾਏ ਜਾਣ ਤੋਂ ਬਾਦ, ਨਾਮਧਾਰੀ ਕਲੀਸਿਯਾ ਕਸ਼ਟ ਕਾਲ ਦੇ ਸਮੇਂ ਥਾਣੀਂ ਲੰਘੇਗੀ, ਇੱਕ ਲੱਖ ਚੁਤਾਲੀ ਹਜ਼ਾਰ ਪ੍ਰਕਾਸ਼ ਦੀ ਪੋਥੀ 11 ਦੇ ਦੋ ਗਵਾਹਾਂ ਰਾਹੀਂ ਬਾਹਰ ਬੁਲਾਏ ਜਾਂਦੇ ਹਨ।ਹੁਣ ਵੇਖੋ। ਉਹ ਟਾਟ ਪਹਿਨੇ ਇੱਕ ਹਜ਼ਾਰ ਦੋ ਸੋ ਸੱਠ ਦਿਨ ਭਵਿੱਖਬਾਣੀ ਕਰਨਗੇ।

233 ਹੁਣ ਅਸੀਂ ਜਾਣਦੇ ਹਾਂ ਕਿ ਰੋਮਨ ਕੈਲੰਡਰ ........ਵਿੱਚ ਅੱਠਾਈ ਦਿਨ ਹੁੰਦੇ ਹਨ, ਅਤੇ ਕਦੇ ਕਦੇ ਤੀਹ ਜਾਂ ਇਕੱਤੀ ਦਿਨ ਹੁੰਦੇ ਹਨ। ਪਰ ਅਸਲ ਵਿੱਚ ਕੈਲੰਡਰ ਵਿੱਚ ਹਰ ਇੱਕ ਮਹੀਨੇ ਤੀਹ ਦਿਨ ਹੁੰਦੇ ਹਨ। ਇਹ ਸਹੀ ਗੱਲ ਹੈ। ਅਤੇ ਤੁਸੀਂ ਲਓ ......... ਇੱਕ ਹਜ਼ਾਰ ਦੋ ਸੌਅ ਸੱਠ ਨੂੰ ਲੈ ਕੇ ਤੀਹ ਦੇ ਨਾਲ ਭਾਗ ਕਰੋ, ਅਤੇ ਵੇਖੋ ਕਿ ਤੁਹਾਨੂੰ ਕੀ ਮਿਲਦਾ ਹੈ। ਇਸ ਤਰ੍ਹਾਂ ਕਰਨ ਨਾਲ ਪੂਰੇ ਸਾਢੇ ਤਿੰਨ ਸਾਲ ਬਣਦੇ ਹਨ। ਇਹ ਉਹ ਸਮਾਂ ਹੈ ਜਦ ਮਸੀਹ ਦਾ ਸੰਦੇਸ਼ ਇਸਰਾਇਲ ਵਿੱਚ ਪ੍ਰਚਾਰ ਕੀਤਾ ਜਾਵੇਗਾ, ਜਿਵੇਂ ਕਿ ਪਹਿਲਾਂ ਕੀਤਾ ਗਿਆ ਸੀ। ਜਦ ਉਹ ਵਾਪਿਸ ਆਉਂਦਾ ਹੈ ਤਾਂ ਉਹ ਆਪਣੇ ਆਪ ਨੂੰ ਚਿੰਨ੍ਹਾਂ ਦੇ ਰੂਪ ਵਿੱਚ ਜਾਣੂ ਕਰਾਉਂਦਾ ਹੈ, ਅਜਿਹਾ ਤਦ ਹੁੰਦਾ ਹੈ ਜਦ ਉਹ ਆਵੇਗਾ .........

234 ਯੂਸਫ ਨੂੰ ਪਰਾਏ ਦੇਸ਼ ਵਿੱਚ ਲਿਜਾਇਆ ਗਿਆ, ਉਹ ਆਪਣੇ ਭਰਾਵਾਂ ਦੁਆਰਾ ਰੱਦਿਆ ਗਿਆ, ਕਿਉਂਕਿ ਉਹ ਆਤਮਿਕ ਆਦਮੀ ਸੀ। ਉਹ ਦਰਸ਼ਣ ਵੇਖ ਸੱਕਦਾ ਸੀ, ਅਤੇ ਸੁਫਨਿਆਂ ਦੇ



168 ਅਸੀਂ ਉਹਨਾਂ ਸੱਭ ਚੀਜ਼ਾਂ ਦਾ, ਜਿਹਨਾਂ ਨੂੰ ਅਸੀਂ ਜਾਣਦੇ ਹਾਂ, ਸਾਰਿਆਂ ਸਮਿਆਂ ਤੇ ਯੁੱਗਾਂ ਥਾਣੀ ਲੰਘਦੇ ਹੋਏ ਅਧਿਐਨ ਕਰ ਚੁੱਕੇ ਹਾਂ। ਅਸੀਂ ਸੱਭ ਚੀਜ਼ਾਂ ਨੂੰ ਪਰਖ ਕੇ ਵੇਖ ਚੁੱਕੇ ਹਾਂ। ਅਸੀਂ ਖੁਦਾ ਦੇ ਭੇਤਾਂ ਨੂੰ ਦੇਖ ਚੁੱਕੇ ਹਾਂ। ਅਸੀਂ ਅੰਤ ਦੇ ਦਿਨਾਂ ਵਿੱਚ ਲਾੜੀ ਦੇ ਮਹਾਨ ਇੱਕਠ ਨੂੰ ਪ੍ਰਗਟ ਹੁੰਦੇ ਵੇਖਿਆ ਹੈ। ਪਰ ਤਦ ਵੀ, ਪ੍ਰਕਾਸ਼ ਦੀ ਪੋਥੀ ਵਿੱਚ ਹਾਲੇ ਵੀ ਕੁਝ ਅਜਿਹੀਆਂ ਗੱਲਾਂ ਹਨ ਜਿਹਨਾਂ ਨੂੰ ਅਸੀਂ ਹਲਕੇ ਤੋਰ ਤੇ ਨਹੀਂ ਲੈ ਸੱਕਦੇ ਹਾਂ। ਇਸ ਵਿੱਚ ਹਾਲੇ ਕੁਝ ਹੋਰ ਵੀ ਹੈ।

169 ਪ੍ਰੰਤੂ ਮੈਂ ਕਲਪਨਾ ਕਰਦਾ ਹਾਂ ਕਿ ਜਦ ਯੂਹੰਨਾ ਦੇ ਅੱਗੇ ਭੇਤ ਖੁੱਲ੍ਹਣੇ ਸ਼ੁਰੂ ਹੋਏ, ਤਾਂ ਪ੍ਰਮੇਸ਼ੁਰ ਨੇ ਉਸਨੂੰ ਆਖਿਆ, " ਹੁਣ ਤੂੰ ਇਹਨਾਂ ਨੂੰ ਆਪਣੇ ਤੱਕ ਹੀ ਰੱਖ। ਥੋੜੀ ਦੇਰ ਇੰਤਜ਼ਾਰ ਕਰ। ਮੈਂ ਇਹਨਾਂ ਨੂੰ ਉਸ ਦਿਨ ਪ੍ਰਗਟ ਕਰਾਂਗਾ। ਯੂਹੰਨਾ ਤੂੰ ਇਹਨਾਂ ਨੂੰ ਨਾ ਲਿਖ, ਕਿਉਂਕਿ ਉਹ ਇਸ ਤੋਂ ਠੋਕਰ ਖਾ ਜਾਣਗੇ। ਬਸ-ਬਸ ਇਸਨੂੰ ਇਸੇ ਤਰ੍ਹਾਂ ਹੀ ਰਹਿਣ ਦੇ। ਪਰ ਮੈਂ ਇਸਨੂੰ ਉਸ ਦਿਨ ਪ੍ਰਗਟ ਕਰਾਂਗਾ ਜਿਸ ਦਿਨ ਇਸਨੂੰ ਪ੍ਰਗਟ ਕਰਨ ਦੀ ਲੋੜ ਹੋਵੇਗੀ। "

170 ਉਹ ਸੱਤ ਗਰਜ਼ਾਂ ਐਂਵੇਂ ਹੀ ਨਹੀਂ ਹੋਈਆਂ ਹਨ। ਯਾਦ ਰੱਖੋ, ਜਿਵੇਂ ਕਿ ਸਿਆਹੀ ਦੀ ਛੋਟੀ ਜਿਹੀ ਬੂੰਦ ਦਾ ਕੋਈ ਨਾ ਕੋਈ ਮਤਲਬ ਹੈ, ਹਰ ਇੱਕ ਚੀਜ਼ ਕਿਸੇ ਨਾ ਕਿਸੇ ਮਕਸਦ ਲਈ ਹੈ। ਹਰੇਕ ਚੀਜ਼ ਕਿਸੇ ਉਦੇਸ਼ ਲਈ ਹੁੰਦੀ ਹੈ। ਪਰ ਧਿਆਨ ਦਿਓ, ਸਿਰਜਣ ਹਾਰੇ ਨੇ ਬੋਲਿਆ, ਅਤੇ ਯੂਹੰਨਾ ਨੇ ਉਸ ਅਵਾਜ਼ ਨੂੰ ਸੁਣਿਆ ਅਤੇ ਉਹ ਵੇਖਣ ਲਈ ਗਿਆ।

171 ਪ੍ਰੰਤੂ ਹੁਣ ਲੇਲਾ, ਯੂਹੰਨਾ ਨੂੰ ਚਿੰਨ੍ਹਾਂ ਦੇ ਰੂਪ ਵਿੱਚ ਵਿਖਾ ਰਿਹਾ ਹੈ .......... ਉਹ ਯੂਹੰਨਾ ਨੂੰ ਕਲੀਸਿਯਾ ਦੇ ਯੁੱਗਾਂ ਨੂੰ ਵਚਨ ਰੂਪੀ ਚਿੰਨ੍ਹਾਂ ਵਿੱਚ ਵਿਖਾਉਂਦਾ ਹੈ ਕਿ ਕਲੀਸਿਯਾ ਉਸਨੂੰ ਜਾਣ ਜਾਵੇ। ਲੇਲੇ ਨੇ ਉਸਨੂੰ ਸਿਰਫ ਉਹ ਵਿਖਾਇਆ ਜੋ ਲਿਖਿਆ ਜਾਣਾ ਹੈ। ਆਖਿਆ, ਹੁਣ ਤੂੰ ਇਹ ਨਾ ਦੱਸਣਾ ਕਿ ਇਹ ਕੀ ਹੈ। ਯੂਹੰਨਾ ਥੱਲੇ ਜਾ ਕੇ ਤੂੰ ਇਹ ਨਾ ਆਖਣਾ, ਕਿ ਇਹ ਆਹ ਹੈ, ਇਸ ਸੱਤਵੀਂ ਮੋਹਰ ਦੇ ਥੱਲੇ ਕੀ ਹੈ। ਤੂੰ ਥੱਲੇ ਜਾ ਕੇ ਇਹ ਨਾ ਦੱਸਣਾ। ਕਿਉਂਕਿ ਜੇ ਮੈਂ ਯੂਹੰਨਾ ਨੂੰ ਇਹ ਦੱਸ ਦਿੰਦਾ ਹਾਂ ਤਾਂ, ਸਾਰੇ ਕਲੀਸਿਯਾਈ ਯੁੱਗਾਂ ਦੀ ਯੋਜਨਾ ਖਰਾਬ ਹੋ ਜਾਵੇਗੀ। ਇਹ ਤਾਂ ਇੱਕ ਭੇਤ ਹੈ। " ਸਮਝੇ ? ਉਹ ਸਿਰਫ ਚਾਹੁੰਦਾ ਹੈ ........ਉਸਦੀ ਆਮਦ !ਹੁਣ, ਉਹਨੇ ਆਖਿਆ, " ਕੋਈ ਵੀ ਨਹੀਂ ਜਾਣਦਾ ਕਿ ਮੈਂ ਕਦੋਂ ਆਵਾਂਗਾ। ਮੈਂ ਤਾਂ ਬਸ ਆ ਰਿਹਾ ਹਾਂ। " ਵੇਖਿਆ ? ਸਮਝੇ? ਉਸਦੇ ਆਉਣ ਦੇ ਬਾਰੇ ਵਿੱਚ ਸਿਰਫ ਇੰਨਾ ਹੀ ਹੈ। ਇਹ ਜਾਨਣਾ ਮੇਰਾ ਕੰਮ ਨਹੀਂ ਹੈ ਕਿ ਉਹ ਕਦ ਆ ਰਿਹਾ ਹੈ। ਤੁਸੀਂ ਸਮਝਦੇ ਹੋ, ਮੈਂ ਤਾਂ ਕੇਵਲ ਤਿਆਰ ਰਹਾਂਗਾ। ਇਸ ਲਈ ਤਦ ਉਹਨੇ ਆਖਿਆ.....

ਹੁਣ ਯੂਹੰਨਾ ਅਗਾਂਹ ਵਧਿਆ, ਉਸਨੇ ਸੋਚਿਆ, " ਮੈਂ ਇਸਨੂੰ ਹੁਣ ਵੇਖਾਂਗਾ। "

172 ਅਤੇ ਜਦ ਯੂਹੰਨਾ ਅੱਗਾਂਹ ਵਧਿਆ, ਤਾਂ ਉਸਨੇ ਕੀ ਕੀਤਾ ਸੀ ? ਉਹ, ਹੁਣ, ਉਸਦੇ ਕੋਲ ਲਿਖਣ ਲਈ ਕੀ ਸੀ ? ਹੁਣ ਉਸਦੇ ਕੋਲ ਕਲੀਸਿਯਾ ਦੇ ਯੁੱਗਾਂ ਲਈ ਲਿਖਣ ਲਈ ਕੁਝ ਸੀ। ਇਹ ਹੀ ਉਹ ਸੀ ਜੋ ਉਸਦੇ ਕੋਲ ਕਰਨ ਨੂੰ ਸੀ, ਉਹਨੇ ਇਹਨੂੰ ਕਲੀਸਿਯਾ ਦੇ ਯੁੱਗਾਂ ਨੂੰ ਲਿਖਣਾ ਸੀ। "ਜੋ ਤੂੰ ਸ਼ੁਰੂ ਵਿੱਚ ਇਹਨਾਂ ਸੱਤ ਸੋਨੇ ਦੇ ਸ਼ਮਾਦਾਨਾਂ ਦੇ ਬਾਰੇ ਵੇਖਿਆ ਹੈ ਉਹਨੂੰ ਲਿਖ ਦੇ। ਤੂੰ ਕਲੀਸਿਯਾ ਲਈ ਇਹ ਲਿਖ ਅਤੇ ਉਹਨੂੰ ਇਸਦੇ ਬਾਰੇ ਵਿੱਚ ਦੱਸ।।" ਠੀਕ ਹੈ।

173 ਅਤੇ ਇੱਕ ਗਰਜ਼ ਹੋਈ। ਯੂਹੰਨਾ ਜਾਣਦਾ ਸੀ ਕਿ ਇਹ ਪ੍ਰਮੇਸ਼ੁਰ ਦੀ ਅਵਾਜ਼ ਹੈ। ਅਤੇ ਫਿਰ ਸ਼ੇਰ ਦੇ ਵਰਗੇ ਜੰਤੂ ਨੇ ਆਖਿਆ, " ਆ ਅਤੇ ਵੇਖ ਕਿ ਇਹ ਕੀ ਹੈ। " ਅਤੇ ਯੂਹੰਨਾ ਹੁਣ ਆਪਣੀ ਕਲਮ ਲੈ ਕੇ ਅਗਾਂਹ ਵੱਧਦਾ ਹੈ, ਜਿਹਨਾਂ ਨੂੰ ਉਹ ਵੇਖਣ ਲਈ ਜਾ ਰਿਹਾ ਸੀ।

174 ਹੁਣ, ਯੂਹੰਨਾ ਨੇ ਕਦੇ ਵੀ ਪੂਰੀ ਤਰ੍ਹਾਂ ਇਹ ਨਹੀਂ ਵੇਖਿਆ ਸੀ ਕਿ ਇਹ ਕੀ ਸੀ। ਉਹ ਇਸਨੂੰ ਕਦੇ ਵੀ ਨਹੀਂ ਸਮਝਿਆ ਸੀ। ਪ੍ਰੰਤੂ ਉਸਨੇ ਸਿਰਫ ਇਹ ਵੇਖਿਆ ਸੀ ਜੋ ਪ੍ਰਮੇਸ਼ੁਰ ਕਲੀਸਿਯਾ ਲਈ "ਇੱਕ ਸਮੇਂ " ਦੇ ਲਈ ਭੇਜ ਰਿਹਾ ਸੀ। ਹੁਣ, ਉਸਨੇ ਕਰਨਾ ਹੈ .........ਉਹ ਕਰੇਗਾ ; ਉਸਨੇ ਹਮੇਸ਼ਾਂ ਕੀਤਾ ਹੈ ; ਉਹ ਇਸਨੂੰ ਤਦ ਸੱਪਸ਼ਟ ਕਰਦਾ ਹੈ ਜਦ ਇਸਨੂੰ ਸਪੱਸ਼ਟ ਕਰਨ ਦਾ ਸਮਾਂ ਹੁੰਦਾ ਹੈ।ਪ੍ਰੰਤੂ ਉਸ ਵੇਲੇ ਉਸਨੇ ਇਸਨੂੰ ਸਪੱਸ਼ਟ ਨਹੀਂ ਕੀਤਾ ਸੀ। ਭਲਾ ਕਿਉਂ ? ਕਿਉਂਕਿ ਉਹਨੇ ਇਸਨੂੰ ਆਖਰੀ ਯੁੱਗ ਤੱਕ ਗੁਪਤ ਰੱਖਣਾ ਸੀ। ਅਤੇ ਆਖਰੀ ਦੂਤ ਦੇ ਸੰਦੇਸ਼ ਦੇ ਰਾਹੀਂ ਇਹਨਾਂ ਭੇਤਾਂ ਨੂੰ ਪ੍ਰਗਟ ਕਰਨਾ ਸੀ। ਸਮਝੇ ?

175 ਉਸ ਸਮੇਂ ਇਸਨੂੰ ਸਪੱਸ਼ਟ ਨਹੀਂ ਕੀਤਾ ਗਿਆ ਸੀ। ਪ੍ਰੰਤੂ ਯੂਹੰਨਾ ਨੇ ਜੋ ਵੇਖਿਆ ਸੀ, " ਉਸਨੇ ਇੱਕ ਨੁਕਰਾ ਘੋੜਾ ਅਤੇ ਉਸਦਾ ਸਵਾਰ ਵੇਖਿਆ, " ਅਤੇ ਜਦ ਉਸਨੇ ਇਹ ਵੇਖਿਆ ਤਾਂ, ਇਹੋ ਕੁਝ ਹੀ ਉਸਨੇ ਲਿਖਿਆ।

ਇਹੋ ਹੀ ਉਸ ਨੇ ਆਖਿਆ, "ਆ ਅਤੇ ਵੇਖ। "

176 ਇਸ ਲਈ ਯੂਹੰਨਾ ਇਹ ਵੇਖਣ ਲਈ ਗਿਆ, ਕਿ ਉਹ ਕਲੀਸਿਯਾ ਲਈ ਲਿਖਣ ਨੂੰ ਕੀ ਵੇਖ ਸੱਕਦਾ ਹੈ। ਅਤੇ ਜਦ ਉਹ ਗਿਆ ਤੇ ਉਸਨੇ ਵੇਖਿਆ, " ਇੱਕ ਨੁਕਰਾ ਘੋੜਾ ਹੈ, ਅਤੇ ਜਿਹੜਾ ਉਸ ਘੋੜੇ ਉੱਤੇ ਬੈਠਾ ਹੈ, ਉਸਦੇ ਕੋਲ ਕਮਾਣ ਸੀ। ਫਿਰ ਉਹਨੂੰ ਇੱਕ ਮੁਕਟ ਦਿੱਤਾ ਗਿਆ ਅਤੇ ਉਹ ਫਤਿਹ ਕਰਦਿਆਂ ਅਤੇ ਫਤਹਿ ਕਰਨ ਨੂੰ ਨਿੱਕਲ ਤੁਰਿਆ। " ਅਤੇ ਬਸ ਏਨਾ ਹੀ ਯੂਹੰਨਾ ਨੇ ਵੇਖਿਆ ਸੀ, ਅਤੇ ਉਹ ਹੀ ਉਸਨੇ ਲਿਖ ਦਿੱਤਾ ਸੀ। ਹੁਣ ਇਹ ਸੱਭ ਚਿੰਨ੍ਹ ਦੇ ਰੂਪ ਵਿੱਚ ਸੀ। ਹੁਣ, ਇਸੇ ਹੀ ਢੰਗ ਦੇ ਨਾਲ ਕਲੀਸਿਯਾ ਨੇ ਇਹਨੂੰ ਕਬੂਲ ਕੀਤਾ ਹੈ।

177 ਪ੍ਰੰਤੂ ਆਪਣੇ ਵਾਇਦੇ ਅਨੁਸਾਰ ਪ੍ਰਮੇਸ਼ੁਰ ਇਸਨੂੰ ਅੰਤ ਦੇ ਦਿਨਾਂ ਵਿੱਚ ਪ੍ਰਗਟ ਕਰੇਗਾ, ਉਹ ਇਸਨੂੰ ਵਿਖਾਏਗਾ ਕਿ ਇਹ ਕੀ ਹੈ। ਪ੍ਰਮੇਸ਼ੁਰ ਇਸਨੂੰ ਸਮਝਣ, ਵਿੱਚ ਸਾਡੀ ਮੱਦਦ ਕਰੇ। ਕਲੀਸਿਯਾ ਦੇ ਯੁੱਗਾਂ ਨੂੰ ਇਸ ਆਖਰੀ ਕਲੀਸਿਯਾ ਦੇ ਯੁੱਗ ਦੇ ਸੱਤਵੇਂ ਸੰਦੇਸ਼ ਤੱਕ ਜਾਣੂ ਨਹੀਂ ਕਰਾਇਆ ਗਿਆ ਸੀ। ਧਿਆਨ ਦਿਓ, ਹੁਣ ਉਹ ਸ਼ੁਰੂ ਕਰਦਾ ਹੈ ...........

178 ਜੇ ਤੁਸੀਂ ਇਹਦੇ ਤੇ ਧਿਆਨ ਦਿਓ, ਤਾਂ ਤੁਸੀਂ ਵੇਖੋਗੇ ਕਿ ਸੱਤਵੀਂ ਕਲੀਸਿਯਾ ਦਾ ਇਹ ਦੂਤ ਕੋਈ ਜੱਥੇਬੰਦੀ ਸ਼ੁਰੂ ਨਹੀਂ ਕਰਦਾ ਹੈ ਜਿਵੇਂ ਉਹਨਾਂ ਬਾਕੀ ਸਾਰਿਆਂ ਨੇ ਕੀਤੀਆਂ। ਯਾਦ ਰੱਖੋ, ਉਹ ਕੋਈ ਮਿਸ਼ਨ ਸ਼ੁਰੂ ਨਹੀਂ ਕਰਦਾ ਹੈ ........ ਜੀ ਨਹੀਂ, ਉਹ ਇਸ ਤਰ੍ਹਾਂ ਨਹੀਂ ਕਰਦਾ ਹੈ। ਜੇ ਤੁਸੀਂ ਧਿਆਨ ਦਿਓ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਉਹ ਇਹਨਾਂ ਜੱਥੇਬੰਦੀਆਂ ਦੇ ਵਿਰੁੱਧ ਹੈ। ਕੀ ਏਲੀਯਾਹ ਸੀ, ਕੀ ਏਲੀਯਾਹ ਇਸਦੇ ਵਿਰੁੱਧ ਸੀ ? ਬੇਸ਼ੱਕ, ਉਹ ਵਿਰੁੱਧ ਸੀ। ਕੀ ਯੂਹੰਨਾ ਬਪਤਿਸਮਾ ਦੇਣ ਵਾਲਾ ਜੋ ਕਿ ਏਲੀਯਾਹ ਦੇ ਆਤਮਾ ਨਾਲ ਭਰਪੂਰ ਸੀ, ਇਸਦੇ ਵਿਰੁੱਧ ਸੀ ? ਪੱਕੀ ਗੱਲ ਹੈ ਕਿ ਉਹ ਇਸਦੇ ਵਿਰੁੱਧ ਸੀ।



ਖੁਦਾ ਦਾ ਵਚਨ ਹੋਣ ਕਰਕੇ ਅਸੀਂ ਇਸਦਾ ਇਨਕਾਰ ਨਹੀਂ ਕਰ ਸੱਕਦੇ ਹਾਂ। ਜੇ ਅਸੀਂ ਇਸ ਤਰ੍ਹਾਂ ਕਰਦੇ ਹਾਂ ਤਾਂ ਅਸੀਂ ਨਾਸਤਕ ਹਾਂ। ਵੇਖੋ, ਅਸੀਂ ਤਾਂ ਇਸਦਾ ਵਿਸ਼ਵਾਸ਼ ਕਰਨਾ ਹੀ ਹੈ। ਤੁਸੀਂ ਕਹਿੰਦੇ ਹੋ, " ਮੈਂ ਇਹਨੂੰ ਨਹੀਂ ਸਮਝਦਾ ਹਾਂ। " ਨਾ ਹੀ ਮੈਂ ਇਹਨੂੰ ਸਮਝਦਾ ਹਾਂ। ਪ੍ਰੰਤੂ ਮੈਂ ਤਾਂ ਪ੍ਰਮੇਸ਼ੁਰ ਦੀ ਵੱਲ ਵੇਖ ਰਿਹਾਂ ਹਾਂ ਕਿ ਇਹ ਪ੍ਰਗਟ ਹੋਵੇ। ਵੇਖੋ।

*ਤਾਂ ਵੇਖੋ ਉਹ ਦਿਨ ਆਉਂਦਾ ਹੈ, ਤੰਦੂਰ ਵਾਗੂੰ ਸਾੜਨ ਵਾਲਾ। ਸਾਰੇ ਆਕੜ ਬਾਜ਼* ( ਸੱਭ ਅਮਰੀਕਾ ਵਾਸੀ ਅਤੇ ਹੋਰ ਹੋਰ) *ਅਤੇ ਸਾਰੇ ਦੁਸ਼ਟ ਭੁਠਾ ਹੋਣਗੇ,* ( ਇਹ ਸਾੜੇ ਜਾਣਗੇ) *ਉਹ ਦਿਨ ਉਹਨਾਂ ਨੂੰ ਸਾੜਨ ਲਈ ਆਉਂਦਾ ਹੈ, ਸੈਨਾ ਦਾ ਯਹੋਵਾਹ ਆਖਦਾ ਹੈ, ਉਹ ਉਹਨਾਂ ਲਈ ਟੁੰਡ ਮੁੰਡ ਨਾ ਛੱਡੇਗਾ।*

227 ਤਾਂ ਫਿਰ ਤੁਹਾਡੇ ਕੋਲ ਸਦੀਪਕ ਨਰਕ ਕਿਵੇਂ ਹੈ ?ਵੇਖੋ, ਇਹ ਅੰਤ ਦੇ ਦਿਨ ਹਨ ਜਦ ਇਹ ਗੱਲਾਂ ਪ੍ਰਗਟ ਹੋ ਰਹੀਆਂ ਹਨ।ਬਾਈਬਲ ਵਿੱਚ ਕਿਸੇ ਵੀ ਜਗ੍ਹਾ ਸਦੀਪਕ ਨਰਕ ਦਾ ਜਿਕਰ ਨਹੀਂ ਹੈ। ਇਸ ਲਈ ਜੇ ਸਦੀਪਕ ਨਰਕ ਹੈ ਤਾਂ ਉੱਥੇ ਰਹਿਣ ਲਈ ਤੁਹਾਡੇ ਕੋਲ ਸਦੀਪਕ ਜੀਵਨ ਹੈ। ਸਦੀਪਕ ਜੀਉਣ ਦਾ ਕੇਵਲ ਇੱਕ ਹੀ ਰੂਪ ਹੈ, ਅਤੇ ਉਹ ਇਹ ਹੈ ਜਿਹਦੇ ਲਈ ਅਸੀਂ ਸੰਘਰਸ਼ ਕਰ ਰਹੇ ਹਾਂ। ਹਰ ਇੱਕ ਚੀਜ਼ ਜਿਸਦਾ ਸ਼ੁਰੂ ਹੈ ਉਸਦਾ ਅੰਤ ਵੀ ਹੈ। " ਨਰਕ ਤਾਂ ਸ਼ੈਤਾਨ ਅਤੇ ਉਸਦੇ ਦੂਤਾਂ ਲਈ ਤਿਆਰ ਕੀਤਾ ਗਿਆ ਸੀ ", ਤੇ ਉਸਨੂੰ ਭਸਮ ਕਰ ਦਿੱਤਾ ਜਾਵੇਗਾ, ਅਤੇ ਉਸਦਾ ਅੰਤ ਹੋ ਜਾਵੇਗਾ। ਠੀਕ ਹੈ। ਸਮਝੇ ? ਪ੍ਰੰਤੂ ਜਦ ਇਸ ਤਰ੍ਹਾਂ ਹੋਵੇਗਾ, "ਤਾਂ ਇਹ ਉਹਨਾਂ ਦਾ ਟੁੰਡ ਮੁੰਡ ਨਾ ਛੱਡੇਗਾ।"

*ਪਰ ਤੁਹਾਡੇ ਲਈ ਜਿਹੜੇ ਮੇਰੇ ਨਾਮ ਦਾ ਭੈ ਮੰਨਦੇ ਹੋ ਧਰਮ ਦਾ ਸੂਰਜ ਚੜ੍ਹੇਗਾ ਅਤੇ ਉਹ ਦੀਆਂ ਕਿਰਨਾਂ ਵਿੱਚ ਸ਼ਿਫਾ ਹੋਵੇਗੀ। ਤੁਸੀਂ ਵਾੜੇ ਦੇ ਵੱਛਿਆਂ ਵਾਗੂੰ ਬਾਹਰ ਨਿੱਕਲੋਗੇ ਅਤੇ ਕੁੱਦੋਗੇ।*

*ਤੁਸੀਂ ਦੁਸ਼ਟਾਂ ਨੂੰ ਮਿੱਧੋਗੇ, ਉਹ ਤੁਹਾਡੇ ਪੈਰਾਂ ਦੀਆਂ ਤਲੀਆਂ ਦੇ ਹੇਠ ਦੀ ਸੁਆਹ ਹੋਣਗੇ ਉਸ ਦਿਨ ਜਦ ਮੈਂ ਕੰਮ ਕਰਾਂਗਾ, ਸੈਨਾ ਦਾ ਯਹੋਵਾਹ ਆਖਦਾ ਹੈ।*

228 ਕਸ਼ਟ ਕਾਲ ਦੇ ਸਮੇਂ ਤੋਂ ਬਾਦ ਦੁਸ਼ਟ ਕਿੱਥੇ ਹੋਣਗੇ ? ਉਹ ਸੁਆਹ ਹੋਣਗੇ।

*ਤੁਸੀਂ ਮੇਰੇ ਦਾਸ ਮੂਸਾ ਦੀ ਬਿਵਸਥਾ ਨੂੰ ਚੇਤੇ ਰੱਖੋ ਅਤੇ ਬਿਧੀਆਂ ਅਤੇ ਨਿਆਵਾਂ ਨੂੰ ਜਿਨ੍ਹਾਂ ਦਾ ਮੈਂ ਸਾਰੇ ਇਸਰਾਏਲ ਲਈ ਹੋਰੇਬ ਵਿੱਚ ਹੁਕਮ ਦਿੱਤਾ।*

*ਵੇਖੋ ਮੈਂ ਏਲੀਯਾਹ ਨਬੀ ਨੂੰ ਤੁਹਾਡੇ ਲਈ ਘੱਲਾਂਗਾ ਏਸ ਤੋਂ ਪਹਿਲਾਂ ਕਿ ਯਹੋਵਾਹ ਦਾ ਵੱਡਾ ਅਤੇ ਭੈਦਾਇਕ ਦਿਨ ਆਵੇ।*

229 ਆਮੀਨ! ਇੱਥੇ ਪੁਰਾਣਾ ਨੇਮ ਇਸ ਤਰ੍ਹਾਂ ਖਤਮ ਹੋ ਰਿਹਾ ਹੈ, ਅਤੇ ਨਵੇਂ ਨੇਮ ਦੀ ਸਮਾਪਤੀ ਵੀ ਬਿਲਕੁੱਲ ਇਸੇ ਤਰ੍ਹਾਂ ਹੀ ਹੋ ਰਹੀ ਹੈ। ਤੁਸੀਂ ਇਸ ਸੱਚਾਈ ਨੂੰ ਕਿਵੇਂ ਅਣ ਦੇਖਿਆ ਕਰ ਸੱਕਦੇ ਹੋ? ਤੁਸੀਂ ਇਸ ਤਰ੍ਹਾਂ ਨਹੀਂ ਕਰ ਸੱਕਦੇ ਹੋ। ਵੇਖੋ, "ਉਸ ਦਿਨ ਦੇ ਆਉਣ ਤੋਂ ਪਹਿਲਾਂ ਮੈਂ ਤੁਹਾਡੇ ਕੋਲ ਏਲੀਯਾਹ ਨਬੀ ਨੂੰ ਭੇਜਾਂਗਾ।"

ਹੈ। ਹੁਣ, ਹਿਟਲਰ ਨੇ ਉਹ ਸੱਭ ਪੂਰਾ ਕੀਤਾ ਜੋ ਲੂਥਰ ਨੇ ਕਿਹਾ ਸੀ। ਮਾਰਟਿਨ ਲੂਥਰ ਨੇ ਇਹ ਗੱਲ ਕਿਉਂ ਆਖੀ ? ਕਿਉਂਕਿ ਉਹ ਇੱਕ ਸੁਧਾਰਕ ਸੀ ਪਰ ਨਬੀ ਨਹੀਂ ਸੀ।

219 ਖੁਦਾ ਨੇ ਕਿਹਾ, " ਮੇਰੇ ਨਬੀ ਨੇ ਇਸਰਾਏਲ ਨੂੰ ਬਰਕਤ ਦਿੱਤੀ ਹੈ, ਉਸਨੇ ਕਿਹਾ ਸੀ, ' ਜਿਹੜਾ ਤੈਨੂੰ ਬਰਕਤ ਦੇਵੇਗਾ ਉਹ ਬਰਕਤ ਪਾਵੇਗਾ, ਅਤੇ ਜਿਹੜਾ ਤੈਨੂੰ ਸਰਾਪ ਦੇਵੇ ਉਹ ਸਰਾਪੀ ਹੋਵੇਗਾ। '' ਕਿਵੇਂ ਇੱਕ ਨਬੀ ਖੜਾ ਹੋ ਕੇ ਦੂਸਰੇ ਨਬੀ ਦੀ ਕਹੀ ਹੋਈ ਗੱਲ ਨੂੰ ਨਕਾਰ ਸੱਕਦਾ ਹੈ? ਉਹ ਇਸ ਤਰ੍ਹਾਂ ਨਹੀਂ ਕਰ ਸੱਕਦਾ ਹੈ। ਉਹ ਤਾਂ ਇੱਕ ਹੀ ਤਾਲ ਜਾਂ ਤਰਜ਼ ਵਿੱਚ ਹੋਣੇ ਚਾਹੀਦੇ ਹਨ।

220 ਇਹ ਹੀ ਕਾਰਨ ਹੈ ਕਿ ਉਹ ਸ਼੍ਰੇਣੀ .......ਵੇਖੋ, ਜਰਮਨ ਨੂੰ ਇੱਕ ਮਸੀਹੀ ਦੇਸ਼ ਹੋਣਾ ਚਾਹੀਦਾ ਸੀ, ਇਹ ਹੀ ਕਾਰਨ ਹੈ ਕਿ ਉਹਨਾਂ ਨੇ ਇਸਰਾਏਲ ਨਾਲ ਇਸ ਤਰ੍ਹਾਂ ਦਾ ਵਿਵਹਾਰ ਕੀਤਾ! ਉਹਨਾਂ ਦੇ ਮੋਢਿਆਂ ਉੱਤੇ ਹਾਲੇ ਵੀ ਲਾਠੀ ਹੈ, ਅਤੇ ਤੁਸੀਂ ਉਹਨਾਂ ਨੂੰ ਦੋਸ਼ ਨਹੀਂ ਦੇ ਸੱਕਦੇ। ਪਰ ਬਸ ਇਹ ਯਾਦ ਰੱਖੋ, ਯਹੂਦੀ ਜੋ ਇੱਥੇ ਬੈਠੇ ਹਨ, ਤੁਸੀਂ ਚਿੰਤਾ ਨਾ ਕਰੋ, ਉਹ ਦਿਨ ਆ ਰਿਹਾ ਹੈ !ਪ੍ਰਮੇਸ਼ੁਰ ਉਹਨਾਂ ਨੂੰ ਕਦੇ ਵੀ ਨਹੀਂ ਭੁਲਾ ਸੱਕਦਾ। ਉਹ ਸਾਡੀ ਖਾਤਰ ਅੰਨ੍ਹੇ ਕੀਤੇ ਗਏ ਸਨ।

221 ਤੁਸੀਂ ਜਾਣਦੇ ਹੋ, ਉਹਨੇ ਨਬੀ ਨੂੰ ਅਖਿਆ, ਉਹ .........ਨਬੀ ਦੁਹਾਈ ਦੇ ਉੱਠਿਆ ਤੇ ਆਖਿਆ, " ਕੀ ਤੂੰ ਇਸਰਾਏਲ ਨੂੰ ਭੁੱਲ ਜਾਵੇਂਗਾ?"

222 ਖੁਦਾ ਨੇ ਕਿਹਾ, " ਉਹ ਨਾਪਣ ਲਈ ਸੋਟੀ ਲੈ ;ਅਤੇ ਨਾਪ ਕਿ ਅਕਾਸ਼ ਕਿੰਨਾ ਉੱਚਾ ਹੈ? ਸਮੁੰਦਰ ਕਿੰਨਾ ਡੂੰਘਾ ਹੈ ? "

ਉਸਨੇ ਕਿਹਾ, " ਮੈਂ ਇਸਨੂੰ ਨਹੀਂ ਨਾਪ ਸੱਕਦਾ ਹਾਂ। "

223 ਪ੍ਰਮੇਸ਼ੁਰ ਨੇ ਕਿਹਾ, " ਮੈਂ ਵੀ ਇਸਰਾਏਲ ਨੂੰ ਕਦੇ ਨਹੀਂ ਭੁੱਲ ਸੱਕਦਾ। " ਉਹ ਉਸਦੇ ਆਪਣੇ ਲੋਕ ਹਨ, ਉਹ ਉਸਦੇ ਸੇਵਕ ਹਨ।

224 ਅਤੇ ਉਸਦੀ ਦੁਲਹਨ ਹੋਣ ਲਈ ਗੈਰ ਕੋਮਾਂ ਵਿੱਚੋਂ ਬਹੁਤ ਹੀ ਥੋੜਿਆ ਲੋਕਾਂ ਨੂੰ ਲਿਆ ਜਾਵੇਗਾ। ਇਹ ਬਿਲਕੁੱਲ ਠੀਕ ਹੈ। ਇਹ ਉਸਦੀ ਦੁਲਹਨ ਹੈ।

225 ਹੁਣ ਸੱਤਰ ਸਾਤੇ ਰੱਖੇ ਗਏ ਸਨ, ਅਤੇ ਇਹ ਬਿਲਕੁੱਲ ਉਸੇ ਤਰ੍ਹਾਂ ਹੀ ਪੂਰੇ ਹੁੰਦੇ ਹਨ ਜਿਵੇਂ ਕਿ ਦਾਨੀਏਲ ਦੀ ਪੋਥੀ ਵਿੱਚ ਕਿਹਾ ਗਿਆ ਹੈ ਕਿ ਮਸੀਹ ਆਵੇਗਾ ਅਤੇ ਸਾਤੇ ਦੇ ਵਿਚਕਾਰ ਕੱਟਿਆ ਜਾਵੇਗਾ।ਅਤੇ ਯਿਸੂ ਨੇ ਸਾਢੇ ਤਿੰਨ ਸਾਲ ਤੱਕ ਭਵਿੱਖਬਾਣੀ ਕੀਤੀ ਸੀ। ਹੁਣ ਦਾਨੀਏਲ ਦੇ ਇਹਨਾਂ ਸਾਡੇ ਤਿੰਨ ਸਾਲਾਂ ਦੇ ਵਿਚਕਾਰ, ਇਹਦੇ ਵਿਚਕਾਏ ਮਸੀਹ ਮਾਰਿਆ ਗਿਆ ਸੀ।ਪਰ ਹੁਣ ਆਖਰੀ ਭਾਗ ਬਾਕੀ ਹੈ ਜਿਹੜਾ ਕਿ ਕਸ਼ਟ ਕਾਲ ਦਾ ਸਮਾਂ ਹੈ, ਜਿਹੜਾ ਕਿ ਗੈਰ ਕੋਮਾਂ ਦੀ ਕਲੀਸਿਯਾ ਲਈ ਹੈ। ਉਹ ਇਹ ਕੇਡਾ ਮਹਾਨ ਹੈ ! ਹੁਣ ਨਹੀਂ.......... ਲਾੜੀ ਲਾੜੇ ਦੇ ਨਾਲ ਅੰਦਰ ਜਾਂਦੀ ਹੈ ; ਅਤੇ ਫਿਰ ਹਜਾਰ ਸਾਲ ਦੇ ਰਾਜ ਤੋਂ ਬਾਦ, ਉਹ ਦੁਸ਼ਟਾਂ ਦੀ ਰਾਖ ਉੱਤੇ ਤੁਰੇਗੀ।

226 ਹੁਣ ਮੈਂ ਤੁਹਾਨੂੰ ਇੱਥੇ ਕੁਝ ਵਿਖਾਉਂਦਾ ਹਾਂ, ਜਦ ਕਿ ਹੁਣ ਇਹ ਸਾਡੇ ਜ਼ਿਹਨ ਵਿੱਚ ਹੈ।ਆਓ ਮੈਂ ਤੁਹਾਨੂੰ ਵਿਖਾਉਂਦਾ ਹਾਂ ਕਿ ਇਹਨੇ ਅਰਥਾਤ ਬਾਈਬਲ ਨੇ ਕੀ ਆਖਿਆ ਹੈ। ਕਿਉਂਕਿ



179 ਏਲੀਯਾਹ ਦਾ ਆਤਮਾ ਕਿਸ ਕਿਸਮ ਦਾ ਸੀ ? ਉਹ ਸੀ ....... ਕੋਈ ਵੀ ਏਲੀਯਾਹ ਦੇ ਬਾਰੇ ਵਿੱਚ ਜਿਆਦਾ ਨਹੀਂ ਜਾਣਦਾ ਹੈ। ਉਹ ਬਸ ਇੱਕ ਮਨੁੱਖ ਸੀ, ਪ੍ਰੰਤੂ ਉਹ ਤਾਂ ਨਬੀ ਸੀ।ਉਹਨੂੰ ਨਫਰਤ ਕੀਤੀ ਗਈ ਸੀ। ਮੇਰੇ ਖੁਦਾ !ਉਹ ਕਿਸ ਸਮੇਂ ਵਿੱਚ ਉੱਠ ਖਲੋਤਾ ? ਠੀਕ ਇਸਰਾਈਲ ਦੀ ਪ੍ਰਸਿੱਧੀ ਦੇ ਦਿਨਾਂ ਵਿੱਚ ਉਹ ਖੜਾ ਹੋਇਆ, ਜਦੋਂ ਉਹ ਸੱਭ ਸੰਸਾਰਕ ਬਣ ਗਏ ਸਨ। ਅਤੇ ਉਹ, " ਔਰਤਾਂ ਨਾਲ ਨਫਰਤ ਕਰਨ ਵਾਲਾ " ਸੀ। ਅਹ-ਅਹਹ। ਜੀ ਹਾਂ ਸ਼੍ਰੀਮਾਨ ਜੀ। ਪੱਕੀ ਗੱਲ ਹੈ ਕਿ ਉਹ ਅਜਿਹਾ ਹੀ ਸੀ। ਅਤੇ ਜੰਗਲਾਂ ਨੂੰ ਪਸੰਦ ਕਰਦਾ ਸੀ। ਏਲੀਯਾਹ ਦਾ ਸੁਭਾਅ ਇਸੇ ਤਰ੍ਹਾਂ ਦਾ ਹੀ ਸੀ।

180 ਤਦ ਉਹਨਾਂ ਲੋਕਾਂ ਨੂੰ ਇਹ ਜਾਣ ਲੈਣਾ ਚਾਹੀਦਾ ਸੀ ਕਿ ਜਦ ਉਹ, ਯੂਹੰਨਾ ਬਪਤਿਸਮਾ ਦੇਣ ਵਾਲਾ ਬਾਹਰ ਨਿੱਕਲ ਕੇ ਆਇਆ ਸੀ, ਤਾਂ ਉਹ ਉਸੇ ਆਤਮਾ ਨਾਲ ਭਰਪੂਰ ਸੀ। ਜਿਵੇਂ ਕਿ ਮੈਂ ਕੱਲ ਰਾਤ ਕਿਹਾ ਸੀ ਕਿ ਉਹ ਸ਼ਹਿਨਸ਼ਾਹਾਂ ਵਾਲੇ ਕੱਪੜੇ ਪਾ ਕੇ ਉੱਥੇ ਨਹੀਂ ਆਇਆ ਸੀ, ਜੋ ਬੱਚਿਆਂ ਨੂੰ ਚੁੰਮਦੇ ਸਨ, ਅਤੇ ਵਿਆਹ ਸ਼ਾਦੀਆਂ ਕਰਦੇ ਸਨ, ਅਤੇ ਦਫਨਾਉਂਦੇ ਅਤੇ ਹੋਰ ਕਈ ਕੁਝ ਕਰਦੇ ਸਨ। ਪ੍ਰੰਤੂ ਉਹ ਜੰਗਲ ਵਿੱਚ ਰਹਿਣ ਵਾਲੇ ਮਨੁੱਖ ਦੀ ਤਰ੍ਹਾਂ ਬਾਹਰ ਨਿੱਕਲ ਕੇ ਆਇਆ। ਉਹ ਕੌਣ ਸੀ ? ਉਹ ਜੰਗਲਾਂ ਨੂੰ ਪਿਆਰ ਕਰਨ ਵਾਲਾ ਸੀ। ਇਸ ਤੋਂ ਇਲਾਵਾ ਜਿਹੜਾ ਉਸਨੇ ਕੰਮ ਕੀਤਾ ਉਹ ਇਹ ਸੀ ਕਿ ਉਸਨੇ ਫਿਰਕਾਪਰਸਤੀਆਂ ਨਾਲ ਘਿਰਨਾ ਕੀਤੀ। ਉਸਨੇ ਕਿਹਾ," ਹੁਣ ਤੁਸੀਂ ਇਹ ਨਾ ਕਹੋ, ਅਸੀਂ ਇਸਦੇ ਨਾਲ ਜਾਂ ਉਸਦੇ ਨਾਲ ਸਬੰਧ ਰੱਖਦੇ ਹਾਂ, ਮੈਂ ਤੁਹਾਨੂੰ ਦੱਸਦਾ ਹਾਂ ਕਿ ਪ੍ਰਮੇਸ਼ੁਰ ਅਬਰਾਹਾਮ ਦੇ ਲਈ ਇਹਨਾਂ ਪੱਥਰਾਂ ਵਿੱਚੋਂ ਸੰਤਾਨ ਪੈਦਾ ਕਰ ਸੱਕਦਾ ਹੈ।"

181 ਉਹ ਸਮਝੋਤਾ ਕਰਨ ਵਾਲਾ ਨਹੀਂ ਸੀ। ਉਹ ਕੁਝ ਵੀ ਨਹੀਂ ਕਰ ਸਕੇ ...... ਆਖਿਆ, "ਕੀ ਤੁਸੀਂ ਹਵਾ ਦੇ ਨਾਲ ਹਿਲਦੇ ਕਾਨੇ ਨੂੰ ਵੇਖਣ ਗਏ ਸੀ ? ਯੂਹੰਨਾ ਨੂੰ ਨਹੀਂ। ਨਹੀਂ ਸ਼੍ਰੀਮਾਨ ਜੀ।

182 ਯੂਹੰਨਾ ਨੇ ਕੀ ਕੀਤਾ ? ਜਿਵੇਂ ਏਲੀਯਾਹ ਨੇ ਈਜ਼ਬਲ ਨੂੰ ਇਹ ਦੱਸਿਆ ਸੀ, ਉਹਨੇ ਹੈਰੋਦੀਸ ਨੂੰ ਦੱਸਿਆ। ਉਹ ਹੈਰੋਦੀਸ ਦੇ ਸਾਹਮਣੇ ਆਇਆ ਅਤੇ ਉਹਨੇ ਉਸਨੂੰ ਆਖਿਆ, "ਆਪਣੇ ਭਰਾ ਦੀ ਤੀਵੀਂ ਨੂੰ ਰੱਖਣਾ ਤੈਨੂੰ ਯੋਗ ਨਹੀਂ ਹੈ। " ਇਸ ਲਈ ਹੈਰੋਦੀਸ ਨੇ ਉਸਦਾ ਸਿਰ ਕਟਵਾ ਦਿੱਤਾ ਸੀ। ਸਮਝ ਲੱਗੀ ? ਉਸਨੇ ਅਲੀਸ਼ਾ ਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਬਿਲਕੁੱਲ ਓਹੀ ਆਤਮਾ ਜਿਹੜਾ ਹੈਰੋਦੀਸ ਦੇ ਅੰਦਰ ਸੀ, ਓਹੀ ਆਤਮਾ ਈਜ਼ਬਲ ਵਿੱਚ ਸੀ।

183 ਬਿਲਕੁੱਲ ਇਹੋ ਆਤਮਾ ਅੱਜ ਈਜ਼ਬਲ ਰੂਪੀ ਕਲੀਸਿਯਾ ਵਿੱਚ ਪਾਇਆ ਜਾਂਦਾ ਹੈ। ਹੁਣ ਇਸ ਤੇ ਧਿਆਨ ਦਿਓ, ਇੱਥੇ ਸਾਨੂੰ ਕੇਡੀ ਵੱਡੀ ਸਿੱਖਿਆ ਮਿਲਦੀ ਹੈ।

184 ਅਤੇ ਯੂਹੰਨਾ ਉੱਥੇ ਖੜਾ ਹੋਇਆ ਅਤੇ ਉਸਨੇ ਲੋਕਾਂ ਨੂੰ ਫਿਟਕਾਰਨਾ ਸ਼ੁਰੂ ਕੀਤਾ, ਅਤੇ ਉਹ ਉੱਥੇ ਖੜਾ ਸੀ, ਇੰਝ ਲੱਗ ਰਿਹਾ ਸੀ ਜਿਵੇਂ ਕਿ ਲੋਕ ਜਾਣ ਗਏ ਸਨ ਕਿ ਇਹ ਅਲੀਸ਼ਾ ਦਾ ਆਤਮਾ ਹੈ। ਉਹਨਾਂ ਨੂੰ ਇਹ ਸਮਝ ਜਾਣਾ ਚਾਹੀਦਾ ਸੀ। ਅਤੇ ਇਹੋ ਕੁਝ ਹੀ ਉਹ ਸੀ।

185 ਹੁਣ ਅਸੀਂ ਕਲੀਸਿਯਾ ਦੇ ਯੁੱਗਾਂ ਦੇ ਅਧਿਐਨ ਰਾਹੀਂ, ਵਚਨ ਦੇ ਰਾਹੀਂ ਇਹ ਲੱਭ ਲਿਆ ਹੈ ਕਿ ਅੰਤ ਸਮੇਂ ਤੋਂ ਪਹਿਲਾਂ ਉਸ ਆਤਮਾ ਦੇ ਫਿਰ ਦੁਬਾਰਾ ਆਉਣ ਦਾ ਵਾਇਦਾ ਕੀਤਾ ਗਿਆ ਹੈ। ਕੀ ਇਹ ਸੱਚ ਹੈ ? [ ਸੰਗਤ ਆਖਦੀ ਹੈ, " ਆਮੀਨ"-ਸੰਪਾ]

186 ਅਤੇ ਹੁਣ ਤੁਸੀਂ ਉਸਦੇ ਸੁਭਾਅ ਤੇ ਧਿਆਨ ਦਿਓ। ਹੁਣ ਉਹ ਕੋਈ ਹੋਰ ਕਲੀਸਿਯਾਈ ਯੁੱਗ ਸ਼ੁਰੂ ਨਹੀਂ ਕਰੇਗਾ, ਜਿਵੇਂ ਲੂਥਰ, ਵੈਜ਼ਲੀ ਅਤੇ ਬਾਕੀ ਸਭਨਾਂ ਨੇ ਕੀਤਾ। ਉਹ ਕਿਸੇ ਵੀ ਹੋਰ ਕਲੀਸਿਯਾ ਦੇ ਯੁੱਗ ਨੂੰ ਸ਼ੁਰੂ ਨਹੀਂ ਕਰੇਗਾ, ਕਿਉਂਕਿ ਇਸ ਤੋਂ ਬਾਦ ਕੋਈ ਹੋਰ ਕਲੀਸਿਯਾਈ ਯੁੱਗ ਅਰੰਭ ਨਹੀਂ ਹੋਵੇਗਾ।ਸਮਝੇ ? ਉਸਦੇ ਬਾਦ ਕੋਈ ਕਲੀਸਿਯਾਈ ਯੁੱਗ ਨਹੀਂ ਹੈ। ਇਸ ਲਈ ਉਹ ਤਾਂ ਇਸਦੇ ਵਿਰੁੱਧ ਹੋਵੇਗਾ, ਕਿਉਂਕਿ ਉਸਦਾ ਆਤਮਾ ਬਿਲਕੁੱਲ ਉਸੇ ਤਰ੍ਹਾਂ ਦਾ ਹੀ ਹੋਵੇਗਾ, ਜਿਵੇਂ ਉਹਨਾਂ ਦਾ ਸੀ ਜਿਹੜੇ ਪਿਛਲੇ ਸਮੇਂ ਵਿੱਚ ਹੋਏ ਸਨ।

187 ਜਿਵੇਂ ਕਿ ਮੈਂ ਪਿਛਲੀ ਰਾਤ ਕਿਹਾ ਸੀ, " ਖੁਦਾ ਨੂੰ ਇਹ ਪਸੰਦ ਆਇਆ ਕਿ ਇਸ ਆਤਮਾ ਨੂੰ ਤਿੰਨ ਵੱਖ-ਵੱਖ ਸਮਿਆਂ ਵਿੱਚ ਵਰਤੇ। ਅਤੇ ਇਹ ਹੀ ਖੁਦਾ ਦਾ ਅੰਕ ਹੈ। ਉਸਦਾ ਅੰਕ ਤਿੰਨ ਹੈ।ਦੋ ਨਹੀਂ ;ਬਲਕਿ ਉਸਦਾ ਅੰਕ ਤਿੰਨ ਹੈ। ਉਸਨੂੰ ਦੋ ਬਾਰ ਖੁਦਾ ਪਹਿਲਾਂ ਹੀ ਇਸਤੇਮਾਲ ਕਰ ਚੁੱਕਾ ਹੈ ਅਤੇ ਹੁਣ ਉਸਦਾ ਇਸਤੇਮਾਲ ਫਿਰ ਕਰੇਗਾ। ਪ੍ਰਮੇਸ਼ੁਰ ਨੇ ਇਸੇ ਤਰ੍ਹਾਂ ਹੀ ਕਿਹਾ ਹੈ, ਉਹਨੇ ਇਹ ਹੀ ਵਾਇਦਾ ਕੀਤਾ ਹੈ। ਹੁਣ ਧਿਆਨ ਦਿਓ, ਉਸਨੇ .......

188 ਹੁਣ ਧਿਆਨ ਦਿਓ, ਜਦ ਉਹ ਆਉਂਦਾ ਹੈ। ਉਹ ਕੋਈ ਫਿਰਕਾਪ੍ਰਸਤੀ ਸ਼ੁਰੂ ਨਹੀਂ ਕਰੇਗਾ, ਕਿਉਂਕਿ ਲਾਉਦੀਕੀਆ ਦੀ ਕਲੀਸਿਯਾ ਦਾ ਯੁੱਗ ਆਖਰੀ ਯੁੱਗ ਹੈ। ਅਤੇ ਸੱਤਵਾਂ ਦੂਤ ਜਿਹੜਾ ਕਿ ਸੱਤਵਾਂ ਹੈ, ਜਿਹੜਾ ਕਿ ਸੱਤਵੀਂ ਕਲੀਸਿਯਾ ਦਾ ਸੱਤਵਾਂ ਦੂਤ ਹੈ, ਇਹ ਉਹ ਵਿਅਕਤੀ ਹੈ ਜੋ ਪਵਿੱਤਰ ਆਤਮਾ ਦੇ ਰਾਹੀਂ ਇਹਨਾਂ ਸਾਰੇ ਗੁਪਤ ਭੇਤਾਂ ਨੂੰ ਪ੍ਰਗਟ ਕਰੇਗਾ। ਇਹ ਹੀ ਉਹ ਚੀਜ਼ ਹੈ ਜਿਹੜੀ ਉਹ ਕਰਨ ਜਾ ਰਿਹਾ ਹੈ ......ਕਿੰਨੇ ਲੋਕ ਕੱਲ ਰਾਤ ਇੱਥੇ ਸਨ ? ਆਓ ਤੁਹਾਡੇ ਹੱਥਾਂ ਨੂੰ ਵੇਖੀਏ। ਮੇਰਾ ਖਿਆਲ ਹੈ ਤਦ ਤਾਂ ਮੈਨੂੰ ਇਹ ਦੁਬਾਰਾ ਪੜ੍ਹਨ ਦੀ ਲੋੜ ਨਹੀਂ ਹੈ। ਤੁਸੀਂ ਜਾਣਦੇ ਹੋ ਕਿ ਇਹ ਕਿੱਥੇ ਹੈ, ਇਹ ਪ੍ਰਕਾਸ਼ ਪੋਥੀ ਦਾ 10ਵਾਂ ਅਧਿਆਇ ਹੈ। ਠੀਕ ਹੈ। ਠੀਕ ਐ।

189 ਸੁਧਾਰਕ ਉਸ ਡਿੱਗੀ ਹੋਈ ਕਲੀਸਿਯਾ ਨੂੰ ਜੋ ਕਿ ਉਹਨਾਂ ਤੋਂ ਪਹਿਲਾਂ ਸੀ ਨੂੰ ਸੁਧਾਰਨ ਲਈ ਆਏ। ਅਤੇ ਫਿਰ ਸੁਧਾਰਕਾਂ ਦੇ ਆਉਣ ਤੋਂ ਬਾਦ, ਅਤੇ ਕਲੀਸਿਯਾਈ ਯੁੱਗ ਨੂੰ ਉਸ ਸਥਿਤੀ ਤੋਂ ਜਿਸ ਵਿੱਚ ਉਹ ਸੀ, ਸੁਧਾਰਨ ਤੋਂ ਬਾਦ, ਉਹ ਕਲੀਸਿਯਾ ਫਿਰ ਦੁਬਾਰਾ ਦੁਨੀਆਦਾਰੀ ਵਿੱਚ ਚਲੀ ਜਾਂਦੀ ਹੈ, ਅਤੇ ਇੱਕ ਨਵਾਂ ਯੁੱਗ ਸ਼ੁਰੂ ਹੋ ਜਾਂਦਾ ਹੈ। ਉਹਨਾਂ ਨੇ ਹਮੇਸ਼ਾਂ ਇਸੇ ਤਰ੍ਹਾਂ ਹੀ ਕੀਤਾ। ਹੁਣ ਅਸੀਂ ਇਸਦੇ ਵਿੱਚੋਂ ਦੀ ਲੰਘ ਚੁੱਕੇ ਹਾਂ। ਸਮਝੇ ?

190 ਦੂਜੇ ਸ਼ਬਦਾਂ ਵਿੱਚ, *ਇੱਥੇ* ਰੋਮਨ ਕੈਥੋਲਿਕ ਕਲੀਸਿਯਾ ਦਾ, ਕੈਥੋਲਿਕ ਯੁੱਗ ਸੀ। ਤਾਂ ਲੂਥਰ, ਸੁਧਾਰਕ ਆਇਆ। ਉਹ ਸੁਧਾਰਕ ਆਖਵਾਇਆ। ਅਤੇ ਉਸਨੇ ਕੀ ਕੀਤਾ ? ਉਸਨੇ ਰੋਮਨ ਕੈਥੋਲਿਕ ਕਲੀਸਿਯਾ ਤੇ ਸੱਟ ਮਾਰਨੀ ਸ਼ੁਰੂ ਕੀਤੀ। ਅਤੇ ਜਦ ਉਸਨੇ ਇਸ ਤਰ੍ਹਾਂ ਕੀਤਾ ਤਾਂ ਉਸਨੇ ਰੋਮਨ ਕੈਥੋਲਿਕ ਦੀ ਵਿਰੋਧਤਾ ਕੀਤੀ। ਅਤੇ ਪਹਿਲੀ ਗੱਲ ਤੁਸੀਂ ਜਾਣਦੇ ਹੋ, ਕਿ ਉਸਨੇ ਕੀ ਕੀਤਾ ਸੀ ? ਉਸਨੇ ਵੀ ਬਿਲਕੁੱਲ ਉਸੇ ਹੀ ਚੀਜ਼ ਨੂੰ ਬਣਾ ਦਿੱਤਾ ਜਿਹਦੇ ਵਿੱਚੋਂ ਕੱਢਣ ਲਈ ਉਹ ਆਇਆ ਸੀ, ਇੱਕ ਹੋਰ ਕਲੀਸਿਯਾ ਬਣਾ ਦਿੱਤੀ।

191 ਅਤੇ ਫਿਰ ਇੱਕ ਹੋਰ ਕਲੀਸਿਯਾ ਦਾ ਯੁੱਗ ਆਉਂਦਾ ਹੈ। ਤਦ, ਪਹਿਲੀ ਗੱਲ ਤੁਸੀਂ ਜਾਣਦੇ ਹੋ, ਇੱਥੇ ਆਉਂਦਾ ਹੈ ......ਕਿ ਕਲੀਸਿਯਾਈ ਯੁੱਗ ਵਿੱਚ ਬਹੁਤ ਜਿਆਦਾ ਗੜਬੜ ਸੀ।ਤਾਂ ਇੱਕ ਹੋਰ ਸੁਧਾਰਕ ਆਇਆ, ਉਹ ਜੋਨ ਵੈਜ਼ਲੀ ਸੀ। ਵੇਖੋ, ਉਹ ਇੱਕ ਹੋਰ ਕਲੀਸਿਯਾਈ ਯੁੱਗ ਬਣਾਉਂਦਾ



ਸੱਕਦੇ ਹਨ ਕਿ ਅਚੰਭਿਆਂ ਦੇ ਦਿਨ ਬੀਤ ਗਏ ਹਨ, ਅਤੇ ਹੋਰ ਕਈ ਇਸ ਤਰ੍ਹਾਂ ਦੀਆਂ ਗੱਲਾਂ ਦੇ ਦਿਨ ਬੀਤ ਗਏ ਹਨ। ਸਿਰਫ ਪ੍ਰਕਾਸ਼ ਹੀ ਇੱਕ ਢੰਗ ਜਾਂ ਤਰੀਕਾ ਹੈ ਜਿਹਦੇ ਦੁਆਰਾ ਉਹ ਜਾਣ ਸੱਕਦੇ ਹਨ ਕਿ ਇਹ ਗਲਤ ਹੈ ਜਾਂ ਠੀਕ !ਸਮਝੇ ? ਪਰ ਉਹ ਤਾਂ ਸੈਮਨਰੀਆਂ ਤੋਂ ਸਿੱਖਿਆ ਲੈ ਕੇ ਆਏ ਹਨ। ਮੈਂ ਆਸ ਕਰਦਾ ਹਾਂ ਕਿ ਸਾਡੇ ਕੋਲ ਏਨਾ ਸਮਾਂ ਹੈ ਕਿ ਅਸੀਂ ਇਹਨੂੰ ਵੇਖ ਸਕੀਏ।

213 ਮੈਂ ਜਲਦੀ ਕਰਨਾ ਚਹੁੰਦਾ ਹਾਂ, ਕਿਉਂਕਿ ਮੈਂ ਤੁਹਾਨੂੰ ਇੱਕ ਹਫਤੇ ਤੋਂ ਵੱਧ ਇੱਥੇ ਰੋਕਣਾ ਨਹੀਂ ਚਾਹੁੰਦਾ ਹਾਂ। ਤੁਸੀਂ ਜਾਣਦੇ ਹੋ ਕਿ ਮੇਰਾ ਕਹਿਣ ਦਾ ਮਤਲਬ ਕੀ ਹੈ, ਮੈਂ ਤੁਹਾਨੂੰ ਇਹਨਾਂ ਮੋਹਰਾਂ ਦੇ ਲਈ ਇੱਕ ਹਫਤੇ ਤੋਂ ਵੱਧ ਨਹੀਂ ਰੋਕਣਾ ਚਹੁੰਦਾ ਹਾਂ। ਇੱਕ ਦਿਨ ਮੇਰੇ ਕੋਲ ਹੈ, ਉਸ ਦਿਨ ਮੈਂ ਬਿਮਾਰਾਂ ਲਈ ਦੁਆ ਕਰਨੀ ਚਹੁੰਦਾ ਹਾਂ, ਜੇ ਮੈਂ ਕਰ ਸਕਿਆ ਤਾਂ।

214 ਹੁਣ ਮਲਾਕੀ 4 ਵੇਖੋ, ਉਹ ਇੱਕ ਨਬੀ ਹੈ, ਅਤੇ " ਉਹ ਪੇਵਾਂ ਦੇ ਮੂਲ ਵਿਸ਼ਵਾਸ਼ ਨੂੰ ਬਹਾਲ ਕਰਦਾ ਹੈ।"

215 ਅੰਤ ਸਮੇਂ ਜਦ ਕਸ਼ਟ ਕਾਲ ਦਾ ਸਮਾਂ ਆਉਂਦਾ ਹੈ ..........ਹੁਣ ਇੱਥੇ ਇੱਕ ਛੋਟੀ ਜਿਹੀ ਗੱਲ ਹੈ ਅਤੇ ਅਸੀਂ ਇਸਨੂੰ ਵੇਖਣ ਲਈ ਪਿਛਾਂਹ ਜਾਵਾਂਗੇ, ਜਿੱਥੇ ਸਾਢੇ ਤਿੰਨ ਸਾਲ ਹਨ .........ਜਾਂ ਦਾਨੀਏਲ ਦੇ ਸੱਤਰ ਸਾਤਿਆਂ ਦਾ, ਆਖਰੀ ਸੱਤਰਵੇਂ ਸਾਤੇ ਦਾ ਅੱਧ ਸਾਢੇ ਤਿੰਨ ਸਾਲ ਹਨ।ਹੁਣ, ਅਸੀਂ ਕਲੀਸਿਯਾਈ ਯੁੱਗਾਂ ਵਿੱਚੋਂ ਇਹ ਗੱਲ ਕਿੰਨਿਆਂ ਨੂੰ ਯਾਦ ਹੈ ? [ ਸੰਗਤੀ ਕਹਿੰਦੀ ਹੈ, " ਆਮੀਨ। "-ਸੰਪਾ] ਸਮਝ ਲੱਗੀ ? "ਸੱਤਰ ਹਫਤੇ ਠਹਿਰਾਏ ਅਰਥਾਤ ਰੱਖੇ ਗਏ ਹਨ।" ਵੇਖੋ ਇਹ ਕਿੰਨੇ ਸੰਪੂਰਣ ਸਨ।ਆਖਿਆ ਗਿਆ ਹੈ, " ਮਸੀਹ ਆਵੇਗਾ, ਅਤੇ ਉਹ ਸਾਤੇ ਦੇ ਅੱਧ ਵਿੱਚ ਬਲੀਦਾਨ ਲਈ ਕੱਟਿਆ ਜਾਵੇਗਾ, ਅਤੇ ਨੇਮ ਤੋੜਿਆ ਜਾਵੇਗਾ।" ਪ੍ਰੰਤੂ ਯਹੂਦੀਆਂ ਨੂੰ ਮਸੀਹ ਦੇ ਬਾਰੇ ਵਿੱਚ ਸਿੱਖਿਆ ਦੇਣ ਲਈ ਸਾਢੇ ਤਿੰਨ ਸਾਲ ਹਾਲੇ ਵੀ ਬਾਕੀ ਹਨ।

216 ਅਤੇ ਖੁਦਾ ਇੱਕ ਹੀ ਸਮੇਂ ਯਹੂਦੀਆਂ ਅਤੇ ਪਰਾਈਆਂ ਜਾਤਾਂ ਦੇ ਨਾਲ ਵਿਵਹਾਰ ਨਹੀਂ ਕਰਦਾ ਹੈ। ਉਹ ਇਸਰਾਏਲ ਨਾਲ ਇੱਕ ਕੌਮ ਜਾਂ ਦੇਸ਼ ਵਾਙੂ ਵਰਤਦਾ ਹੈ ਪਰ ਪਰਾਈਆਂ ਕੋਮਾਂ ਨਾਲ ਉਹ ਇੱਕਲੇ-ਇੱਕਲੇ ਨਾਲ ਵਰਤਦਾ ਹੈ। ਉਸਨੇ ਗੈਰ ਕੋਮ ਨੂੰ ਦੁਲਹਨ ਨਹੀਂ ਬਣਾਇਆ ਬਲਕਿ ਉਸਨੇ ਗੈਰ ਕੋਮਾਂ ਵਿੱਚੋਂ ਲੋਕਾਂ ਨੂੰ ਆਪਣੀ ਦੁਲਹਨ ਬਣਨ ਲਈ ਚੁਣਿਆ ਹੈ।ਸਮਝੇ ? ਹੁਣ, ਉਹ ਇਸਰਾਏਲ ਨਾਲ ਇੱਕ ਦੇਸ਼ ਦੇ ਤੌਰ ਤੇ ਵਰਤਦਾ ਹੈ।ਅਤੇ ਹੁਣ ਉਹ ( ਇਸਰਾਏਲ)ਉੱਥੇ ਇੱਕ ਦੇਸ਼ ਦੇ ਰੂਪ ਵਿੱਚ ਬੈਠਾ ਹੋਇਆ ਹੈ ਅਰਥਾਤ ਸਥਾਪਿਤ ਹੋ ਗਿਆ ਹੈ।

217 ਅੱਜ ਮੈਨੂੰ ਪਾੱਲ ਦੀ, ਪਾੱਲ ਬੋਅਡ ਦੀ ਇੱਕ ਚਿੱਠੀ ਆਈ। ਅਤੇ ਉਹ ਮੈਨੂੰ ਦੱਸ ਰਿਹਾ ਸੀ ਕਿ, ਉਹਨੇ ਕਿਹਾ, " ਭਾਈ ਬ੍ਰਾਨਹਾਮ ਇਹ ਕਿੰਨਾ ਸੱਚ ਹੈ !ਅਜੇ ਤੱਕ ਵੀ ਯਹੂਦੀ ਗੈਰ ਕੋਮਾਂ ਦੇ ਬਾਰੇ ਵਿੱਚ ਬੜਾ ਅਜੀਬ ਜਿਹਾ ਸੋਚਦੇ ਹਨ, ਉਹਨਾਂ ਨੂੰ ਕੋਈ ਪ੍ਰਵਾਹ ਨਹੀਂ ਕਿ ਕੀ ਹੋ ਗਿਆ ਹੈ।

ਯਕੀਨਨ, ਉਹ ਅਜਿਹਾ ਹੀ ਸੋਚਣਗੇ।ਉਹਨਾਂ ਨੂੰ ਅਜਿਹਾ ਹੀ ਸੋਚਣਾ ਚਾਹੀਦਾ ਹੈ।

218 ਮਾਰਟਿਨ ਲੂਥਰ ਨੇ ਇਹ ਘੋਸ਼ਣਾ ਕੀਤੀ ਸੀ, " ਸਾਰੇ ਯਹੂਦੀਆਂ ਨੂੰ ਭਜਾ ਦੇਣਾ ਚਾਹੀਦਾ ਹੈ, ਅਤੇ ਉਹਨਾਂ ਦੀਆਂ ਇਮਾਰਤਾਂ ਸਾੜੀਆਂ ਜਾਣ, ਕਿਉਂਕਿ ਉਹ ਮਸੀਹ ਵਿਰੋਧੀ ਸਨ। " ਵੇਖਿਆ? ਮਾਰਟਿਨ ਲੂਥਰ ਨੇ ਇਹ ਬਿਆਨ ਦਿੱਤਾ, ਉਸਨੇ ਖੁਦ ਆਪਣੀ ਲਿਖਤ ਵਿੱਚ ਇਸ ਤਰ੍ਹਾਂ ਆਖਿਆ

ਕਦੇ ਵੀ ਪੂਰੀ ਤਰ੍ਹਾਂ ਨਾਲ ਸਮਝ ਨਹੀਂ ਸਕੇ ਸਨ !ਸਮਝੇ ? ਹੁਣ ਜਰਾ ਮਲਾਕੀ 4 ਬਾਬ ਨੂੰ ਵੇਖੋ। ਇਹ ਚੰਗਾ ਹੋਵੇਗਾ ਕਿ ਤੁਸੀਂ ਇਸ ਤੇ ਨਿਸ਼ਾਨੀ ਲਗਾ ਦਿਓ। ਉਹ ਇੱਕ ਨਬੀ ਹੈ, "ਅਤੇ ਉਹ ਪੇਵਾਂ ਦੇ ਮੁੱਢਲੇ ਵਿਸ਼ਵਾਸ਼ ਨੂੰ ਬਹਾਲ ਕਰਦਾ ਹੈ। " ਹੁਣ ਅਸੀਂ ਇਸ ਆਦਮੀ ਦੇ ਦ੍ਰਿਸ਼ ਉੱਤੇ ਆਉਣ ਦੀ ਉਡੀਕ ਕਰ ਰਹੇ ਹਾਂ। ਉਹ ਏਨਾ ਹਲੀਮ ਹੋਵੇਗਾ ਕਿ ਲੱਖਾਂ -ਕਰੋੜਾਂ ਲੋਕ ਉਹਨੂੰ ..........ਪਰ ਇੱਕ ਛੋਟਾ ਜਿਹਾ ਝੁੰਡ ਹੋਵੇਗਾ ਜਿਹੜਾ ਕਿ ਇਸਨੂੰ ਪਛਾਣੇਗਾ।

207 ਤੁਹਾਨੂੰ ਉਹ ਦਿਨ ਯਾਦ ਹੋਵੇਗਾ, ਜਦ ਯੂਹੰਨਾ ਨੇ ਆਉਣਾ ਸੀ, ਜਦ ਇੱਕ ਦੂਤ ਨੇ ਮਸੀਹ ਦੀ ਆਮਦ ਦੇ ਅੱਗੇ ਆਉਣਾ ਸੀ, ਜਿਵੇਂ ਕਿ ਉਸਦੇ ਬਾਰੇ ਵਿੱਚ ਭਵਿੱਖਬਾਣੀ ਕੀਤੀ ਗਈ ਸੀ, " ਇੱਕ ਉਜਾੜ ਵਿੱਚ ਪੁਕਾਰਨ ਵਾਲੇ ਦੀ ਅਵਾਜ਼।" ਮਲਾਕੀ ਨੇ ਉਹਨੂੰ ਵੇਖਿਆ ਸੀ। ਵੇਖੋ, ਮਲਾਕੀ 3 ਬਾਬ ਉਸ ਏਲੀਯਾਹ ਦੇ ਬਾਰੇ ਵਿੱਚ ਦੱਸਦਾ ਹੈ ਜਿਹਨੇ ਆਉਣਾ ਸੀ, ਅਤੇ ਮਸੀਹ ਦੇ ਅੱਗੇ-ਅੱਗੇ ਚੱਲਣਾ ਸੀ।

208 ਤੁਸੀਂ ਕਹਿੰਦੇ ਹੋ, " ਔਹ, ਨਹੀਂ ਨਹੀਂ ਭਾਈ ਬ੍ਰਾਨਹਾਮ। ਇਹ ਤਾਂ 4 ਬਾਬ ਹੈ।" ਮੈਂ ਤੁਹਾਥੋਂ ਮੁਆਫੀ ਚਹੁੰਦਾ ਹਾਂ।

209 ਯਿਸੂ ਨੇ ਕਿਹਾ ਸੀ ਕਿ ਇਹ 3 ਬਾਬ ਹੈ। ਤੁਸੀਂ ਸੰਤ .......ਸੰਤ ਮੱਤੀ ਕੱਢੋ, ਉਸਦੀ 11 ਬਾਬ ਅਤੇ ਉਸਦੀ 6 ਆਇਤ ਨੂੰ ਲਓ, ਉਹ ਇਹ ਹੀ ਦੱਸੇਗਾ। ਮੈਨੂੰ ਯਕੀਨ ਹੈ ਕਿ ਇਹ 11 ਬਾਬ ਦੀ 4, 5 ਜਾਂ 6 ਆਇਤ ਹੈ। ਜਦ ਯਿਸੂ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਬਾਰੇ ਵਿੱਚ ਗੱਲਾਂ ਕਰ ਰਿਹਾ ਸੀ ਤਾਂ ਉਸਨੇ ਕਿਹਾ, " ਜੇ ਤੁਸੀਂ ਇਹਨੂੰ ਕਬੂਲ ਕਰ ਸਕੋ, ਇਹ ਉਹੋ ਹੈ ਜਿਹਦੇ ਬਾਰੇ ਵਿੱਚ ਆਖਿਆ ਗਿਆ ਸੀ, " ਵੇਖ ਮੈਂ ਆਪਣੇ ਦੂਤ ਨੂੰ ਤੇਰੇ ਅੱਗੇ ਘੱਲਦਾ ਹਾਂ। " ਹੁਣ ਮਲਾਕੀ 3 ਪੜ੍ਹੋ। ਕੁਝ ਲੋਕ ਇਸਨੂੰ ਮਲਾਕੀ 4 ਦੇ ਨਾਲ ਲਾਗੂ ਕਰਨ ਦੀ ਕੋਸ਼ਿਸ਼ ਕਰਦੇ ਹਨ। ਨਹੀਂ ਸ਼੍ਰੀਮਾਨ ਜੀ, ਇਹ ਉਹ ਨਹੀਂ ਹੈ।

210 ਮਲਾਕੀ 4 ਤੇ ਧਿਆਨ ਦਿਓ, ਜਿਉਂ ਹੀ ਇਹ ਦੂਤ ਅੱਗੇ ਚਲਾ ਜਾਂਦਾ ਹੈ, ਸੰਸਾਰ ਪੂਰੀ ਤਰ੍ਹਾਂ ਸਾੜਿਆ ਜਾਂਦਾ ਹੈ, ਅਤੇ ਧਰਮੀ ਹਜ਼ਾਰ ਸਾਲਾ ਰਾਜ਼ ਵਿੱਚ, ਦੁਸ਼ਟਾਂ ਦੀ ਰਾਖ ਉੱਤੇ ਚੱਲਣਗੇ। ਇਸ ਲਈ ਤੁਸੀਂ ਵੇਖਦੇ ਹੋ ਕਿ, ਜੇ ਤੁਸੀਂ ਇਹਦੀ ਤੁਲਨਾ ਪਿਛਲੇ ਵਾਲੇ ਦੂਤ ਅਰਥਾਤ ਯੂਹੰਨਾ ਬਪਤਿਸਮਾ ਦੇਣ ਵਾਲੇ ਨਾਲ ਕਰਦੇ ਹੋ ਤਾਂ ਬਾਈਬਲ ਨੇ ਕੁਝ ਅਜਿਹਾ ਆਖਿਆ ਹੈ ਜੋ ਅਸਲ ਵਿੱਚ ਅਜਿਹਾ ਨਹੀਂ ਸੀ। ਸਾਡੇ ਕੋਲ ਦੋ ਹਜ਼ਾਰ ਸਾਲ ਸਨ, ਪਰ ਹਾਲੇ ਤਾਈਂ ਸੰਸਾਰ ਸਾੜਿਆ ਨਹੀਂ ਗਿਆ ਹੈ, ਅਰ ਧਰਮੀ ਲੋਕ ਇੱਥੇ ਰਹਿ ਰਹੇ ਹਨ।ਇਸ ਲਈ ਇਹ ਘਟਨਾ ਤਾਂ ਭਵਿੱਖ ਵਿੱਚ ਹੀ ਹੋਵੇਗੀ।ਹੇ ਮੇਰੇ ਖੁਦਾ ! [ਭਾਈ ਬ੍ਰਾਨਹਾਮ ਆਪਣੇ ਹੱਥਾਂ ਦੇ ਨਾਲ ਇੱਕ ਵਾਰ ਤਾੜੀ ਮਾਰਦੇ ਹਨ-ਸੰਪਾ]

211 ਜੇ ਤੁਸੀਂ ਇੱਥੇ ਪ੍ਰਕਾਸ਼ ਦੀ ਪੋਥੀ ਵਿੱਚ ਵੇਖੋ, ਅਰ ਵੇਖੋ ਕਿ ਉਸ ਦੂਤ ਨੇ ਯੁੱਗ ਦੇ ਅੰਤ ਵਿੱਚ ਕੀ ਕਰਨਾ ਹੈ, ਤਦ ਤੁਹਾਨੂੰ ਪਤਾ ਲੱਗੇਗਾ ਕਿ ਉਹ ਕੌਣ ਹੈ। ਉਹ ਜਰੂਰ ਨਬੀ ਹੀ ਹੋਵੇਗਾ। ਉਸਨੇ ਉਹਨਾਂ ਤਰੁੱਟੀਆਂ ਨੂੰ ਫੜਨਾ ਹੈ ਜਿਹਨਾਂ ਨੂੰ ਸੁਧਾਰਕਾਂ ਨੇ ਨਹੀਂ ਵੇਖਿਆ, ਅਤੇ ਉਹਨਾਂ ਨੂੰ ਬਹਾਲ ਕਰਕੇ ਉੱਥੇ ਧਰੇਗਾ।

212 ਪ੍ਰਮੇਸ਼ੁਰ ਦੇ ਆਤਮਿਕ ਪ੍ਰਕਾਸ਼ ਤੋਂ ਬਿਨਾਂ ਕਿੰਝ ਮੱਤੀ 28:19 ਦੀ ਤੁਲਨਾ ਰਸੂਲਾਂ ਦੇ ਕਰਤੱਵ 2:38 ਦੇ ਨਾਲ ਹੋ ਸੱਕਦੀ ਹੈ ? ਪਰਮੇਸ਼ੁਰ ਦੇ ਪ੍ਰਕਾਸ਼ ਤੋਂ ਬਿਨਾਂ ( ਹੂਹ ! ),ਕਿੰਝ ਇਹ ਲੋਕ ਆਖ



ਹੈ। ਕੀ ਤੁਸੀਂ ਸਮਝ ਲਿਆ, ਮੇਰਾ ਕੀ ਮਤਲਬ ਹੈ ? ਤਦ ਇੱਕ ਹੋਰ ਕਲੀਸਿਯਾ ਦੇ ਯੁੱਗ ਦਾ ਨਿਰਮਾਣ ਹੁੰਦਾ ਹੈ। ਉਹ ਸਾਰੇ ਹੀ ਸੁਧਾਰਕ ਸਨ।

192 ਧਿਆਨ ਦਿਓ, ਇਸ ਆਖਰੀ ਯੁੱਗ, ਦਾ ਆਖਰੀ ਸੰਦੇਸ਼, ਸੁਧਾਰਕ ਨਹੀਂ ਹੈ। ਉਹ ਸੁਧਾਰਕ ਨਹੀਂ ਹੈ, ਉਹ ਇੱਕ ਨਬੀ ਹੈ। ਤੁਸੀਂ ਮੈਨੂੰ ਵਿਖਾਓ ਕਿ ਕਿੱਥੇ ਕਿਸੇ ਨਬੀ ਨੇ ਕਦੇ ਕੋਈ ਕਲੀਸਿਯਾਈ ਯੁੱਗ ਅਰੰਭ ਕੀਤਾ ਹੋਵੇ। ਉਹ ਸੁਧਾਰਕ ਨਹੀਂ ਹੈ। ਉਹ ਤਾਂ ਇੱਕ ਨਬੀ ਹੈ।

193 ਦੂਸਰੇ ਦੂਤ ਸੁਧਾਰਕ ਸਨ, ਪ੍ਰੰਤੂ ਉਹ ਨਬੀ ਨਹੀਂ ਸਨ। ਜੇ ਉਹ ਨਬੀ ਹੁੰਦੇ ਤਾਂ, ਪ੍ਰਮੇਸ਼ੁਰ ਦਾ ਵਚਨ ਉਹਨਾਂ ਦੇ ਕੋਲ ਆਉਣਾ ਚਾਹੀਦਾ ਸੀ। ਪ੍ਰਮੇਸ਼ੁਰ ਦਾ ਵਚਨ ਨਬੀਆਂ ਦੇ ਕੋਲ ਆਉਂਦਾ ਹੈ। ਇਹ ਹੀ ਕਾਰਨ ਸੀ ਕਿ ਉਹਨਾਂ ਨੇ, " ਪਿਤਾ . ਪੁੱਤਰ ਅਤੇ ਪਵਿੱਤਰ ਆਤਮਾ, ਦਾ ਬਪਤਿਸਮਾ ਦਿੱਤਾ ", ਅਤੇ ਹੋਰ ਸੱਭ ਚੀਜ਼ਾਂ ਕਰਦੇ ਰਹੇ, ਕਿਉਂਕਿ ਉਹ ਸੁਧਾਰਕ ਸਨ, ਪਰ ਨਬੀ ਨਹੀਂ ਸਨ।ਪਰ ਇਸਦੇ ਬਾਵਜੂਦ ਵੀ ਉਹ ਖੁਦਾ ਦੇ ਮਹਾਨ ਆਦਮੀ ਸਨ, ਅਤੇ ਉਹਨਾਂ ਨੇ ਉਸ ਸਮੇਂ ਦੀ ਲੋੜ ਨੂੰ ਵੇਖਿਆ ਜਿਹਦੇ ਵਿੱਚ ਉਹ ਰਹਿੰਦੇ ਸਨ। ਅਤੇ ਪ੍ਰਮੇਸ਼ੁਰ ਨੇ ਉਹਨਾਂ ਨੂੰ ਮਸ੍ਹਾ ਕੀਤਾ ਸੀ, ਅਤੇ ਉਹ ਉੱਥੇ ਬਾਹਰ ਗਏ ਅਤੇ ਉਹਨਾਂ ਚੀਜ਼ਾਂ ਦੇ ਟੁਕੜੇ-ਟੁਕੜੇ ਕਰ ਦਿੱਤੇ। ਪ੍ਰੰਤੂ ਪਮੇਸ਼ੁਰ ਦਾ ਪੂਰਾ ਵਚਨ ਹਰਗਿਜ਼ ਵੀ ਉਹਨਾਂ ਦੇ ਕੋਲ ਨਹੀਂ ਆਇਆ ਸੀ, ਕਿਉਂਕਿ ਉਹ ਨਬੀ ਨਹੀਂ ਸਨ। ਉਹ ਤਾਂ ਬਸ ਸੁਧਾਰਕ ਹੀ ਸਨ।

194 ਪ੍ਰੰਤੂ ਇਹਨਾਂ ਆਖਰੀ ਦਿਨਾਂ ਵਿੱਚ ਇੱਕ ਨਬੀ ਨੇ ਆਉਣਾ ਹੈ, ਕਿ ਉਹ ਪ੍ਰਮੇਸ਼ੁਰ ਦੇ ਭੇਤਾਂ ਨੂੰ ਲਵੇ, ਤਾਂ ਸੱਭ ਚੀਜ਼ਾਂ ਨੂੰ ਵਾਪਿਸ ਲਿਆਵੇ, ਕਿਉਂਕਿ ਭੇਤ ਤਾਂ ਸਿਰਫ ਨਬੀਆਂ ਦੇ ਰਾਹੀਂ ਹੀ ਜਾਣੇ ਜਾਂਦੇ ਹਨ। ਇਸ ਲਈ, ਹੁਣ ਜਿਹੜਾ ਮਨੁੱਖ ਆਵੇਗਾ, ਉਹ ਅਜਿਹਾ ਹੀ ਹੋਵੇਗਾ। ਹੁਣ ਤੁਸੀਂ ਸਮਝੇ ਮੇਰਾ ਕੀ ਮਤਲਬ ਹੈ ? ਉਹ ਸੁਧਾਰਕ ਨਹੀਂ ਹੋ ਸੱਕਦਾ। ਉਸਨੇ ਤਾਂ ਨਬੀ ਹੀ ਹੋਣਾ ਹੈ, ਕਿਉਂਕਿ ਇਹ ਕੋਈ ਅਜਿਹਾ ਵਿਅਕਤੀ ਹੋਣਾ ਹੈ ਜਿਸਦੇ ਕੋਲ ਵਰਦਾਨ ਹੋਵੇ, ਅਤੇ ਉੱਥੇ ਰੱਖਿਆ ਗਿਆ ਹੋਵੇ, ਜੋ ਕਿ ਵਚਨ ਨੂੰ ਫੜ ਲੈਂਦਾ ਹੈ।

195 ਉਹ ਸੁਧਾਰਕ ਜਾਣਦੇ ਸਨ ਕਿ ਕੋਈ ਨਾ ਕੋਈ ਗਲਤੀ ਹੈ। ਲੂਥਰ ਜਾਣਦਾ ਸੀ ਕਿ, ਉਹ ਰੋਟੀ ਮਸੀਹ ਦੀ ਦੇਹ ਨਹੀਂ ਹੈ। ਅਤੇ ਇਸੇ ਲਈ ਉਸਨੇ ਪ੍ਰਚਾਰ ਕੀਤਾ, " ਧਰਮੀ ਨਿਹਚਾ ਨਾਲ ਜੀਉਂਦਾ ਰਹੇਗਾ ", ਇਹੋ ਹੀ ਉਸਦਾ ਸੰਦੇਸ਼ ਸੀ। ਅਤੇ ਜਦ ਜੌਨ ਵੈਜ਼ਲੀ ਆਇਆ ਤਾਂ ਉਸਨੇ ਵੇਖਿਆ ਕਿ ਪਵਿੱਤਰੀਕਰਨ ( ਪਵਿੱਤਰ ਠਹਿਰਾਏ ਜਾਣ ) ਦੀ ਲੋੜ ਹੈ, ਇਸ ਲਈ ਉਸਨੇ ਪਵਿੱਤਰ ਠਹਿਰਾਏ ਜਾਣ ਉੱਤੇ ਪ੍ਰਚਾਰ ਕੀਤਾ, ਅਤੇ ਇਹ ਹੀ ਉਹਦਾ ਸੰਦੇਸ਼ ਸੀ। ਸਮਝ ਲੱਗੀ? ਪੈਂਟੀਕਾਸਟਲ ਪਵਿੱਤਰ ਆਤਮਾ ਦਾ ਬਪਤਿਸਮਾ ਅਤੇ ਬਾਕੀ ਹੋਰ ਗੱਲਾਂ ਲੈ ਕੇ ਆਏ।

196 ਪ੍ਰੰਤੂ ਅੰਤ ਦੇ ਦਿਨਾਂ ਵਿੱਚ, ਇਸ ਅੰਤ ਦੇ ਯੁੱਗ ਵਿੱਚ, ਜਿਸ ਦੂਤ ਨੇ ਆਉਣਾ ਹੈ, ਉਸਨੇ ਕਿਸੇ ਸੁਧਾਰ ਦੇ ਕੰਮ ਨੂੰ ਸ਼ੁਰੂ ਨਹੀਂ ਕਰਨਾ ਹੈ, ਪ੍ਰੰਤੂ ਉਹ ਤਾਂ ਉਹਨਾਂ ਸੱਭ ਭੇਤਾਂ ਨੂੰ ਲਵੇਗਾ ਜਿਹਨਾਂ ਨੂੰ ਸੁਧਾਰਕਾਂ ਨੇ ਛੱਡ ਦਿੱਤਾ ਸੀ ਅਤੇ ਉਹ ਇਹਨਾਂ ਸਭਨਾਂ ਭੇਤਾਂ ਨੂੰ ਇਕੱਠਿਆਂ ਕਰੇਗਾ, ਅਤੇ ਉਹਨਾਂ ਦਾ ਖੁਲਾਸਾ ਕਰਕੇ ਲੋਕਾਂ ਨੂੰ ਉਹ ਭੇਤ ਦੱਸੇਗਾ। ਆਓ ਅਸੀਂ ਇਸਨੂੰ ਫਿਰ ਪੜ੍ਹੀਏ। ਇਹ ਮੈਨੂੰ ਬਹੁਤ ਹੀ ਵਧੀਆ ਲੱਗਦਾ ਹੈ !ਮੈਂ -ਮੈਂ ਇਹਨੂੰ ਪੜ੍ਹਨਾ ਪਸੰਦ ਕਰਦਾ ਹਾਂ।

*.....ਮੈਂ ਇੱਕ ਬਲੀ ਦੂਤ ਨੂੰ ਬੱਦਲ ਪਹਿਨੀਂ ਅਕਾਸ਼ੋ ਉੱਤਰਦੇ ਵੇਖਿਆ, ਅਤੇ ਉਸਦੇ ਸਿਰ ਤੇ ਮੇਘ ਧਣੁੱਖ ਸੀ ਅਤੇ ਉਸਦਾ ਮੂੰਹ ਸੂਰਜ਼ ਵਰਗਾ ਅਤੇ ਉਸਦੇ ਪੈਰ ਅਗਨ ਦਿਆਂ ਥੰਮ੍ਹਾਂ ਵਰਗੇ ਸਨ।*

197 ਹੁਣ ਅਸੀਂ ਇਹੋ ਹੀ ਗੱਲ ਵੇਖੀ ਹੈ, ਕਿ ਇਹ ਮਸੀਹ ਸੀ। ਅਤੇ ਅਸੀਂ ਜਾਣਦੇ ਹਾਂ ਕਿ ਮਸੀਹ ਹਮੇਸ਼ਾਂ ਹੀ ਕਲੀਸਿਯਾ ਲਈ ਦੂਤ ਰਿਹਾ ਹੈ। ਠੀਕ ਹੈ। ਅਤੇ ਉਹ ਅੱਗ ਦਾ ਖੰਬਾ, ਨੇਮ ਦਾ ਦੂਤ ਅਤੇ ਹੋਰ, ਹੋਰ ਸਦਾਉਂਦਾ ਹੈ।

*ਅਤੇ ਆਪਣੇ ਹੱਥ ਵਿੱਚ ਇੱਕ ਖੁੱਲ੍ਹੀ ਹੋਈ ਛੋਟੀ ਜਿਹੀ ਪੋਥੀ ਓਸ ਨੇ ਫੜੀ ਹੋਈ ਸੀ : ....*

198 ਹੁਣ, ਇੱਥੇ ਮੋਹਰਾਂ ਖੋਲ੍ਹੀਆ ਜਾ ਚੁੱਕੀਆ ਹਨ। ਹੁਣ ਅਸੀਂ ਉਹਨਾਂ ਨੂੰ ਤੋੜ ਰਹੇ ਹਾਂ। ਪ੍ਰੰਤੂ ਇੱਥੇ ਉਹ ਪੋਥੀ ਖੁੱਲ੍ਹੀ ਹੋਈ ਹੈ।

*........ਓਸ ਨੇ ਆਪਣੇ ਸੱਜੇ ਪੈਰ ਨੂੰ ਸਮੁੰਦਰ ਉੱਤੇ ਅਤੇ ਖੱਬੇ ਨੂੰ ਧਰਤੀ ਉੱਤੇ ਟਿਕਾਇਆ।*

*ਤਾਂ ਉਸਨੇ ਵੱਡੀ ਅਵਾਜ਼ ਨਾਲ ਇਉਂ ਪੁਕਾਰਿਆ ......... ਜਿਉਂ ਬੱਬਰ ਸ਼ੇਰ ਗੱਜ਼ਦਾ ਹੈ: ਜਾਂ ਉਸਨੇ ਪੁਕਾਰਿਆ ....... ਤਾਂ ਸੱਤਾਂ ਬੱਦਲ ਦੀਆਂ ਗਰਜਾਂ ਨੇ ਆਪਣੀਆਂ ਅਵਾਜ਼ਾਂ ਦਿੱਤੀਆਂ।* (ਮੇਰੇ ਪ੍ਰਭੂ ! ਸੰਪੂਰਣ !)

*ਅਤੇ ਜਦ ਉਹ ਸੱਤੇ ਗਰਜ਼ਾਂ ਬੋਲ ਹਟੀਆਂ ਤਾਂ ਮੈਂ ਯੂਹੰਨਾ ਲਿਖਣ ਲੱਗਾ* ( ਕੀ ਲਿਖਣ ਲੱਗਾ?)

*ਅਤੇ ਮੈਂ ਇੱਕ ਅਵਾਜ* ( ਪ੍ਰਮੇਸ਼ੁਰ ਦੀ ਅਵਾਜ਼ ) *ਅਕਾਸ਼ੋਂ ਇਹ ਆਖਦੇ ਸੁਣੀ ਭਈ ਜਿਹੜੀਆਂ ਗੱਲਾਂ ਉਹਨਾਂ ਸੱਤਾਂ ਗਰਜਾਂ ਨੇ ਸੁਣਾਈਆਂ ਉਨ੍ਹਾਂ ਉੱਤੇ ਮੋਹਰ ਲਾ ਅਤੇ ਉਹਨਾਂ ਨੂੰ ਨਾ ਲਿਖ।* ਉਹਨਾਂ ਨੂੰ ਨਾ ਲਿਖ। ( ਸਮਝੇ ?)

*ਜਿਹੜੇ ਦੂਤ ਨੂੰ ਮੈਂ ਸਮੁੰਦਰ ........ਉੱਤੇ ਖਲੋਤੇ ਵੇਖਿਆ ਸੀ ਓਸ ਨੇ ਆਪਣਾ ਸੱਜਾ ਹੱਥ ਅਕਾਸ਼ ਵੱਲ ਉਠਾਇਆ, ਅਤੇ ਜਿਹੜਾ ਯੁੱਗੋ-ਯੁੱਗ ਜੀਉਂਦਾ ਹੈ ਜਿਹ ਨੇ ਅਕਾਸ਼ ਅਤੇ ਧਰਤੀ ਅਤੇ ਜੋ ਕੁਝ ਉਹ ਦੇ ਵਿੱਚ ਹੈ ਅਤੇ ਸਮੁੰਦਰ ਅਤੇ ਜੋ ਕੁਝ ਉਹ ਦੇ ਵਿੱਚ ਹੈ ਉਤਪਤ ਕੀਤਾ ਉਹ ਦੀ ਸੌਂਹ ਖਾਧੀ ਭਈ ਹੋਰ ਚਿਰ ਨਹੀਂ ਲੱਗੇਗਾ।*

199 ਧਿਆਨ ਦਿਓ! ਹੁਣ ਜਦਕਿ ਅਸੀਂ ਇਸਨੂੰ ਪੜ੍ਹਦੇ ਹਾਂ, ਤੁਸੀਂ ਇਸਨੂੰ ਭੁਲਾਇਓ ਨਾ।

*ਸਗੋਂ ਸੱਤਵੇਂ ਦੂਤ ਦੀ ਅਵਾਜ਼ ਦੇ ਦਿਨੀਂ* (ਦਿਨੀਂ ) ...........

200 ਇਹ ਆਖਰੀ ਦੂਤ, ਜਮੀਨੀ ਦੂਤ ਹੈ। *ਇਹ* ਦੂਤ ਸੁਰਗ ਤੋਂ ਆਇਆ ਹੈ। ਇਹ ਉਹ ਦੂਤ ਨਹੀਂ ਹੈ ;ਜੋ ਸੁਰਗ ਤੋਂ ਉੱਤਰਿਆ ਸੀ। ਪ੍ਰੰਤੂ ਇੱਥੇ ਉਹ ਦੂਤ ਜੋ ਸੁਰਗ ਤੋਂ ਉੱਤਰਿਆ ਸੀ, ਉਸ ਸੱਤਵੇਂ ਦੂਤ ਦੀ ਅਵਾਜ਼ ਦੇ ਬਾਰੇ ਬੋਲ ਰਿਹਾ ਹੈ, ਜਿਹੜਾ ਹੈ ........ *ਦੂਤ* ਦਾ ਅਰਥ ਹੈ " ਸੰਦੇਸ਼ਵਾਹਕ ", ਕੋਈ ਵੀ ਇਹਨੂੰ ਜਾਣਦਾ ਹੈ, ਅਤੇ ਉਹ ਕਲੀਸਿਯਾਈ ਯੁੱਗ ਦਾ ਦੂਤ ਹੈ।



*.......ਸਗੋਂ ਸੱਤਵੇਂ ਦੂਤ ਦੀ ਅਵਾਜ਼ ਦੇ ਦਿਨੀਂ ਜਾਂ ਉਹ ਤੁਰ੍ਹੀ ਵਜਾਵੇਗਾ ਤਾਂ ਪ੍ਰਮੇਸ਼ੁਰ ਦਾ ਭੇਤ* ( ਸੱਤ ਮੋਹਰਾਂ ਅਤੇ ਬਾਕੀ ਸਾਰੇ ਭੇਤ )

*ਸੰਪੂਰਨ ਹੋਵੇਗਾ ਜਿਵੇਂ ਉਹ ਨੇ ਆਪਣੇ ਦਾਸਾਂ ਨੂੰ ਅਰਥਾਤ ਨਬੀਆਂ ਨੂੰ ਇਹ ਦੀ ਖੁਸ਼ਖਬਰੀ ਦਿੱਤੀ ਸੀ।*

201 ਉਹ ਸਾਰੇ ਹੀ ਭੇਤਾਂ ਨੂੰ ਖੋਲ੍ਹੇਗਾ। ਅਤੇ ਇਹੋ ਹੀ ਉਸ ਦੂਤ ਦੀ ਸੇਵਾ ਹੈ। ਸਮਝੇ ? ਉਹ ਏਨਾ ਸਾਦਾ ਜਿਹਾ ਹੋਵੇਗਾ, ਕਿ ਲੋਕ ਉਸਦੇ ਉੱਤੋਂ ਦੀ ਲੰਘ ਜਾਣਗੇ ਅਰਥਾਤ ਉਸਨੂੰ ਸਮਝ ਨਹੀਂ ਸਕਣਗੇ। ਪਰ ਤਦ ਵੀ, ਉਸਦੀ ਪਹਿਚਾਣ ਸੰਪੂਰਣ ਤੋਰ ਤੇ ਪ੍ਰਮਾਣਿਤ ਕੀਤੀ ਜਾਵੇਗੀ। ਉਹ ਸੰਪੂਰਣ ਤੋਰ ਤੇ ਜਾਣਿਆ ਜਾਵੇਗਾ। ਸਮਝੇ ? ਹਰ ਇੱਕ ਜੋ ਉਸਨੂੰ ਵੇਖਣਾ ਚਾਹੁੰਦਾ ਹੈ ਵੇਖ ਸੱਕਦਾ ਹੈ। ਸਮਝ ਗਏ ? ਇਹ ਗੱਲ ਸਹੀ ਹੈ। ਪ੍ਰੰਤੂ ਉਹ ..........

202 ਜਦ ਯਿਸੂ ਆਇਆ ਸੀ, ਤਾਂ ਉਹਨੇ ਕਿਹਾ ਸੀ, " ਯਸਾਯਾਹ ਨਬੀ ਨੇ ਤੁਹਾਡੇ ਬਾਰੇ ਠੀਕ ਹੀ ਕਿਹਾ ਹੈ, ਤੁਹਾਡੇ ਕੋਲ ਅੱਖਾਂ ਤਾਂ ਹਨ ਪਰ ਤੁਸੀਂ ਵੇਖ ਨਹੀਂ ਸੱਕਦੇ। ਯਸਾਯਾਹ ਨੇ ਕਿਹਾ ਤੁਸੀਂ ਏਦਾਂ ਹੀ ਕੀਤਾ ਹੈ। ਸਮਝੇ ? ਅਤੇ ਤੁਹਾਡੇ ਕੋਲ ਕੰਨ ਤਾਂ ਹਨ ਪਰ ਤੁਸੀਂ ਸੁਣ ਨਹੀਂ ਸੱਕਦੇ। " ਇਸ ਲਈ ਹੁਣ ਅਸੀਂ ਵੇਖਦੇ ਹਾਂ ਕਿ ...........

203 ਹੁਣੇ ਮੈਂ ਜਦ ਘੜੀ ਵੱਲ ਵੇਖਿਆ ਤਾਂ ਮੈਂ ਸੋਚਿਆ ਦਸ ਵੱਜ ਗਏ ਹਨ। ਇਸ ਨੇ ਮੈਨੂੰ ਡਰਾ ਹੀ ਦਿੱਤਾ। ਪ੍ਰੰਤੂ ਤੁਸੀਂ ਵੇਖਦੇ ......ਹੋ ਕਿ ਹਾਲੇ ਤਾਂ ਨੌਂ ਵੀ ਨਹੀਂ ਵੱਜੇ ਹਨ। ਠੀਕ ਹੈ। ਹੇ ਮੇਰੇ ਖੁਦਾ !ਆਓ ਹੁਣ ਅਸੀਂ ਇਸਨੂੰ ਵੇਖੀਏ। ਧਿਆਨ ਦਿਓ। ਮੈਂ ਇਹਨੂੰ ਪਸੰਦ ਕਰਦਾ ਹਾਂ।

204 ਅਤੇ ਦੂਸਰੇ ਦੂਤ ਸੁਧਾਰਕ ਸਨ, ਪਰ ਪ੍ਰਮੇਸ਼ੁਰ ਦੇ ਮਹਾਨ ਲੋਕ ਹੋਣ ਦੇ ਨਾਤੇ, ਉਹਨਾਂ ਨੇ ਸਮੇਂ ਦੀ ਲੋੜ ਨੂੰ ਵੇਖਿਆ, ਅਤੇ ਉਹਨਾਂ ਨੇ ਸੁਧਾਰ ਕੀਤਾ।

205 ਪ੍ਰੰਤੂ ਪ੍ਰਕਾਸ਼ ਪੋਥੀ 10 ਦੱਸਦਾ ਹੈ ਕਿ ਉਸਦਾ ਸੰਦੇਸ਼ ਸੁਧਾਰ ਨਹੀਂ ਬਲਕਿ ਗੁਪਤ ਭੇਤਾਂ ਨੂੰ ਪ੍ਰਗਟ ਕਰੇਗਾ। ਗੁਪਤ ਭੇਤਾਂ ਨੂੰ ਪ੍ਰਗਟ ਕਰੇਗਾ !ਇਹ ਤਾਂ ਵਚਨ ਹੈ ਜੋ ਆਦਮੀ ਦੇ ਵਿੱਚ ਹੋਵੇਗਾ। ਇਬਰਾਨੀਆਂ 4 ਵਿੱਚ ਆਖਿਆ ਗਿਆ ਹੈ, " ਪ੍ਰਮੇਸ਼ੁਰ ਦਾ ਵਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋਧਾਰੀ ਤਲਵਾਰ ਨਾਲੋਂ ਤਿੱਖਾ ਹੈ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦਿਆਂ ਵਿਚਾਰਾਂ ਅਤੇ ਧਾਰਨਾ ਨੂੰ ਜਾਂਚ ਲੈਂਦਾ ਹੈ। " ਸਮਝੇ ? ਇਹ ਵਿਅਕਤੀ ਸੁਧਾਰਕ ਨਹੀਂ ਹੈ। ਇਹ ਤਾਂ ਪ੍ਰਗਟ ਕਰਨ ਵਾਲਾ (REVEALER) ਹੈ, (ਕੀ ?) ਪ੍ਰਗਟ ਕਰਨ ਵਾਲਾ ਹੈ, ਪ੍ਰਮੇਸ਼ੁਰ ਦੇ ਗੁਪਤ ਭੇਤਾਂ ਨੂੰ ਪ੍ਰਗਟ ਕਰਨਾ ਵਾਲਾ ਹੈ। ਜਿੱਥੇ ਫਿਰਕਾਪ੍ਰਸਤ ਕਲੀਸਿਯਾਵਾਂ ਨੇ ਇਹਨਾਂ ਗੱਲਾਂ ਨੂੰ ਆਪਣੇ ਹੀ ਢੰਗ ਨਾਲ ਪੇਸ਼ ਕੀਤਾ ਹੈ ਅਤੇ ਹੋਰਨਾਂ ਕਈ ਗੱਲਾਂ ਨੂੰ, ਪਰ ਇਹਨੇ ਪ੍ਰਮੇਸ਼ੁਰ ਦੇ ਵਚਨ ਦੇ ਨਾਲ ਆਉਣਾ ਹੈ ਅਤੇ ਸਾਰੀਆਂ ਗੱਲਾਂ ਨੂੰ ਪ੍ਰਗਟ ਕਰਨਾ ਹੈ।

206 ਕਿਉਂਕਿ ਉਹਨੇ ਤਾਂ, " ਬਾਲਕਾਂ ਦੇ ਵਿਸ਼ਵਾਸ਼ ਨੂੰ ਵਾਪਿਸ ਪੇਵਾਂ ਦੇ ਵਿਸ਼ਵਾਸ਼ ਵੱਲ ਨੂੰ ਮੋੜਨਾ ਹੈ। " ਅਤੇ ਬਾਈਬਲ ਦਾ ਅਸਲੀ ਵਿਸ਼ਵਾਸ਼ ਇਸ ਸੱਤਵੇਂ ਦੂਤ ਦੇ ਰਾਹੀਂ ਬਹਾਲ ਕੀਤਾ ਜਾਵੇਗਾ। ਔਹ, ਹੁਣ ਮੈਂ ਇਸਨੂੰ ਕਿੰਨਾ ਪਸੰਦ ਕਰਦਾ ਹਾਂ !ਸੁਧਾਰਕ ਮੋਹਰਾਂ ਦੇ ਗੁਪਤ ਭੇਤਾਂ ਨੂੰ